Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਬਰਲਟਨ ਪਾਰਕ ਸਪੋਰਟਸ ਹੱਬ ਪ੍ਰਾਜੈਕਟ ਨੂੰ ਲੱਗੀ ਬ੍ਰੇਕ, ਮਾਮਲਾ ਹਾਈਕੋਰਟ ’ਚ ਪਹੁੰਚਣ ਦੇ ਆਸਾਰ

**ਕੌਮੀ ਪਤ੍ਰਿਕਾ**

ਜਲੰਧਰ 11 ਅਗਸਤ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆਂ ਸਾਢੇ 3 ਸਾਲ ਹੋਣ ਨੂੰ ਹਨ ਪਰ ਜਲੰਧਰ ਵਰਗੇ ਵੱਡੇ ਸ਼ਹਿਰ ਵਿਚ ਇਸ ਪਾਰਟੀ ਦੀ ਸਰਗਰਮੀ ਦਾ ਅਸਲੀ ਅਹਿਸਾਸ ਉਦੋਂ ਹੋਇਆ, ਜਦੋਂ ਪਿਛਲੇ ਸਾਲ ਦਸੰਬਰ ਵਿਚ ਨਗਰ ਨਿਗਮ ਚੋਣਾਂ ਮੁਕੰਮਲ ਹੋਈਆਂ ਅਤੇ ਜਨਵਰੀ ਵਿਚ ਆਮ ਆਦਮੀ ਪਾਰਟੀ ਦੇ ਆਗੂ ਮੇਅਰ ਅਤੇ ਹੋਰ ਅਹੁਦਿਆਂ ’ਤੇ ਕਾਬਜ਼ ਹੋਏ। ਮੇਅਰ ਅਹੁਦਾ ਸੰਭਾਲਦੇ ਹੀ ‘ਆਪ’ ਆਗੂ ਵਿਨੀਤ ਧੀਰ ਨੇ ਸ਼ਹਿਰ ਦੀ ਬਿਹਤਰੀ ਦੀ ਦਿਸ਼ਾ ਵਿਚ ਕਈ ਅਹਿਮ ਕੰਮ ਸ਼ੁਰੂ ਕੀਤੇ। ਉਨ੍ਹਾਂ ਦੀਆਂ ਪਹਿਲਾਂ ਵਿਚ ਬਰਲਟਨ ਪਾਰਕ ਸਪੋਰਟਸ ਹੱਬ ਦਾ ਰੁਕਿਆ ਹੋਇਆ ਪ੍ਰਾਜੈਕਟ ਦੋਬਾਰਾ ਸ਼ੁਰੂ ਕਰਵਾਉਣਾ ਪ੍ਰਮੁੱਖ ਰਿਹਾ। ਇਸ ਲਈ ਉਨ੍ਹਾਂ ‘ਆਪ’ ਦੇ ਰਾਜ ਸਭਾ ਮੈਂਬਰ ਡਾ. ਅਸ਼ੋਕ ਮਿੱਤਲ ਅਤੇ ਉਦਯੋਗਪਤੀ ਨਿਤਿਨ ਕੋਹਲੀ ਦਾ ਸਹਿਯੋਗ ਲਿਆ ਅਤੇ ਕਈ ਵਾਰ ਚੰਡੀਗੜ੍ਹ ਜਾ ਕੇ ਪੁਰਾਣੇ ਠੇਕੇਦਾਰ ਨੂੰ ਫਿਰ ਤੋਂ ਕੰਮ ਸ਼ੁਰੂ ਕਰਨ ਲਈ ਰਾਜ਼ੀ ਕੀਤਾ, ਜੋ ਪਹਿਲਾਂ ਵਿਵਾਦ ਕਾਰਨ ਪ੍ਰਾਜੈਕਟ ਅਧੂਰਾ ਛੱਡ ਗਿਆ ਸੀ। ਸਪੋਰਟਸ ਹੱਬ ਪ੍ਰਾਜੈਕਟ ਦੀ ਪੁਰਾਣੀ ਫਾਈਲ ਨੂੰ ਦੋਬਾਰਾ ਮਨਜ਼ੂਰੀ ਦਿਵਾ ਕੇ ਇਸ ਦਾ ਉਦਘਾਟਨ ਖ਼ੁਦ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਥੋਂ ਕਰਵਾਇਆ ਗਿਆ। ਇਸ ਮੌਕੇ ਪੰਜਾਬ ਅਤੇ ਦਿੱਲੀ ਦੇ ਕਈ ਵੱਡੇ ‘ਆਪ’ ਆਗੂ ਵੀ ਮੌਜੂਦ ਸਨ। ਇਹ ਪ੍ਰਾਜੈਕਟ ‘ਆਪ’ ਦੀ ਸਥਾਨਕ ਲੀਡਰਸ਼ਿਪ ਲਈ ਸਿਆਸੀ ਸੰਜੀਵਨੀ ਦੇ ਰੂਪ ਵਿਚ ਦੇਖਿਆ ਜਾ ਰਿਹਾ ਸੀ ਪਰ ਹੁਣ ਇਸ ’ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਫਿਲਹਾਲ ਪ੍ਰਾਜੈਕਟ ’ਤੇ ਅਸਥਾਈ ਰੂਪ ਨਾਲ ਬ੍ਰੇਕ ਲੱਗਦੀ ਨਜ਼ਰ ਆ ਰਹੀ ਹੈ ਕਿਉਂਕਿ ਇਸ ਦੇ ਕੰਪਲੈਕਸ ਵਿਚ 56 ਹਰੇ-ਭਰੇ ਦਰੱਖਤ ਕੱਟੇ ਜਾਣ ਦਾ ਜ਼ਬਰਦਸਤ ਵਿਰੋਧ ਸ਼ੁਰੂ ਹੋ ਗਿਆ ਹੈ। ਸ਼ੁੱਕਰਵਾਰ ਨੂੰ ਇਸ ਵਿਰੋਧ ਨੇ ਉਦੋਂ ਹੋਰ ਤੂਲ ਫੜਿਆ, ਜਦੋਂ ਨਗਰ ਨਿਗਮ ਅਧਿਕਾਰੀਆਂ ਨੂੰ ਮੌਕੇ ’ਤੇ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਵਿਰੋਧ ਕਰ ਰਹੇ ਲੋਕਾਂ ਨੇ ਇਸ ਮੁੱਦੇ ’ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸ਼ਰਨ ਲੈਣ ਦਾ ਐਲਾਨ ਕਰ ਦਿੱਤਾ ਹੈ। ਬਰਲਟਨ ਪਾਰਕ ਸਪੋਰਟਸ ਹੱਬ ਦਾ ਕੰਮ ਉਦਘਾਟਨ ਤੋਂ ਬਾਅਦ ਸ਼ੁਰੂ ਹੋ ਗਿਆ ਸੀ ਪਰ ਹਾਲ ਹੀ ਵਿਚ 56 ਦਰੱਖਤਾਂ ਨੂੰ ਕੱਟਣ ਲਈ ਨਗਰ ਨਿਗਮ ਨੇ ਅਖ਼ਬਾਰ ਵਿਚ ਇਕ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ, ਜਿਸ ਨਾਲ ਲੋਕਾਂ ਨੂੰ ਇਸ ਯੋਜਨਾ ਦੀ ਜਾਣਕਾਰੀ ਮਿਲੀ। ਖ਼ਾਸ ਗੱਲ ਇਹ ਹੈ ਕਿ ਇਸ਼ਤਿਹਾਰ ਦੇ ਇਕ ਦਿਨ ਬਾਅਦ ਹੀ ਨਗਰ ਨਿਗਮ ਨੇ ਪਾਰਕ ਦੀ ਨਰਸਰੀ ਵਿਚ ਦਰੱਖਤ ਕੱਟਣ ਦੀ ਨਿਲਾਮੀ ਰੱਖੀ, ਜਿਸ ਵਿਚ 56 ਦਰੱਖਤਾਂ ਦੀ ਰਿਜ਼ਰਵ ਪ੍ਰਾਈਸ 3.28 ਲੱਖ ਰੁਪਏ ਤੈਅ ਕੀਤੀ ਗਈ ਸੀ। ਕਈ ਠੇਕੇਦਾਰ ਅਤੇ ਕੰਪਨੀਆਂ ਦੇ ਪ੍ਰਤੀਨਿਧੀ ਨਿਲਾਮ ਵਿਚ ਹਿੱਸਾ ਲੈਣ ਪਹੁੰਚੇ ਸਨ। ਇਸ ਦੌਰਾਨ ਬਰਲਟਨ ਪਾਰਕ ਵੈੱਲਫੇਅਰ ਸੋਸਾਇਟੀ ਦੇ ਜਨਰਲ ਸਕੱਤਰ ਅਤੇ ਐਕਸ਼ਨ ਕਮੇਟੀ ਦੇ ਸੰਸਥਾਪਕ ਹਰੀਸ਼ ਸ਼ਰਮਾ ਮੌਕੇ ’ਤੇ ਪਹੁੰਚੇ ਅਤੇ ਉਥੇ ਮੌਜੂਦ ਅਧਿਕਾਰੀਆਂ ਤੇ ਠੇਕੇਦਾਰਾਂ ਨੂੰ ਜਾਣਕਾਰੀ ਦਿੱਤੀ ਕਿ 12 ਸਾਲ ਪਹਿਲਾਂ ਨਗਰ ਨਿਗਮ ਨੇ ਹਾਈਕੋਰਟ ਵਿਚ ਸਹੁੰ-ਪੱਤਰ ਦੇ ਕੇ ਇਹ ਵਾਅਦਾ ਕੀਤਾ ਸੀ ਕਿ ਸਪੋਰਟਸ ਹੱਬ ਨਿਰਮਾਣ ਦੌਰਾਨ ਕੋਈ ਦਰੱਖਤ ਨਹੀਂ ਕੱਟਿਆ ਜਾਵੇਗਾ। ਹਰੀਸ਼ ਸ਼ਰਮਾ ਨੇ ਇਨ੍ਹਾਂ ਤਰਕਾਂ ਤੋਂ ਬਾਅਦ ਨਿਗਮ ਦੇ ਐਕਸੀਅਨ ਜਸਪਾਲ ਸਿੰਘ ਅਤੇ ਐੱਸ. ਡੀ. ਓ. ਤਰਨਪ੍ਰੀਤ ਸਿੰਘ ਨੇ ਮਾਮਲੇ ਦੀ ਅਣਜਾਣਤਾ ਜ਼ਾਹਰ ਕੀਤੀ ਅਤੇ ਕਮਿਸ਼ਨਰ ਨੂੰ ਪੂਰੀ ਜਾਣਕਾਰੀ ਦਿੱਤੀ। ਇਸ ਵਿਵਾਦ ਕਾਰਨ ਸਾਰੇ ਠੇਕੇਦਾਰ ਮੌਕੇ ਤੋਂ ਵਾਪਸ ਮੁੜ ਗਏ ਅਤੇ ਨਗਰ ਨਿਗਮ ਨੂੰ ਨਿਲਾਮੀ ਪ੍ਰਕਿਰਿਆ ਰੱਦ ਕਰਨੀ ਪਈ। ਲਗਭਗ 16-17 ਸਾਲ ਪਹਿਲਾਂ ਜਦੋਂ ਬਰਲਟਨ ਪਾਰਕ ਵਿਚ ਸਪੋਰਟਸ ਹੱਬ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ, ਉਸ ਸਮੇਂ ਸਰਵੇ ਵਿਚ ਸਾਹਮਣੇ ਆਇਆ ਸੀ ਕਿ ਇਸ ਲਈ ਕਈ ਦਰੱਖਤ ਕੱਟਣੇ ਪੈ ਸਕਦੇ ਹਨ ਅਤੇ ਕੁਝ ਪਾਰਕਾਂ ਨੂੰ ਨੁਕਸਾਨ ਹੋਵੇਗਾ। ਉਦੋਂ ਬਰਲਟਨ ਪਾਰਕ ਵੈੱਲਫੇਅਰ ਸੋਸਾਇਟੀ ਨੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ, ਜਿਸ ’ਤੇ ਕੋਰਟ ਨੇ ਸਖ਼ਤ ਰੁਖ਼ ਅਪਣਾਇਆ ਅਤੇ ਨਿਗਮ ਨੇ ਲਿਖਤੀ ਰੂਪ ਵਿਚ ਵਾਅਦਾ ਕੀਤਾ ਕਿ ਦਰੱਖਤ ਨਹੀਂ ਕੱਟੇ ਜਾਣਗੇ। ਇਸ ਲਈ ਐਨਵਾਇਰਮੈਂਟ ਇੰਪੈਕਟ ਕਮੇਟੀ ਤੋਂ ਮਨਜ਼ੂਰੀ ਲੈਣ ਦੀ ਵੀ ਸ਼ਰਤ ਰੱਖੀ ਗਈ ਸੀ ਪਰ ਲੱਗਭਗ 12 ਸਾਲ ਬਾਅਦ ਜਦੋਂ ਇਹ ਪ੍ਰਾਜੈਕਟ ਦੁਬਾਰਾ ਸ਼ੁਰੂ ਹੋਇਆ, ਉਦੋਂ ਤਕ ਨਗਰ ਨਿਗਮ ਦੇ ਵਧੇਰੇ ਅਧਿਕਾਰੀ ਬਦਲ ਚੁੱਕੇ ਸਨ ਅਤੇ ਕਿਸੇ ਨੇ ਵੀ ਪੁਰਾਣੀਆਂ ਫਾਈਲਾਂ ਨਹੀਂ ਦੇਖੀਆਂ। ਨਤੀਜਾ, ਹੁਣ ਇਕ ਵਾਰ ਫਿਰ ਇਹ ਪੂਰਾ ਮਾਮਲਾ ਹਾਈਕੋਰਟ ਵੱਲ ਵਧਦਾ ਨਜ਼ਰ ਆ ਰਿਹਾ ਹੈ ਅਤੇ ਸਪੋਰਟਸ ਹੱਬ ਪ੍ਰਾਜੈਕਟ ਬੇਯਕੀਨੀ ਵਿਚ ਘਿਰ ਗਿਆ ਹੈ। ਲਗਭਗ 13 ਸਾਲ ਪਹਿਲਾਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਨ ਵਾਲੀ ਬਰਲਟਨ ਪਾਰਕ ਵੈੱਲਫੇਅਰ ਸੋਸਾਇਟੀ ਦੇ ਜਨਰਲ ਸਕੱਤਰ ਹਰੀਸ਼ ਸ਼ਰਮਾ ਨੇ ਅੱਜ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਭਾਵੇਂ ਕੁਝ ਵੀ ਹੋ ਜਾਵੇ, ਇਕ ਵੀ ਦਰੱਖਤ ਦੀ ਬਲੀ ਦੇ ਕੇ ਸਪੋਰਟਸ ਹੱਬ ਨਹੀਂ ਬਣਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਹੁਕਮ ਬਿਲਕੁਲ ਸਪੱਸ਼ਟ ਹਨ ਅਤੇ ਨਗਰ ਨਿਗਮ ਖ਼ੁਦ ਐਫੀਡੇਵਿਟ ਦੇ ਕੇ ਇਹ ਮੰਨ ਚੁੱਕਾ ਹੈ। ਜੇਕਰ ਨਿਗਮ ਫਿਰ ਵੀ ਦਰੱਖਤ ਕੱਟਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅਦਾਲਤ ਦੀ ਮਾਣਹਾਨੀ ਪਟੀਸ਼ਨ ਦਾਇਰ ਕੀਤੀ ਜਾਵੇਗੀ ਅਤੇ ਲੋੜ ਪਈ ਤਾਂ ਐੱਨ. ਜੀ. ਟੀ. ਅਤੇ ਸੁਪਰੀਮ ਕੋਰਟ ਤਕ ਵੀ ਜਾਇਆ ਜਾਵੇਗਾ। ਸਪੋਰਟਸ ਹੱਬ ਦੇ ਮੌਜੂਦਾ ਡਿਜ਼ਾਈਨ ਵਿਚ ਕਈ ਤਰ੍ਹਾਂ ਦੀਆਂ ਖੇਡਾਂ ਜਿਵੇਂ ਜੂਡੋ, ਰੈਸਲਿੰਗ ਅਤੇ ਕਬੱਡੀ ਲਈ ਸਟੇਡੀਅਮ ਬਣਾਏ ਜਾਣੇ ਹਨ। ਇਸ ਦੇ ਘੇਰੇ ਵਿਚ ਕਈ ਦਰੱਖਤ ਆ ਰਹੇ ਹਨ, ਜਿਨ੍ਹਾਂ ਵਿਚੋਂ ਇਕ ਵਿਸ਼ਾਲ ਅਤੇ ਪੁਰਾਣਾ ਸਫੈਦੇ ਦਾ ਦਰੱਖਤ ਮਲਟੀਪਰਪਜ਼ ਹਾਲ ਦੀ ਬਾਊਂਡਰੀ ਵਿਚ ਆ ਗਿਆ ਹੈ, ਜਿਸ ਦਾ ਨਿਰਮਾਣ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਦਰੱਖਤ ਨੂੰ ਹਟਾਏ ਬਿਨਾਂ ਨਿਰਮਾਣ ਅੱਗੇ ਨਹੀਂ ਵਧ ਸਕਦਾ। ਜੇਕਰ ਦਰੱਖਤ ਕੱਟਣ ’ਤੇ ਕੋਈ ਰੋਕ ਲੱਗਦੀ ਹੈ ਜਾਂ ਅਦਾਲਤ ਤੋਂ ਹੁਕਮ ਆਉਂਦਾ ਹੈ ਤਾਂ ਪੂਰਾ ਪ੍ਰਾਜੈਕਟ ਖੂਹ-ਖਾਤੇ ਵਿਚ ਪੈ ਸਕਦਾ ਹੈ। ਹੁਣ ਦੇਖਣਾ ਇਹ ਹੈ ਕਿ ਪਿਛਲੇ 17-18 ਸਾਲਾਂ ਤੋਂ ਵਿਚਾਲੇ ਲਟਕ ਰਿਹਾ ਇਹ ਪ੍ਰਾਜੈਕਟ ਇਸ ਵਾਰ ਅੰਜਾਮ ਤਕ ਪਹੁੰਚ ਪਾਉਂਦਾ ਹੈ ਜਾਂ ਨਹੀਂ।



# ਹਰਿਆਣਾ ਤੋਂ ਨਰਾਇਣਗੜ੍ਹ ਵਿੱਚ ਆਨਲਾਇਨ ਪੇਪਰਲੈਸ ਡੀਡ ਰਜਿਸਟਰੇਸ਼ਣ ਲਈ ਪਾਇਲਟ ਪ੍ਰੋਜੈਕਟ ਸ਼ੁਰੂ ਕਰੇਗਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 11 ਅਗਸਤ: ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਨਰਾਇਣਗੜ੍ਹ ਤਹਿਸੀਲ ਵਿੱਚ ਆਨਲਾਇਨ ਪੇਪਰਲੈਸ ਡੀਡ ਰਜਿਸਟ?ਰੇਸ਼ਣ ਪ੍ਰਣਾਲੀ ਲਈ ਇੱਕ ਪਾਇਲਟ ਪ੍ਰੋਜੈਕਟ ਸ਼ੁਰੂ ਕਰਨ ਜਾ ਰਹੀ ਹੈ। ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਇਸ ਪਾਇਲਟ ਪ੍ਰੋਜੈਕਟ ਦੇ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਹ ਪ੍ਰੋਜੈਕਟ ਆਮ ਜਨਤਾ ਲਈ ਭੂਮੀ ਰਜਿਸਅ?ਰੇਸ਼ਣ ਪ੍ਰਕ੍ਰਿਆ ਨੂੰ ਸਰਲ ਅਤੇ ਕਾਰਗਰ ਬਨਾਉਣ ਲਈ ਬਣਾਇਆ ਗਿਆ ਹੈ। ਇਸ ਨਾਗਰਿਕ-ਅਨੁਕੂਲ ਪ੍ਰਣਾਲੀ ਤਹਿਤ, ਸੰਪਤੀ ਖਰੀਦਾਰ ਅਤੇ ਵਿਕਰੇਤਾ ਆਪਣੀ ਸਹੂਲਤ ਅਨੁਸਾਰ ਆਨਲਾਇਨ ਅਪਾਇੰਟਮੈਂਅ ਲੈ ਸਕਣਗੇ। ਡਾ. ਮਿਸ਼ਰਾ ਨੇ ਦਸਿਆ ਕਿ ਇਸ ਪਹਿਲ ਦਾ ਉਦੇਸ਼ ਜਨਤਾ ਦੇ ਸੰਪਰਕ ਜਾਂ ਸਿੱਧੀ ਮੌਜੂਦਗੀ ਨੂੰ ਘੱਟ ਕਰਨਾ ਹੈ। ਪਹਿਲੇ, ਅਪਾਇੰਟਮੈਂਟ ਦੇ ਦਿਨ ਹੀ ਕਾਗਜ਼ਾਂ ਦੀ ਜਾਂਚ ਹੁੰਦੀ ਸੀ, ਜਿਸ ਨਾਲ ਇਤਰਾਜਾਂ ਜਾਂ ਦਸਤਾਵੇਜਾਂ ਦੀ ਕਮੀ ਦੇ ਕਾਰਨ ਡੀਡ ਰਜਿਸਟ?ਰੇਸ਼ਣ ਵਿੱਚ 30 ਫੀਸਦੀ ਅਸਫਲਤਾਵਾਂ ਹੁੰਦੀਆਂ ਸੀ। ਹੁਣ, ਇਸ ਟੇਂਪਲੇਟ-ਅਧਾਰਿਤ ਐਪਲੀਕੇਸ਼ਨ ਮਾਡੀਯੂਲ ਦੇ ਨਾਲ, ਐਪਲੀਕੇਸ਼ਨਾਂ ਦੇ ਤਸਦੀਕ ਲਈ ਸਬੰਧਿਤ ਤਹਿਸੀਲ ਦਫਤਰ ਭੇਜਿਆ ਜਾਵੇਗਾ ਅਤੇ ਉਸੀ ਪੋਰਝਲ ’ਤੇ ਪ੍ਰਵਾਨਗੀ ਮਿਲਣ ਤੋਂ ਬਾਅਦ, ਬਿਨੈਕਾਰ ਭੁਗਤਾਨ ਪ੍ਰਕ੍ਰਿਆ ਪੂਰੀ ਕਰ ਸਕਦਾ ਹੈ ਅਤੇ ਅਪਾਇੰਟਮੈਂਟ ਸਲਾਟ ਬੁੱਕ ਕਰ ਸਕਦਾ ਹੈ। ਬਿਨੈਕਾਰ ਨੂੰ ਅਪਾਇੰਟਮੈਂਟ ਵਾਲੇ ਦਿਨ ਸਿਰਫ ਫੋਟੋਗ੍ਰਾਫ ਅਤੇ ਦਸਤਖਤ/ਬਾਇਓਮੈਟ੍ਰਿਕਸ ਲਈ ਮੌਜੂਦਾ ਹੋਣਾ ਹੁੰਦਾ ਹੈ, ਜਿੱਥੇ ਉਨ੍ਹਾਂ ਦਾ ਮੰਜੂਰ ਬਿਨੈ ਪਹਿਲਾਂ ਤੋਂ ਹੀ ਆਨਲਾਇਨ ਹੁੰਦਾ ਹੈ। ਡਾ. ਮਿਸ਼ਰਾ ਨੇ ਕਿਹਾ ਕਿ ਇਸ ਢਾਂਚਾਗਤ ਪ੍ਰਣਾਲੀ ਨਾਲ ਸਮੀਖਿਆ ਸਮੇਂ ਘੱਟ ਹੋਣ, ਲਾਇਨਾਂ ਖਤਮ ਹੋਣ ਅਤੇ ਪ੍ਰਕ੍ਰਿਆਤਮਕ ਕੁਸ਼ਲਤਾਵਾਂ ਨੂੰ ਘੱਟ ਕਰਨ ਦੀ ਉਮੀਦ ਹੈ, ਜਿਸ ਨਾਲ ਜਨਤਾ ਨੂੰ ਵੱਧ ਪੇਸ਼ੇਵਰ ਅਤੇ ਸਹਿਜ ਤਜਰਬਾ ਪ੍ਰਾਪਤ ਹੋਵੇਗਾ। ਨਵੇਂ ਮਾਡਲ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਲੇਣ-ਦੇਣ ਵਿੱਚ ਵਧੀ ਹੋਈ ਪਾਰਦਰਸ਼ਿਤਾ ਹੈ। ਸਾਰੇ ਮਾਲ ਰਿਕਾਰਡ ਮੌਜੂਦਾ ਸਮੇਂ ਵਿੱਚ ਅੱਪਡੇਟ ਕੀਤੇ ਜਾਣਗੇ, ਕਿਸੇ ਸੰਪਤੀ ’ਤੇ ਕਿਸੇ ਵੀ ਮੌਜੂਦਾ ਵਿਵਾਦ, ਕਰਜਾ ਭਾਰ ਜਾਂ ਬਕਾਇਆ ਕਰਜਾ ਨੂੰ ਰਜਿਸਟ?ਰੇਸ਼ਣ ਪ੍ਰਕ੍ਰਿਆ ਦੌਰਾਨ ਸਵੈਚਾਲਿਤ ਰੂਪ ਨਾਲ ਚੋਣ ਕੀਤਾ ਜਾਵੇਗਾ, ਜਿਸ ਨਾਲ ਖਰੀਦਾਰ ਅਤੇ ਵਿਕਰੇਤਾ ਦੋਨੋਂ ਹੀ ਸੂਚਿਤ -ਫੈਸਲਾ ਲੈ ਸਕਣਗੇ। ਡਾ. ਮਿਸ਼ਰਾ ਨੇ ਇਸ ਗੱਲ ’ਤੇ ਜੋਰ ਦਿੱਤਾ ਕਿ ਇਹ ਸੁਧਾਰ ਰੇਵੇਨਿਯੂ ਲੀਕੇਜ ਨੂੰ ਰੋਕੇਗਾ, ਸਰਕਾਰੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਭੂਮੀ ਸਬੰਧੀ ਲੇਣ-ਦੇਣ ਵਿੱਚ ਵੱਧ ਭਰੋਸਾ ਅਤੇ ਜਵਾਬਦੇਹੀ ਨੂੰ ਪ੍ਰੋਤਸਾਹਨ ਮਿਲੇਗਾ। ਬਿਨੈਕਾਰਾਂ ਨੂੰ ਜਰੂਰੀ ਦਸਤਾਵੇਜਾਂ ਦੀ ਇੱਕ ਸਪਸ਼ਟ ਚੈਕਲਿਸਟ ਵੀ ਪ੍ਰਦਾਨ ਕੀਤੀ ਜਾਵੇਗੀ, ਜਿਸ ਨਾਲ ਸਟੀਕਤਾ ਯਕੀਨੀ ਹੋਵੇਗੀ ਅਤੇ ਅਧੂਰੇ ਪੇਸ਼ਗੀਆਂ ਦੇ ਕਾਰਨ ਨਾਮੰਜੂਰੀ ਘੱਟ ਹੋਵੇਗੀ। ਡਾ. ਮਿਸ਼ਰਾ ਨੇ ਅੱਗੇ ਦਸਿਆ ਕਿ ਆਪਣੇ ਵਿਆਪਕ ਡਿਜੀਟਲ ਬਦਲਾਅ ਏਜੰਡੇ ਦੇ ਤਹਿਤ, ਵਿਭਾਗ ਇਸ ਪ੍ਰਣਾਲੀ ਦਾ ਵਿਸਤਾਰ ਕਰ ਕੇ ਇਸ ਵਿੱਚ ਆਨਲਾਇਨ ਸੀਮਾਂਕਨ ਸੇਵਾਵਾਂ, ਆਟੋਮੈਟਿਕ ਨਾਮਕਰਣ ਆਦਿ ਸੇਵਾਵਾਂ ਸ਼ਾਮਿਲ ਕਰਨ ਦੀ ਯੋਜਨਾ ਬਣਾ ਰਿਹਾ ਹੈ। ਨਰਾਇਣਗੜ੍ਹ ਵਿੱਚ ਪਾਇਲਟ ਪਰਿਯੋਜਨਾ ਨੂੰ ਰਾਜਵਿਆਪੀ ਲਾਗੂ ਕਰਨ ਦੀ ਦਿਸ਼ਾ ਵਿੱਚ ਇੱਕ ਖਾਸ ਕਦਮ ਮੰਨਿਆ ਜਾ ਰਿਹਾ ਹੈ। ਡਾ. ਮਿਸ਼ਰਾ ਨੇ ਕਿਹਾ ਕਿ ਇਹ ਪਹਿਲ ਪੂਰੇ ਹਰਿਆਣਾ ਵਿੱਚ ਭੂਮੀ ਰਜਿਸਟ?ਰੇਸ਼ਣ ਨੂੰ ਇੱਕ ਡਿਜੀਟਲ ਰੂਪ ਨਾਲ ਸੰਚਾਲਿਤ, ਕੁਸ਼ਲ ਅਤੇ ਪਾਰਦਰਸ਼ੀ ਪ੍ਰਕ੍ਰਿਆ ਵਿੱਚ ਬਦਲ ਦਵੇਗੀ, ਜੋ ਜਿਮੇਵਾਰ ਸਾਸ਼ਨ ਅਤੇ ਜਨ ਕੇਂਦ੍ਰਿਤ ਸੁਧਾਰਾਂ ਦੇ ਪ੍ਰਤੀ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਕਰਦਾ ਹੈ।

# ਗੁਰਦਾਸਪੁਰ ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਤੇ 9 ਬੋਤਲਾਂ ਰਮ ਬਰਾਮਦ

ਗੁਰਦਾਸਪੁਰ 11 ਅਗਸਤ। ’ਨਸ਼ਿਆਂ ਵਿਰੁੱਧ ਜੰਗ’ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਗੁਰਦਾਸਪੁਰ ਪੁਲਸ ਨੇ 13,500 ਐਮ.ਐਲ ਨਾਜਾਇਜ਼ ਸ਼ਰਾਬ ਅਤੇ 9 ਬੋਤਲਾਂ ਰਮ ਬਰਾਮਦ ਅਤੇ 2 ਵਿਅਕਤੀ ਗ੍ਰਿਫਤਾਰ ਕੀਤੇ ਹੈ। ਜਾਣਕਾਰੀ ਦੇਣ ਮੌਕੇ ਐਸਐਸਪੀ ਆਦਿਤਿਆ ਨੇ ਦੱਸਿਆ ਕਿ ਥਾਣਾ ਬਹਿਰਾਮਪੁਰ ਦੀ ਪੁਲਸ ਨੇ ਇੱਕ ਵਿਅਕਤੀ, ਜਿਸ ਦੀ ਪਛਾਣ ਜੋਧ ਕੁਮਾਰ ਵਜੋਂ ਹੋਈ ਹੈ, ਨੂੰ ਕਾਬੂ ਕਰਕੇ ਉਸ ਪਾਸੋਂ 13,500 ਐਮ.ਐਲ. ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਥਾਣਾ ਪੁਰਾਣਾ ਸ਼ਾਲਾ ਦੀ ਪੁਲਸ ਨੇ ਨਵਿੰਦਰ ਸਿੰਘ ਨਾਮ ਦੇ ਇੱਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 9 ਬੋਤਲਾਂ ਠੇਕਾ ਰਮ ਬਰਾਮਦ ਕੀਤੀਆਂ। ਐਸਐਸਪੀ ਆਦਿਤਿਆ ਗੁਰਦਾਸਪੁਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਾਜਾਇਜ਼ ਸ਼ਰਾਬ ਅਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਬਾਰੇ ਪੁਲਸ ਨੂੰ ਸੂਚਨਾ ਦੇਣ। ਉਨ੍ਹਾਂ ਭਰੋਸਾ ਦਿਵਾਇਆ ਕਿ ਅਜਿਹੇ ਵਿਅਕਤੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਗੁਰਦਾਸਪੁਰ ਪੁਲਸ ਜ਼ਿਲ੍ਹੇ ਵਿੱਚੋਂ ਨਸ਼ੇ ਦੇ ਕਾਰੋਬਾਰ ਨੂੰ ਜੜ੍ਹੋਂ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।




## ਡਿਪਟੀ ਕਮਿਸ਼ਨਰ ਵੱਲੋਂ ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਲਈ ਅਗੇਤੀ ਬੈਠਕ

# ਕਿਸਾਨ ਵੀਰ ਝੋਨੇ ਦੀ ਤੁਰੰਤ ਖਰੀਦ ਲਈ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ: ਡਾ. ਪ੍ਰੀਤੀ ਯਾਦਵ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹਾ ਅਧਿਕਾਰੀਆਂ ਅਤੇ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ।ਉਨ੍ਹਾਂ ਦੱਸਿਆ ਕਿ ਝੋਨੇ ਦੇ ਆਗਾਮੀ ਸੀਜਨ 'ਚ ਜ਼ਿਲ੍ਹਾ ਪ੍ਰਸ਼ਾਸਨ ਝੋਨੇ ਦੀ ਫ਼ਸਲ ਦੀ ਖਰੀਦ ਸੁਚਾਰੂ ਢੰਗ ਨਾਲ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਇਸ ਮੌਕੇ ਡਿਪਟੀ ਕਮਿਸ਼ਨਰ ਨੇ ਡੀ.ਐਫ.ਐਸ.ਸੀ, ਜ਼ਿਲ੍ਹਾ ਮੰਡੀ ਅਫ਼ਸਰ ਤੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਦੀ ਜਿਣਸ ਦੀ ਖਰੀਦ ਲਈ ਪੁਖ਼ਤਾ ਪ੍ਰਬੰਧ ਕਰਨ ਲਈ ਕਾਰਵਾਈ ਹੁਣੇ ਤੋਂ ਅਰੰਭੀ ਜਾਵੇ ਤਾਂ ਕਿ ਕਿਸਾਨਾਂ ਦੀ ਜਿਣਸ ਦਾ ਇੱਕ-ਇੱਕ ਦਾਣਾ ਸਮੇਂ ਸਿਰ ਖਰੀਦਿਆ ਜਾ ਸਕੇ।

ਡਾ. ਪ੍ਰੀਤੀ ਯਾਦਵ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀ ਹਰ ਮੰਡੀ 'ਚ ਸਾਫ਼ ਸਫ਼ਾਈ, ਬਾਰਦਾਨੇ, ਢੋਆ-ਢੋਆਈ, ਲੇਬਰ, ਕਿਸਾਨਾਂ ਲਈ ਪੀਣ ਵਾਲੇ ਪਾਣੀ ਤੇ ਟੁਆਇਲਟਸ ਸਮੇਤ ਹਰ ਤਰ੍ਹਾਂ ਦੇ ਪ੍ਰਬੰਧ ਝੋਨੇ ਦੀ ਖਰੀਦ ਦੀ ਮਿਤੀ ਦਾ ਐਲਾਨ ਹੋਣ ਤੋਂ ਪਹਿਲਾਂ-ਪਹਿਲਾਂ ਪੂਰੇ ਕਰਨੇ ਯਕੀਨੀ ਬਣਾਏ ਜਾਣ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਜਿਣਸ ਦੀ ਸੁਚਾਰੂ ਤੇ ਤੁਰੰਤ ਖਰੀਦ ਲਈ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈਕੇ ਆਉਣ। ਉਨ੍ਹਾਂ ਦੱਸਿਆ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇੱਕ ਇੱਕ ਦਾਣਾ ਖਰੀਦ ਕਰੇਗੀ ਤੇ ਕਿਸਾਨਾਂ ਨੂੰ ਮੰਡੀਆਂ 'ਚ ਕੋਈ ਦਿਕਤ ਨਹੀਂ ਆਉਣ ਦਿਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦਾ ਵੀ ਸੱਦਾ ਦਿੰਦਿਆਂ ਕਿਹਾ ਕਿ ਅਜਿਹਾ ਕਰਨ ਨਾਲ ਸਾਡੇ ਵਾਤਾਵਰਣ ਅਤੇ ਮਨੁੱਖਾਂ ਤੇ ਪਸ਼ੂ-ਪੰਛੀਆਂ ਦੀ ਸਿਹਤ 'ਤੇ ਮਾਰੂ ਪ੍ਰਭਾਵ ਪੈਂਦੇ ਹਨ, ਇਸ ਲਈ ਝੋਨੇ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਮਿਲਾਇਆ ਜਾਵੇ।

ਇਸ ਮੌਕੇ ਏ.ਡੀ.ਸੀ. (ਯੂ.ਡੀ) ਨਵਰੀਤ ਕੌਰ ਸੇਖੋਂ, ਡੀ.ਐਫ.ਐਸ.ਸੀ ਸਮੇਤ ਖਰੀਦ ਏਜੰਸੀਆਂ ਮਾਰਕਫੈਡ, ਪਨਸਪ, ਐਫ.ਸੀ.ਆਈ., ਪਨਗ੍ਰੇਨ ਤੇ ਵੇਅਰਹਾਊਸ ਦੇ ਨੁਮਾਇੰਦੇ ਤੇ ਹੋਰ ਅਧਿਕਾਰੀ ਮੌਜੂਦ ਸਨ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸਫ਼ਾਈ ਦੇ ਦੂਤ ਬਣਨ ਦਾ ਸੱਦਾ

- ਪੇਟ ਦੇ ਕੀੜਿਆਂ ਤੋਂ ਰਾਸ਼ਟਰੀ ਮੁਕਤੀ ਦਿਵਸ ਮੌਕੇ ਪਟਿਆਲਾ 'ਚ ਰਾਜ ਪੱਧਰੀ ਸਮਾਗਮ
- ਰੰਗਲਾ ਪੰਜਾਬ ਬਣਾਉਣ ਲਈ ਬੱਚਿਆਂ ਦਾ ਸਿਹਤਮੰਦ ਹੋਣਾ ਜਰੂਰੀ : ਡਾ. ਬਲਬੀਰ ਸਿੰਘ
- ਕਿਹਾ, ਪੇਟ ਦੇ ਕੀੜਿਆਂ ਤੋਂ ਮੁਕਤੀ ਲਈ ਰਾਜ ਦੇ ਵਿਦਿਆਰਥੀਆਂ ਨੂੰ ਖੁਆਉਣ ਵਾਸਤੇ ਕਰੀਬ 73 ਲੱਖ ਗੋਲੀਆਂ ਵੰਡੀਆਂ

**ਪਟਿਆਲਾ, 11 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਸਫ਼ਾਈ ਦੇ ਦੂਤ ਬਣਨ ਦਾ ਸੱਦਾ ਦਿੱਤਾ ਹੈ। ਅੱਜ 'ਪੇਟ ਦੇ ਕੀੜਿਆਂ ਤੋਂ ਰਾਸ਼ਟਰੀ ਮੁਕਤੀ ਦਿਵਸ' ਸੰਬੰਧੀ ਸਿਹਤ ਵਿਭਾਗ ਵੱਲੋਂ ਪਟਿਆਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਤ੍ਰਿਪੜੀ ਵਿਖੇ ਕਰਵਾਏ ਰਾਜ ਪੱਧਰੀ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ 1 ਤੋਂ 19 ਸਾਲ ਦੇ ਸਾਰੇ ਬੱਚਿਆਂ ਤੇ ਕਿਸ਼ੋਰਾਂ ਨੂੰ ਪੇਟ ਦੇ ਕੀੜਿਆਂ ਤੋਂ ਮੁਕਤ ਕਰਨ ਦਾ ਟੀਚਾ ਮਿਥਿਆ ਗਿਆ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਅੱਜ ਕੌਮੀ ਡੀ ਵਾਰਮਿੰਗ ਦਿਵਸ ਮਨਾ ਕੇ ਇਹ ਅਲਬੈਂਡਾਜੋਲ ਦੀ ਦਵਾਈ ਬੱਚਿਆਂ ਨੂੰ ਖਵਾਈ ਜਾ ਰਹੀ ਹੈ ਅਤੇ 14 ਅਗਸਤ ਨੂੰ ਮੋਪ-ਅੱਪ ਦਿਵਸ ਵੀ ਮਨਾਇਆ ਜਾਵੇਗਾ। ਇਸ ਲਈ ਰਾਜ ਦੇ ਸਾਰੇ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਇਹ ਗੋਲੀ ਖੁਆਉਣ ਲਈ ਕਰੀਬ 73 ਲੱਖ ਗੋਲੀਆਂ ਦੀ ਵੰਡ ਕੀਤੀ ਗਈ ਹੈ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਰੰਗਲਾ ਪੰਜਾਬ ਬਣਾਉਣ ਲਈ ਸੂਬੇ ਦੇ ਬੱਚਿਆਂ ਦਾ ਸਿਹਤਮੰਦ ਹੋਣ ਜਰੂਰੀ ਹੈ, ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਹਰ ਬੱਚੇ ਨੂੰ ਤੰਦਰੁਸਤ ਰੱਖਣ ਲਈ, ਬੱਚਿਆਂ 'ਚ ਕਿੰਨਾ ਖ਼ੂਨ ਹੈ, ਉਸਦਾ ਕੱਦ ਤੇ ਭਾਰ ਕਿੰਨਾ ਹੈ ਸਮੇਤ ਉਸਦੀ ਅੱਖਾਂ ਦੀ ਨਜ਼ਰ ਘੱਟ ਨਾ ਹੋਵੇ, ਪਤਾ ਲਾਉਣ ਲਈ ਇਹ ਜਾਂਚ ਕਰਵਾਈ ਜਾ ਰਹੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਪੇਟ ਦੇ ਕੀੜਿਆਂ ਕਰਕੇ ਬਹੁਤ ਬਿਮਾਰੀਆਂ ਲੱਗਦੀਆਂ ਹਨ ਤੇ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਪੇਟ ਦੇ ਕੀੜਿਆਂ ਬਾਰੇ ਜਾਗਰੂਕਤਾ ਤੇ ਇਲਾਜ ਲਈ ਸਾਲ ਵਿੱਚ ਦੋ ਵਾਰ ਅਲਬੈਂਡਾਂਜੋਲ ਦੀ ਗੋਲੀ ਖੁਵਾਈ ਜਾਂਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਸਫ਼ਾਈ ਦੇ ਦੂਤ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਆਪਦੇ ਆਲੇ-ਦੁਆਲੇ ਨੂੰ ਸਾਫ਼ ਸੁਥਰਾ ਬਣਾਉਣ ਵਾਲੇ ਵਿਦਿਆਰਥੀਆਂ, ਅਧਿਆਪਕਾਂ ਤੇ ਸਿਹਤ ਵਰਕਰਾਂ ਨੂੰ ਉਨ੍ਹਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਨੇ ਬੱਚਿਆਂ ਨੂੰ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਬਾਰੇ ਵੀ ਜਾਗਰੂਕ ਕੀਤਾ।

ਸਿਹਤ ਮੰਤਰੀ ਨੇ ਦੱਸਿਆ ਕਿ ਗੰਦੇ ਹੱਥ, ਨੰਗੇ ਪੈਰ ਤੁਰਨ ਨਾਲ, ਸਬਜ਼ੀਆਂ, ਪਾਣੀ ਆਦਿ ਨੂੰ ਵੀ ਪ੍ਰਭਾਵਿਤ ਕਰਦੇ ਹਨ ਅਤੇ ਦੂਜੇ ਬੱਚਿਆਂ ਤੱਕ ਪਹੁੰਚ ਜਾਂਦੇ ਹਨ ਤੇ ਇਸ ਨਾਲ ਖ਼ੂਨ ਦੀ ਕਮੀ, ਪੇਟ ਵਿੱਚ ਦਰਦ, ਕੁਪੋਸ਼ਣ, ਸਰੀਰਕ ਅਤੇ ਮਾਨਸਿਕ ਕਮਜ਼ੋਰੀ 5 ਵਾਧੇ ਵਿਕਾਸ ਵਿੱਚ ਰੁਕਾਵਟ, ਸਕੂਲ ਜਾਣਾ ਘਟਣਾ ਆਦਿ ਹੋ ਸਕਦਾ ਹੈ।ਇਸ ਲਈ ਹਰ ਬੱਚਾ ਆਪਣੇ ਨਹੁੰ ਕੱਟਕੇ ਰੱਖੇ, ਹੱਥਾਂ ਨੂੰ ਸਾਫ਼ ਰੱਖੇ ਤੇ ਖੁਲ੍ਹੇ 'ਚ ਸੌਚ ਨਾ ਜਾਵੇ ਤੇ ਨੰਗੇ ਪੈਰ ਨਾ ਤੁਰੇ ਅਤੇ ਪਾਣੀ ਉਬਾਲ ਕੇ ਪੀਤਾ ਜਾਵੇ ਤੇ ਫ਼ਲ ਸਬਜ਼ੀਆਂ ਹਮੇਸ਼ਾ ਧੋਅ ਕੇ ਹੀ ਖਾਓ।

ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਨੀਰ, ਘਿਉ ਤੇ ਮਸਾਲਿਆਂ ਵਿੱਚ ਸਭ ਤੋਂ ਵੱਧ ਮਿਲਾਵਟ ਹੁੰਦੀ ਹੈ, ਜਿਸ ਲਈ ਤਿਉਹਾਰਾਂ ਤੋਂ ਪਹਿਲਾਂ ਰਾਜ ਭਰ 'ਚ ਫੂਡ ਸੈਂਪਲਿੰਗ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਤੇ ਖਾਸ ਕਰਕੇ ਬਾਹਰੋਂ ਆਉਣ ਵਾਲੇ ਖਾਧ ਪਦਾਰਥਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਫੂਡ ਸਪਲੀਮੈਂਟ ਦੀ ਜਾਂਚ ਨਹੀਂ ਸੀ ਹੁੰਦੀ ਪਰੰਤੂ ਹੁਣ ਇਸ ਲਈ ਵਿਸ਼ੇਸ਼ ਫਲਾਇੰਗ ਸਕੁਐਡ ਬਣਾਏ ਗਏ ਹਨ ਤੇ ਫੂਡ ਸੇਫਟੀ ਆਨ ਵੀਹਲਜ ਵੈਨ ਵੀ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿੱਚ ਅਚਾਨਕ ਕਾਰਡੀਐਕ ਡੈਥ ਕਿਉਂ ਹੋ ਰਹੀ ਹੈ, ਇਸ ਲਈ ਵੀ ਸਿਹਤ ਵਿਭਾਗ ਬਾਕੀ ਭਾਈਵਾਲਾਂ ਨਾਲ ਮਿਲਕੇ ਕੰਮ ਕਰ ਰਿਹਾ ਹੈ ਤੇ ਇਸ ਦੀ ਸਲਾਹਕਾਰੀ ਵੀ ਜਾਰੀ ਕੀਤੀ ਜਾ ਰਹੀ ਹੈ। ਇਸ ਮੌਕੇ ਮੇਅਰ ਨਗਰ ਨਿਗਮ ਕੁੰਦਨ ਗੋਗੀਆ, ਜਸਬੀਰ ਸਿੰਘ ਗਾਂਧੀ, ਡਾਇਰੈਕਟਰ ਪਰਿਵਾਰ ਭਲਾਈ ਡਾ. ਜਸਮਿੰਦਰ, ਏ.ਡੀ.ਸੀ. ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਹਰਜੋਤ ਕੌਰ ਮਾਵੀ, ਸਟੇਟ ਪ੍ਰੋਗਰਾਮ ਅਫ਼ਸਰ ਡਾ. ਜਸਲੀਨ ਵਿਰਕ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਸੂਬਾ ਕੋਆਰਡੀਨੇਟਰ ਡਾ. ਰਜਨੀ ਸ਼ਰਮਾ, ਡਾ. ਸੁਖਜੀਤ ਕੌਰ, ਕੌਂਸਲਰ ਨੇਹਾ ਕੁਕਰੇਜਾ, ਮੋਹਿਤ ਕੁਕਰੇਜਾ, ਚਿੰਟੂ ਨਾਸਰਾ, ਬਲਾਕ ਪ੍ਰਧਾਨ ਲਲਿਤ ਕੁਮਾਰ, ਚਰਨਜੀਤ ਸਿੰਘ ਐਸ.ਕੇ., ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ ਤੇ ਡਿਪਟੀ ਡੀ.ਈ.ਓ. ਡਾ. ਰਵਿੰਦਰਪਾਲ ਸਿੰਘ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਕੁਸ਼ਲਦੀਪ ਕੌਰ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਕੌਰ, ਐਸ.ਐਮ.ਓਜ ਤ੍ਰਿਪੜੀ ਡਾ. ਮੋਨਿਕਾ ਤੇ ਡਾ. ਗੁਰਪ੍ਰੀਤ ਸਿੰਘ ਨਾਗਰਾ, ਡਾ. ਜੈਦੀਪ ਭਾਟੀਆ, ਸਕੂਲ ਪ੍ਰਿੰਸੀਪਲ ਡਾ. ਨਰਿੰਦਰ ਕੁਮਾਰ, ਜ਼ਿਲ੍ਹਾ ਸਕੂਲ ਸਿਹਤ ਅਫ਼ਸਰ ਡਾ. ਅਸ਼ੀਸ਼ ਸ਼ਰਮਾ ਤੇ ਟੀਮ ਸਮੇਤ ਮਾਸ ਮੀਡੀਆ ਵਿੰਗ ਦੇ ਅਧਿਕਾਰੀ ਵੀ ਮੌਜੂਦ ਸਨ।

# ਵਾਤਾਵਰਨ ਦੀ ਸ਼ੁੱਧਤਾ ਦਾ ਪ੍ਰਣ ਕਰਕੇ ਮਨਾਇਆ ਠਾਕੁਰ ਦਲੀਪ ਸਿੰਘ ਦਾ 73ਵਾਂ ਜਨਮ ਦਿਹਾੜਾ

**ਲੁਧਿਆਣਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਤਮਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦਾ 73 ਵਾਂ ਜਨਮ ਦਿਹਾੜਾ ਜਲੰਧਰ ਸਕੂਲ ਗਦਾਈਪੁਰ ਵਿਖੇ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ ਪਰਿਵਾਰਾਂ ਦੀ ਮੱਦਦ ਕਰਕੇ ਅਤੇ ਵਾਤਾਵਰਨ ਦੀ ਸ਼ੁੱਧਤਾ ਦਾ ਪ੍ਰਣ ਕਰਕੇ ਮਨਾਇਆ ਗਿਆ। ਸਮਾਗਮ ਦੀ ਆਰੰਭਤਾ ਵਿਦਿਆਰਥੀਆਂ ਵਲੋਂ ਧਾਰਮਿਕ ਸ਼ਬਦ ਨਾਲ ਕੀਤੀ ਗਈ। ਪ੍ਰਿੰਸੀਪਲ ਰਾਜਪਾਲ ਕੌਰ ਨੇ ਦੱਸਿਆ ਕਿ ਠਾਕੁਰ ਦਲੀਪ ਸਿੰਘ ਵਲੋਂ ਮਹਿੰਗੇ ਉਪਕਾਰਾਂ ਨੂੰ ਛੱਡ ਕੇ ਪ੍ਰੇਰਣਾ ਦਿਤੀ ਹੈ ਕਿ ਵਾਤਾਵਰਨ ਦੀ ਸ਼ੁੱਧਤਾ ਦਾ ਖਿਆਲ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ ਤੇ ਇਸ ਵਾਰ ਸੰਗਤ ਵਲੋਂ ਉਹਨਾਂ ਦੇ 73 ਵੇਂ ਜਨਮ ਦਿਹਾੜੇ ਤੇ 7300 ਬੂਟੇ ਲਗਾਉਣ ਦਾ ਟੀਚਾ ਪੂਰਾ ਕੀਤਾ ਹੈ। ਅਤੇ ਲੋੜਵੰਦਾਂ ਲਈ ਰਾਸ਼ਨ ਦਾ ਪ੍ਰਬੰਧ ਵੀ ਕੀਤਾ।



'ਜੇ ਹੋਵੇਗੀ ਹਰਿਆਲੀ ਤਾਂ ਹੀ ਹੋਵੇਗੀ ਖੁਸ਼ਹਾਲੀ ' ਦੇ ਨਾਅਰੇ ਨਾਲ ਸਕੂਲ ਦੀ ਪ੍ਰਿੰਸੀਪਲ ਰਾਜਪਾਲ ਕੌਰ, ਅਧਿਆਪਕਾਵਾਂ ,ਵਾਤਵਰਨ ਪ੍ਰੇਮੀ ਜੁਗਿੰਦਰ ਸਿੰਘ, ਸੇਵਾ ਮੁਕਤ ਪ੍ਰਿੰਸੀਪਲ ਪੂਨਮ ਭਾਰਦਵਾਜ ਅਤੇ ਵਿਦਿਆਰਥੀਆਂ ਵਲੋਂ ਵਾਤਾਵਰਨ ਨੂੰ ਸ਼ੁੱਧ ਕਰਨ ਦਾ ਪ੍ਰਣ ਕੀਤਾ ਗਿਆ। ਪ੍ਰਿੰਸੀਪਲ ਰਾਜਪਾਲ ਕੌਰ ਨੇ ਕਿਹਾ ਕਿ ਸਾਡਾ ਨਿਸ਼ਾਨਾ ਹੈ ਕਿ ਇਸ ਸਾਲ ਅਸੀਂ ਵਾਤਾਵਰਣ ਸੁਰੱਖਿਆ ਵਿੱਚ ਭਾਈਵਾਲੀ ਨਿਭਾਈਏ । ਉਨ੍ਹਾਂ ਕਿਹਾ ਕਿ ਵਧਦੇ ਪ੍ਰਦੂਸ਼ਣ ਨੂੰ ਅਤੇ ਕੁਦਰਤ ਦਾ ਸੰਤੁਲਨ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਜਨਤਾ ਨੂੰ ਜ਼ਿਆਦਾ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਵਾਤਵਰਨ ਪ੍ਰੇਮੀ ਜੋਗਿੰਦਰ ਸਿੰਘ ਅਤੇ ਪ੍ਰਿੰਸੀਪਲ ਰਾਜਪਾਲ ਕੌਰ ਵਲੋਂ ਸਿੰਦੂਰ ਦਾ ਬੂਟਾ ਲਗਾਇਆ। ਉਨ੍ਹਾਂ ਦੱਸਿਆ ਕਿ ਸਿੰਦੂਰ ਭਾਰਤ ਦਾ ਸ਼ੌਰਯ ਅਤੇ ਅਸਮਿਤਾ ਦਾ ਪ੍ਰਤੀਕ ਬਣ ਜਾਂਦਾ ਹੈ। ਸਿੰਦੂਰ ਕਾ ਬੂਟਾ ਕੇਵਲ ਧਾਰਮਿਕ ਜਾਂ ਵਪਾਰਕ ਵਿਗਿਆਨ ਤੋਂ ਹੀ ਨਹੀਂ ਸਗੋਂ ਦਵਾਈ ਦੀ ਦ੍ਰਿਸ਼ਟੀ ਤੋਂ ਵੀ ਬਹੁਤ ਲਾਭਕਾਰੀ ਹੈ।

ਵਾਤਵਰਨ ਪ੍ਰੇਮੀ ਜੁਗਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਦਾ ਮਹੱਤਵ ਸਮਝਾਉਂਦਿਆਂ ਕਿਹਾ ਕਿ ਇਹ ਸਾਡੀ ਸੇਵਾ ਹੋਵੇਗੀ ਕਿ ਅਸੀਂ ਮਿਲਕੇ ਕੁਦਰਤੀ ਵਾਤਾਵਰਨ ਨੂੰ ਸੁਰੱਖਿਅਤ ਰੱਖੀਏ।

ਇਸ ਮੌਕੇ ਮੁੱਖ ਮਹਿਮਾਨ ਜੋਗਿੰਦਰ ਸਿੰਘ,ਸੇਵਾ ਮੁਕਤ ਪ੍ਰਿੰਸੀਪਲ ਪੂਨਮ ਭਾਰਦਵਾਜ , ਸਕੂਲ ਪ੍ਰਬੰਧਕ ਕਮੇਟੀ ਮੈਂਬਰ ਰਮਨਪ੍ਰੀਤ ਕੌਰ, ਅਧਿਆਪਕ ਜਸਬੀਰ ਕੌਰ, ਤੋਸ਼ੀਨ, ਕੰਚਨ ਬਾਲਾ, ਬਲਬੀਰ ਕੌਰ, ਰੋਜ਼ੀ ਸਭਰਵਾਲ, ਬਲਜੀਤ ਕੌਰ, ਸਿੰਧੂ, ਕਿਰਨ, ਰੇਖਾ ਯਾਦਵ ਅਤੇ ਵਿਦਿਆਰਥੀਆਂ ਹਾਜ਼ਰ ਸਨ।

# ਪੇਅਟੀਐਮ 'ਚ ਵੱਖ ਵੱਖ ਅਸਾਮੀਆਂ ਲਈ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੇਅਟੀਐਮ ਵਿੱਚ ਖੇਤਰੀ ਸੇਲ ਪ੍ਰਤੀਨਿਧ, ਗਰੁੱਪ ਲੀਡਰ, ਸੀਨੀਅਰ ਖੇਤਰੀ ਸੇਲ ਪ੍ਰਤੀਨਿਧ ਤੇ ਸੇਲ ਰੋਲ ਦੀਆਂ ਅਸਾਮੀਆਂ ਲਈ ਬਿਊਰੋ ਵੱਲੋਂ ਅੱਜ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਕੇਵਲ ਪੁਰਸ਼ ਉਮੀਦਵਾਰ ਜਿਨ੍ਹਾਂ ਦੀ ਵਿੱਦਿਅਕ ਯੋਗਤਾ ਦਸਵੀਂ, ਬਾਰ੍ਹਵੀਂ, ਡਿਪਲੋਮਾ, ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਹੋਵੇ, ਉਹ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 11 ਅਗਸਤ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਵਿਸ਼ਵ ਭਰ 'ਚ ਮਨਾਉਣ ਲਈ ਸ਼੍ਰੋਮਣੀ ਕਮੇਟੀ ਕਰੇ ਚਾਰਾਜੋਈ- ਗਲੋਬਲ ਸਿੱਖ ਕੌਂਸਲ

**ਅੰਮ੍ਰਿਤਸਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

- ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਧਰਮ ਦੀ ਚਾਦਰ' ਵਜੋਂ ਸਤਿਕਾਰੇ ਜਾਂਦੇ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੀ ਯਾਦ ਵਿੱਚ ਦੁਨੀਆਂ ਭਰ 'ਚ ਕਰਵਾਏ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਲਈ ਚਾਰਾਜੋਈ ਕਰਨ ਲਈ ਅਪੀਲ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਲਿਖੇ ਇੱਕ ਵਿਸਤ੍ਰਿਤ ਪੱਤਰ ਵਿੱਚ ਕੌਂਸਲ ਦੇ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ ਨੇ 11 ਮੁੱਖ ਪ੍ਰਸਤਾਵ ਪੇਸ਼ ਕੀਤੇ ਹਨ, ਜਿਨ੍ਹਾਂ ਦਾ ਉਦੇਸ਼ ÷ਮਨੁੱਖਤਾ ਦੇ ਰਾਖੇ÷ ਗੁਰੂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਵਿਸ਼ਵ ਪੱਧਰ 'ਤੇ ਮਨਾਉਂਦਿਆਂ ਮਾਨਵੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਕਦਰਾਂ-ਕੀਮਤਾਂ ਦੀ ਰਾਖੀ ਲਈ ਗੁਰੂ ਸਾਹਿਬ ਵੱਲੋਂ ਦਿੱਤੇ ਮਹਾਨ ਬਲੀਦਾਨ ਨੂੰ ਚੇਤੇ ਕਰਨਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵੱਧ ਤੋਂ ਵੱਧ ਪ੍ਰਚਾਰ ਤੇ ਪਸਾਰ ਕਰਨਾ ਹੈ।

ਗਲੋਬਲ ਸਿੱਖ ਕੌਂਸਲ ਨੇ ਕਿਹਾ ਕਿ ਮਨੁੱਖੀ ਕਦਰਾਂ ਕੀਮਤਾਂ ਅਤੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਗੁਰੂ ਸਾਹਿਬ ਜੀ ਵੱਲੋਂ ਦਿੱਤੀ ਕੁਰਬਾਨੀ ਇੱਕ ਇਤਿਹਾਸਕ ਮੋੜ ਸੀ ਜੋ ਸਮੁੱਚੇ ਸੰਸਾਰ ਵਾਸਤੇ ਉਤਮ ਮਿਸਾਲ ਹੈ। ਇਸ ਕਰਕੇ ਉਨ੍ਹਾਂ ਦੀ ਲਾਮਿਸਾਲ ਕੁਰਬਾਨੀ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਉਣ ਅਤੇ ਆਜ਼ਾਦੀ ਤੇ ਨਿਆਂ ਦੇ ਰਾਖਿਆਂ ਵਜੋਂ ਸਿੱਖ ਕੌਮ ਦੇ ਅਕਸ ਨੂੰ ਹੋਰ ਪਰਪੱਕ ਕਰਨ ਲਈ ਆਪਸੀ ਤਾਲਮੇਲ ਸਦਕਾ ਆਲਮੀ ਯਤਨ ਕਰਨਾ ਬਹੁਤ ਜ਼ਰੂਰੀ ਹੈ। ਕੌਂਸਲ ਦੀ ਪ੍ਰਧਾਨ ਨੇ ਕਿਹਾ ਕਿ ਇਸ ਕੁਰਬਾਨੀ ਦੀ ਅਹਿਮੀਅਤ ਸਬੰਧੀ ਆਲਮੀ ਆਗੂਆਂ, ਸੰਸਥਾਵਾਂ ਅਤੇ ਸੰਗਤ ਨੂੰ ਸ਼ਾਮਲ ਕਰਕੇ ਖਾਸ ਕਰਕੇ ਗੁਰੂ ਸਾਹਿਬ ਅਤੇ ਉਨ੍ਹਾਂ ਨਾਲ ਤਿੰਨ ਸਿੱਖ ਪੈਰੋਕਾਰਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਵੱਲੋਂ ਸਹਿਣ ਕੀਤੇ ਜਬਰ-ਜ਼ੁਲਮ ਤੇ ਤਸੀਹਿਆਂ ਬਾਰੇ ਜਾਣਕਾਰੀ ਦੇ ਪ੍ਰਸਾਰ ਨਾਲ ਗੁਰਸਿੱਖੀ ਅਤੇ ਗੁਰਬਾਣੀ ਦੇ ਆਲਮੀ ਸੰਦੇਸ਼ ਬਾਰੇ ਵਧੇਰੇ ਜਾਗਰੂਕਤਾ ਪੈਦਾ ਕੀਤੀ ਜਾ ਸਕਦੀ ਹੈ।




ਉਨ੍ਹਾਂ ਦੱਸਿਆ ਕਿ ਐਸ.ਜੀ.ਪੀ.ਸੀ. ਅੱਗੇ ਇਹ ਤਜਵੀਜ਼ਾਂ ਰੱਖਣ ਲਈ ਜੀ.ਐਸ.ਸੀ. ਦੀ ਕਾਰਜਕਾਰੀ ਕਮੇਟੀ ਵੱਲੋਂ ਇੱਕ ਆਨਲਾਈਨ ਮੀਟਿੰਗ ਕੀਤੀ ਗਈ ਜਿਸ ਵਿੱਚ ਚੇਅਰਮੈਨ ਲਾਰਡ ਇੰਦਰਜੀਤ ਸਿੰਘ, ਉਪ ਪ੍ਰਧਾਨ ਪਰਮਜੀਤ ਸਿੰਘ ਬੇਦੀ ਅਮਰੀਕਾ ਅਤੇ ਰਾਮ ਸਿੰਘ ਰਾਠੌਰ ਮੁੰਬਈ, ਸਕੱਤਰ ਹਰਜੀਤ ਸਿੰਘ ਗਰੇਵਾਲ ਚੰਡੀਗੜ੍ਹ, ਖਜ਼ਾਨਚੀ ਹਰਸਰਨ ਸਿੰਘ ਪੁਡੂਚੇਰੀ ਅਤੇ ਕਾਰਜਕਾਰਨੀ ਦੇ ਮੈਂਬਰ ਜਗੀਰ ਸਿੰਘ ਮਲੇਸ਼ੀਆ, ਸਤਨਾਮ ਸਿੰਘ ਪੂਨੀਆ ਯੂਕੇ, ਗੁਰਦਿਆਲ ਸਿੰਘ ਫਰਾਂਸ, ਕਿਰਨਦੀਪ ਕੌਰ ਸੰਧੂ ਨੇਪਾਲ ਅਤੇ ਹਰਬੀਰ ਪਾਲ ਸਿੰਘ ਭਾਟੀਆ ਆਸਟ੍ਰੇਲੀਆ ਸਮੇਤ ਡਾ. ਕਰਮਿੰਦਰ ਸਿੰਘ ਇੰਡੋਨੇਸ਼ੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਡਾ. ਕੰਵਲਜੀਤ ਕੌਰ ਨੇ ਐਸ.ਜੀ.ਪੀ.ਸੀ. ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬ ਦੇ ਸ਼ਹੀਦੀ ਪੁਰਬ ਸਬੰਧੀ ਪੰਜਾਬ 'ਚ ਕਰਵਾਏ ਜਾਣ ਵਾਲੇ ਵੱਡੇ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ, ਵੱਖ-ਵੱਖ ਦੇਸ਼ਾਂ ਅਤੇ ਰਾਜਾਂ ਦੇ ਮੁਖੀਆਂ ਸਮੇਤ ਭਾਰਤ ਵਿੱਚ ਉਨ੍ਹਾਂ ਦੇ ਕੂਟਨੀਤਕ ਪ੍ਰਤੀਨਿਧੀਆਂ ਨੂੰ ਅਧਿਕਾਰਤ ਤੌਰ 'ਤੇ ਸੱਦਾ ਦੇਣ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਗੁਰੂ ਸਾਹਿਬ ਦੀ ਭੂਮਿਕਾ ਬਾਰੇ ਸਾਰੇ ਮੁਲਕਾਂ ਵਿੱਚ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਉਨ੍ਹਾਂ ਨੇ ਇਹ ਸੁਝਾਅ ਵੀ ਦਿੱਤਾ ਹੈ ਕਿ ਇਸ ਸ਼ਤਾਬਦੀ ਦੇ ਸ਼ਹੀਦੀ ਪੁਰਬ ਵਿੱਚ ਸ਼ਾਮਲ ਹੋਣ ਲਈ ਸੱਦੇ ਜਾਣ ਵਾਲੇ ਆਲਮੀ ਆਗੂਆਂ ਨੂੰ ਗੁਰੂ ਸਾਹਿਬ ਦੀ ਕੁਰਬਾਨੀ ਦੇ ਸਨਮਾਨ ਵਜੋਂ ਯਾਦਗਾਰੀ ਡਾਕ ਟਿਕਟਾਂ, ਸਿੱਕੇ ਜਾਂ ਕਰੰਸੀ ਨੋਟ ਜਾਰੀ ਕਰਨ ਸਬੰਧੀ ਬੇਨਤੀ ਕੀਤੀ ਜਾਵੇ। ਇਸ ਕਾਰਜ ਲਈ ਉਨ੍ਹਾਂ ਨੇ ਐਸ.ਜੀ.ਪੀ.ਸੀ. ਨੂੰ ਇਸਦੇ ਵਿਦੇਸ਼ੀ ਮਿਸ਼ਨਾਂ ਸਮੇਤ ਐਨ.ਆਰ.ਆਈ. ਸਲਾਹਕਾਰ ਕਮੇਟੀਆਂ ਦੀ ਸਹਾਇਤਾ ਲੈਣ ਲਈ ਕਿਹਾ ਹੈ।

ਉਨ੍ਹਾਂ ਐਸ.ਜੀ.ਪੀ.ਸੀ. ਨੂੰ ਕਿਹਾ ਹੈ ਕਿ ਗੁਰੂ ਸਾਹਿਬ ਜੀ ਦੀ ਜੀਵਨਗਾਥਾ, ਉਪਦੇਸ਼, ਕਸ਼ਮੀਰੀ ਪੰਡਤਾਂ ਦੇ ਧਰਮ ਦੀ ਰਾਖੀ ਲਈ ਦਿੱਤੇ ਬਲੀਦਾਨ ਅਤੇ ਉਨ੍ਹਾਂ ਨਾਲ ਤਿੰਨ ਸੂਰਮਿਆਂ ਦੀਆਂ ਕੁਰਬਾਨੀਆਂ ਦੀ ਜਾਣਕਾਰੀ ਵਾਲਾ ਇਕ ਸੰਖੇਪ ਪਰੰਤੂ ਖੋਜਪੂਰਕ ਕਿਤਾਬਚਾ ਤਿਆਰ ਕਰਕੇ ਵਿਦੇਸ਼ੀ ਮਹਿਮਾਨਾਂ, ਰਾਜਦੂਤਾਂ ਅਤੇ ਜਗਤ ਦੀਆਂ ਧਾਰਮਿਕ-ਸਮਾਜਿਕ ਸੰਸਥਾਵਾਂ ਨੂੰ ਪੜ੍ਹਨ ਲਈ ਭੇਜਿਆ ਜਾਵੇ। ਉਨ੍ਹਾਂ ਇਹ ਮੰਗ ਵੀ ਰੱਖੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਗੁਰੂ ਸਾਹਿਬ ਦੇ ਸ਼ਹੀਦੀ ਦਿਵਸ 'ਤੇ ਯਾਦਗਾਰੀ ਡਾਕ ਟਿਕਟ ਅਤੇ ਸਿੱਕਾ ਜਾਰੀ ਕਰਨ ਦੀ ਰਸਮੀ ਅਪੀਲ ਕੀਤੀ ਜਾਵੇ। ਉਨ੍ਹਾਂ ਨਾਲ ਹੀ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਵਿਦੇਸ਼ ਮੰਤਰਾਲੇ ਨੂੰ ਦੁਨੀਆ ਭਰ ਦੇ ਭਾਰਤੀ ਦੂਤਾਵਾਸਾਂ ਵਿੱਚ ਸੈਮੀਨਾਰ, ਭਾਸ਼ਣ ਅਤੇ ਕੀਰਤਨ ਦਰਬਾਰ ਕਰਵਾਉਣ ਸਬੰਧੀ ਨਿਰਦੇਸ਼ ਜਾਰੀ ਕਰਨ। ਇਸ ਚਿੱਠੀ ਵਿੱਚ ਕੌਂਸਲ ਨੇ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਹੈ ਕਿ ਕੇਂਦਰੀ ਸਿੱਖਿਆ ਮੰਤਰਾਲੇ ਕੋਲ ਨਵੰਬਰ ਮਹੀਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਵਿਸ਼ੇਸ਼ ਸੈਮੀਨਾਰ ਕਰਵਾਉਣ ਲਈ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਨਿਰਦੇਸ਼ ਜਾਰੀ ਕਰਨ ਦੀ ਮੰਗ ਵੀ ਰੱਖੀ ਜਾਵੇ ਅਤੇ ਨਾਲ ਹੀ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਬੱਚਿਆਂ ਲਈ ਕਲਾਸਰੂਮ ਸੈਸ਼ਨ ਕਰਵਾਉਣ ਵਾਸਤੇ ਵੱਖ-ਵੱਖ ਸਕੂਲ ਬੋਰਡਾਂ ਨੂੰ ਵੀ ਅਪੀਲ ਕੀਤੀ ਜਾਵੇ। ਉਨ੍ਹਾਂ ਨੇ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ 'ਤੇ ਪ੍ਰਾਈਮ ਟਾਈਮ ਮੌਕੇ ਗੁਰੂ ਸਾਹਿਬ ਦੇ ਜੀਵਨ ਅਤੇ ਕੁਰਬਾਨੀ ਦੀ ਗਾਥਾ ਦੇ ਪ੍ਰਸਾਰਣ ਦੇ ਨਾਲ-ਨਾਲ ਲਾਈਵ ਸ਼ਬਦ ਕੀਰਤਨ/ਗੁਰਬਾਣੀ ਕਥਾ ਦੇ ਪ੍ਰਸਾਰਣ ਸਬੰਧੀ ਪ੍ਰੋਗਰਾਮ ਚਲਾਉਣ ਬਾਰੇ ਲਿਖਤੀ ਬੇਨਤੀ ਕਰਨ ਦਾ ਪ੍ਰਸਤਾਵ ਵੀ ਰੱਖਿਆ ਹੈ।

ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਨੇ ਇੱਕ ਹੋਰ ਮਹੱਤਵਪੂਰਨ ਮੰਗ ਰੱਖਦਿਆਂ ਕਿਹਾ ਕਿ ਹੈ ਆਉਣ ਵਾਲਾ 'ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ' ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿੱਚ ਮਨਾਉਣ ਲਈ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੂੰ ਪੱਤਰ ਲਿਖਿਆ ਜਾਵੇ ਅਤੇ ਇਸ ਦਿਨ ਨੂੰ ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੇ ਨਾਂਅ ਨੂੰ ਸਮਰਪਿਤ ਕੀਤਾ ਜਾਵੇ ਅਤੇ ਗੁਰੂ ਸਾਹਿਬ ਦੀ ਕੁਰਬਾਨੀ ਨੂੰ ÷ਹੱਕ-ਸੱਚ ਅਤੇ ਧਾਰਮਿਕ ਆਜ਼ਾਦੀ÷ ਦੀ ਜੋਤ ਜਗਾਉਣ ਵਜੋਂ ਦੁਨੀਆਂ ਭਰ ਵਿੱਚ ਉਜਾਗਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੂੰ ਵੀ ਗੁਰੂ ਸਾਹਿਬ ਦੀ ਜੀਵਨੀ ਤੇ ਉਪਦੇਸ਼ ਬਾਰੇ ਆਪਣੇ ਕੀਮਤੀ ਵਿਚਾਰ ਰੱਖਣ ਲਈ ਬੇਨਤੀ ਕੀਤੀ ਜਾਵੇ। ਡਾ. ਕੰਵਲਜੀਤ ਕੌਰ ਨੇ ਐਸ.ਜੀ.ਪੀ.ਸੀ. ਨੂੰ ਸਾਰੇ ਦੇਸ਼ਾਂ ਵਿੱਚ ਵੱਖ-ਵੱਖ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਸਿੱਖ ਪੈਰੋਕਾਰਾਂ ਦੀ ਸ਼ਹਾਦਤ 'ਤੇ ਕੇਂਦ੍ਰਿਤ ਵਿਸ਼ੇਸ਼ ਧਾਰਮਿਕ ਪ੍ਰੋਗਰਾਮ ਕਰਵਾਉਣ ਦੀ ਅਪੀਲ ਵੀ ਕੀਤੀ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਸਮੂਹ ਸੰਗਤਾਂ ਨੂੰ ਵੱਡੇ-ਵੱਡੇ ਗੁਰੂ ਕੇ ਲੰਗਰ ਲਗਾਉਣ ਦੀ ਥਾਂ ਗੁਰੂ ਸਾਹਿਬ ਦੀ ਸ਼ਹਾਦਤ ਦੀ ਮਹੱਤਤਾ ਬਾਰੇ ਅਧਿਆਤਮਕ ਅਤੇ ਵਿਦਿਅਕ ਪ੍ਰੋਗਰਾਮਾਂ ਕਰਵਾਉਣ ਦਾ ਸੁਝਾਅ ਵੀ ਦਿੱਤਾ ਹੈ।

ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਨੇ ਇਹ ਤਜਵੀਜ਼ ਵੀ ਦਿੱਤੀ ਹੈ ਕਿ ਐਸ.ਜੀ.ਪੀ.ਸੀ. ਆਪਣੇ ਆਲਮੀ ਨੈੱਟਵਰਕ ਦੀ ਮੱਦਦ ਨਾਲ ਸ਼ਹੀਦੀ ਮਹੀਨੇ ਦੌਰਾਨ ਸਾਲਾਨਾ ਅੰਤਰਰਾਸ਼ਟਰੀ ਗੁਰਮਤਿ ਜਾਗਰੂਕਤਾ ਹਫ਼ਤਾ ਮਨਾਉਣ ਲਈ ਯਤਨ ਕਰਦਿਆਂ ਅਜਿਹੇ ਅਧਿਆਤਮਕ ਅਤੇ ਵਿਦਿਅਕ ਸਮਾਰੋਹਾਂ ਵਿੱਚ ਦੁਨੀਆਂ ਭਰ ਤੋਂ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਜਾਵੇ। ਇਸ ਕਾਰਜ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਮੇਜ਼ਬਾਨ ਸਰਕਾਰਾਂ, ਵਿਦੇਸ਼ਾਂ ਵਿਚਲੇ ਐਸ.ਜੀ.ਪੀ.ਸੀ. ਦੇ ਮਿਸ਼ਨਾਂ ਅਤੇ ਐਨਆਰਆਈ ਸਲਾਹਕਾਰ ਕਮੇਟੀਆਂ ਦੀ ਸਹਾਇਤਾ ਲਈ ਜਾਵੇ। ਕੌਂਸਲ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕਰਦਿਆਂ ਨੌਵੇਂ ਪਾਤਸ਼ਾਹ ਦੀ ਮਹਾਨ ਜੀਵਨ ਗਾਥਾ, ਕੁਰਬਾਨੀ ਅਤੇ ਸਿੱਖਿਆਵਾਂ ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਵੱਧ ਤੋਂ ਵੱਧ ਪ੍ਰਸਾਰ ਕਰਨ ਲਈ ਕਿਹਾ ਹੈ।

ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਕੌਂਸਲ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ 'ਤੇ ਇੱਕ ਸਾਲਾਨਾ ਅੰਤਰਰਾਸ਼ਟਰੀ ਪੁਰਸਕਾਰ ਸ਼ੁਰੂ ਕਰਨ ਦੀ ਵੀ ਸਿਫਾਰਸ਼ ਕੀਤੀ ਹੈ ਜੋ ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਲਈ ਯੋਗਦਾਨ ਪਾਉਣ ਵਾਲਿਆਂ ਨੂੰ ਸਨਮਾਨ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਤਰਫ਼ੋਂ ਦਿੱਤਾ ਜਾਵੇ। ਉਨ੍ਹਾਂ ਨੇ ਇੱਕ ਵਿਸ਼ੇਸ਼ ਆਨਲਾਈਨ ਪੋਰਟਲ ਜਾਂ ਐਪ ਬਣਾਉਣ ਦਾ ਵੀ ਪ੍ਰਸਤਾਵ ਦਿੱਤਾ ਹੈ ਜਿਸ ਵਿੱਚ ਵਿਸ਼ਵ ਭਰ 'ਚ ਵਸਦੇ ਆਮ ਨਾਗਰਿਕਾਂ ਦੀ ਜਾਣਕਾਰੀ ਅਤੇ ਅੰਤਰ-ਧਰਮ ਸਮਝ ਲਈ ਗੁਰਬਾਣੀ, ਗੁਰਮਤਿ, ਗੁਰੂ ਸਾਹਿਬਾਨ ਦੇ ਜੀਵਨ, ਲਿਖਤਾਂ ਅਤੇ ਇਤਿਹਾਸਕ ਸਥਾਨਾਂ ਬਾਰੇ ਜਾਣਕਾਰੀ ਦੇ ਵਿਆਪਕ ਸਰੋਤ ਅਤੇ ਸਿੱਖ ਵਿਦਵਾਨਾਂ ਦੇ ਵਿਚਾਰ ਸ਼ਾਮਲ ਹੋਣ।

ਗਲੋਬਲ ਸਿੱਖ ਕੌਂਸਲ ਨੇ ਇਹਨਾਂ ਪਹਿਲਕਦਮੀਆਂ ਦੇ ਅਮਲ ਵਿੱਚ ਸ਼੍ਰੋਮਣੀ ਕਮੇਟੀ ਨੂੰ ਆਪਣੇ ਪੂਰੇ ਸਹਿਯੋਗ ਅਤੇ ਸਮਰਥਨ ਦੀ ਪੇਸ਼ਕਸ਼ ਕਰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਨੌਵੇਂ ਪਾਤਸ਼ਾਹ ਦਾ 350ਵਾਂ ਸ਼ਹੀਦੀ ਪੁਰਬ ਉਨ੍ਹਾਂ ਵੱਲੋਂ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰਾਖੀ ਦੇ ਦਿਖਾਏ ਮਾਰਗ ਅਤੇ ਗੁਰੂ ਸਾਹਿਬ ਦੇ ਫ਼ਲਸਫ਼ੇ ਦੇ ਸਹੀ ਅਰਥਾਂ ਵਿੱਚ ਪ੍ਰਚਾਰ-ਪਸਾਰ ਲਈ ਇੱਕ ਇਤਿਹਾਸਕ ਕਦਮ ਸਾਬਤ ਹੋਵੇਗਾ।

# ਪਿੰਡ ਕੁਲਾਰਾਂ ਵਿਖੇ ਮੁਟਿਆਰਾਂ ਨੇ ਬੰਨਿਆ ਰੰਗ ਮਨਾਇਆ ਤੀਆਂ ਦਾ ਤਿਓਹਾਰ



**ਸਮਾਣਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਕੁਲਾਰਾਂ ਵਿਖੇ ਸਰਪੰਚ ਦਰਸ਼ਨਾ ਦੇਵੀ ਅਤੇ ਸਮੂਹ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਦੀ ਤਰ੍ਹਾਂ ਤੀਆਂ ਦਾ ਤਿਉਹਾਰ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁਟਿਆਰਾਂ ਅਤੇ ਮਹਿਲਾਵਾਂ ਵਲੋਂ ਲੋਕ ਨਾਚ ਗਿੱਧਾ, ਬੋਲੀਆਂ ਅਤੇ ਨੱਚ ਗਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੀ ਫੁਲਕਾਰੀ ਅਤੇ ਪੱਖੀਆਂ ਆਦਿ ਨਾਲ ਪੁਰਾਣੇ ਵਿਰਸੇ ਦੀ ਯਾਦ ਨੂੰ ਤਾਜ਼ਾ ਕੀਤਾ ।ਇਸ ਮੌਕੇ ਸਰਪੰਚ ਦਰਸ਼ਨਾ ਦੇਵੀ ਨੇ ਕਿਹਾ ਕਿ ਤੀਆਂ ਸਾਡੇ ਪੰਜਾਬੀ ਸੱਭਿਆਚਾਰ ਦਾ ਇੱਕ ਅਟੁੱਟ ਅੰਗ ਹਨ ਅਤੇ ਸਾਡੇ ਸੱਭਿਆਚਾਰ ਤੇ ਵਿਰਸੇ ਨੂੰ ਦਰਸਾਉਂਦਾ ਇਹ ਪ੍ਰੋਗਰਾਮ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸ੍ਰੋਤ ਹੈ। ਉਨ੍ਹਾਂ ਕਿਹਾ ਕਿ ਤੀਆਂ ਦੇ ਤਿਉਹਾਰ ਨੂੰ ਮਨਾਉਣ ਦਾ ਮੰਤਵ ਸਾਡੀਆਂ ਬੱਚੀਆਂ ਅਤੇ ਧੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜੀ ਰੱਖਣਾ ਹੈ।

ਸਰਪੰਚ ਦਰਸ਼ਨਾ ਦੇਵੀ ਵੱਲੋਂ ਪਿੰਡ ਦੀਆਂ ਨੂਹਾਂ, ਧੀਆਂ, ਮਤਾਵਾਂ ਅਤੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ ਗਿਆ।

# ਬੀ.ਐੱਸ.ਐੱਨ.ਐੱਲ ਨੇ ਸੁਤੰਤਰਤਾ ਦਿਵਸ 'ਤੇ ਆਪਣੇ ਖਪਤਕਾਰਾਂ ਨੂੰ ਦਿੱਤਾ ਤੋਹਫਾ

**ਬਰਨਾਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਚਾਰ ਨਿਗਮ ਲਿਮਿਟੇਡ (ਬੀ.ਐੱਸ.ਐੱਨ.ਐੱਲ) ਨੇ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਇੱਕ ਮਹੀਨੇ ਲਈ ਮੁਫ਼ਤ 47 ਸੇਵਾਵਾਂ ਦੀ 'ਆਜ਼ਾਦੀ ਯੋਜਨਾ' ਸ਼ੁਰੂ ਕੀਤੀ ਹੈ। ਇਸ ਦੇ ਤਹਿਤ ਬੀ.ਐੱਸ.ਐੱਨ.ਐੱਲ ਸਿਰਫ਼ 1 ਰੁਪਏ ਵਿੱਚ ਇੱਕ ਸਿਮ ਦਿਤਾ ਜਾਵੇਗਾ। ਜਿਸ ਕਾਰਨ ਉਪਭੋਗਤਾਵਾਂ ਨੂੰ ਪੂਰੇ ਮਹੀਨੇ ਤੱਕ ਬੀ.ਐੱਸ.ਐੱਨ.ਐੱਲ ਮੋਬਾਈਲ ਸੇਵਾਵਾਂ ਮਿਲਣਗੀਆਂ। ਇਹ ਜਾਣਕਾਰੀ ਬੀ.ਐਸ.ਐਨ.ਐਲ ਸੰਗਰੂਰ/ਬਰਨਾਲਾ ਦੇ ਡਿਪਟੀ ਜਨਰਲ ਮੈਨੇਜਰ ਰਾਜਪਾਲ ਦਹੀਆ ਨੇ ਦਿੱਤੀ। ਸ੍ਰੀ ਰਾਜਪਾਲ ਦਹੀਆ ਨੇ ਦੱਸਿਆ ਕਿ ਭਾਰਤ ਦੀ ਭਰੋਸੇਯੋਗ ਸਰਕਾਰੀ ਟੈਲੀਕਾਮ ਕੰਪਨੀ ਬੀਐੱਸਐੱਨਐੱਲ ਨੇ 'ਆਜ਼ਾਦੀ ਯੋਜਨਾ' ਸ਼ੁਰੂ ਕੀਤੀ ਹੈ।

# ਸਰਕਾਰੀ ਡਾਕਟਰਾਂ ਨੇ ਹਸਪਤਾਲਾਂ ਵਿੱਚ ਸੁਰੱਖਿਆ ਦਾ ਮੁੱਦਾ ਹੱਲ ਨਾ ਹੋਣ ਤੇ ਜ਼ੋਰਦਾਰ ਵਿਰੋਧ ਦੀ ਦਿੱਤੀ ਚੇਤਾਵਨੀ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਿਵਲ ਮੈਡੀਕਲ ਸਰਵਿਸਿਸ ਐਸੋਸੀਏਸ਼ਨ ਦੀ ਪਟਿਆਲਾ ਇਕਾਈ ਨੇ ਅੱਜ ਸਿਵਲ ਸਰਜਨ ਪਟਿਆਲਾ ਨੂੰ ਮੈਮੋਰੈਂਡਮ ਦਿੰਦਿਆ ਦੱਸਿਆ ਕਿ ਪਿਛਲੇ ਹਫਤੇ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀ ਕੁਮਾਰ ਰਾਹੁਲ ਨਾਲ ਹੋਈ ਮੀਟਿੰਗ ਵਿੱਚ ਸਰਕਾਰੀ ਹਸਪਤਾਲਾਂ ਲਈ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ ਸਬੰਧੀ ਹੋਈ ਗੱਲਬਾਤ ਵਿੱਚ ਇਹ ਭਰੋਸਾ ਦਿੱਤਾ ਗਿਆ ਸੀ ਕਿ 19 ਅਗਸਤ ਤੱਕ ਹਸਪਤਾਲਾਂ ਵਿੱਚ ਸੁਰੱਖਿਆ ਕਰਮੀ ਮੁਹਈਆ ਕਰਵਾ ਦਿੱਤੇ ਜਾਣਗੇ। ਉਸੀ ਅੰਤਿਮ ਮਿਤੀ ਨੂੰ ਯਾਦ ਕਰਵਾਉਂਦੇ ਹੋਏ ਐਸੋਸੀਏਸ਼ਨ ਨੇ ਸਿਵਲ ਸਰਜਨ ਪਟਿਆਲਾ ਨੂੰ ਮੈਮੋਰੈਂਡਮ ਦਿੱਤਾ ਕਿ ਜੇਕਰ ਹੁਣ ਵੀ ਸਰਕਾਰ ਅਵੇਸਲੀ ਰਹੇਗੀ ਅਤੇ ਵਿਭਾਗੀ ਪੱਧਰ ਤੇ ਕੋਈ ਪ੍ਰਬੰਧ ਨਹੀਂ ਕੀਤੇ ਜਾਂਦੇ ਤਾਂ ਸਾਡੇ ਕੋਲ ਵਿਰੋਧ ਪ੍ਰਦਰਸ਼ਨ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਰਹਿ ਜਾਂਦਾ।




ਗੌਰਤਲਬ ਹੈ ਕਿ ਪਿਛਲੇ ਸਾਲ ਵੀ ਅਗਸਤ ਮਹੀਨੇ ਵਿੱਚ ਵੱਖ-ਵੱਖ ਹਸਪਤਾਲਾਂ ਵਿੱਚ ਹੋਈਆਂ ਘਟਨਾਵਾਂ ਤੋਂ ਬਾਅਦ ਸਾਰੇ ਪੰਜਾਬ ਵਿੱਚ ਸਰਕਾਰੀ ਹਸਪਤਾਲਾਂ ਨੂੰ ਸੁਰੱਖਿਆ ਦੇਣ ਦੀ ਆਵਾਜ਼ ਉੱਠੀ ਸੀ, ਜਿਸ ਦੌਰਾਨ ਹੜਤਾਲ ਵੀ ਕੀਤੀ ਗਈ ਸੀ ਅਤੇ ਮਰੀਜ਼ਾਂ ਨੇ ਵੀ ਸਰਕਾਰੀ ਡਾਕਟਰਾਂ ਦੀ ਇਸ ਜਾਇਜ ਮੰਗ ਦਾ ਸਾਥ ਦਿੰਦੇ ਹੋਏ ਸਮਰਥਨ ਦਿੱਤਾ ਸੀ। ਕਿਉਂਕਿ ਮਰੀਜ਼ ਵੀ ਸੁਰੱਖਿਆ ਪ੍ਰਬੰਧਾਂ ਦੀ ਘਾਟ ਕਾਰਨ ਪਰੇਸ਼ਾਨ ਹੁੰਦੇ ਹਨ ਅਤੇ ਕਈ ਵਾਰ ਮਰੀਜ਼ਾਂ ਦਾ ਵੀ ਫੋਨ ਆਦਿ ਕੀਮਤੀ ਸਮਾਨ ਹਸਪਤਾਲ ਵਿੱਚੋਂ ਕੋਈ ਚੋਰੀ ਕਰਕੇ ਲੈ ਜਾਂਦਾ ਹੈ। ਪਿਛਲੇ ਸਾਲ ਹੜਤਾਲ ਖਤਮ ਕਰਾਉਣ ਲਈ ਸਿਹਤ ਮੰਤਰੀ ਨੇ ਚੰਡੀਗੜ੍ਹ ਪੰਜਾਬ ਭਵਨ ਵਿਖੇ ਮੀਡੀਆ ਸਾਹਮਣੇ ਆ ਕੇ ਇਕ ਹਫਤੇ ਵਿੱਚ ਹਸਪਤਾਲਾਂ ਦੇ ਸੁਰੱਖਿਆ ਪ੍ਰਬੰਧ ਪੂਰੇ ਕਰਾਉਣ ਦੇ ਵਾਅਦੇ ਕੀਤੇ ਸਨ ਲੇਕਿਨ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਹੁਣ ਤੱਕ ਇੱਕ ਵੀ ਹਸਪਤਾਲ ਵਿੱਚ ਸੁਰੱਖਿਆ ਕਰਮੀ ਨਹੀਂ ਭੇਜਿਆ ਗਿਆ। ਡਾਕਟਰਾਂ ਅਤੇ ਹਸਪਤਾਲ ਕਰਮੀਆਂ ਵਿੱਚ ਇਸ ਸਬੰਧੀ ਭਾਰੀ ਰੋਸ ਹੈ।

ਐਸੋਸੀਏਸ਼ਨ ਦੀ ਪਟਿਆਲਾ ਇਕਾਈ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਵੱਖ-ਵੱਖ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਬਾਰੇ ਦੱਸਿਆ ਗਿਆ। ਕੈਰੀਅਰ ਪ੍ਰੋਗਰੈਸ਼ਨ ਦੇ ਤੌਰ ਤੇ ਸਰਕਾਰ ਵੱਲੋਂ ਅਨਾਊਂਸ ਕੀਤੀ ਗਈ ਐਮਏਸੀਪੀ ਸਕੀਮ ਹਾਲੇ ਤੱਕ ਲਾਗੂ ਨਹੀਂ ਕੀਤੀ ਗਈ, ਕਈ ਸਿਹਤ ਕੇਂਦਰਾਂ ਨੂੰ 24/7 ਐਮਰਜੈਂਸੀ ਸੇਵਾਵਾਂ ਲਈ ਚਲਾਇਆ ਜਾਂਦਾ ਹੈ ਪਰ ਉਥੇ ਡਾਕਟਰਾਂ ਦੀ ਲੋੜੀਂਦੀਆਂ ਪੋਸਟਾਂ ਸੈਂਕਸ਼ਨ ਹੀ ਨਹੀਂ ਹਨ ਜਿਸ ਨਾਲ ਦੂਜੇ ਹਸਪਤਾਲਾਂ ਤੋਂ ਡਾਕਟਰਾਂ ਨੂੰ ਉਥੇ ਭੇਜ ਕੇ ਐਮਰਜਸੀ ਚਲਾਈ ਜਾਂਦੀ ਹੈ ਲੇਕਿਨ ਜਿੱਥੋਂ ਹਟਾਇਆ ਜਾਂਦਾ ਹੈ ਉਥੇ ਵੀ ਮਰੀਜ਼ਾਂ ਨੂੰ ਦਿੱਕਤ ਆਉਂਦੀ ਹੈ ਕਿਉਂਕਿ ਉਹ ਡਾਕਟਰ ਅਗਲੇ ਦਿਨ ਦੁਬਾਰਾ ਉਹਨਾਂ ਨੂੰ ਮਿਲ ਹੀ ਨਹੀਂ ਪਾਉਂਦਾ। ਕੁਝ ਸਿਹਤ ਕੇਂਦਰ ਜਿਨਾਂ ਵਿੱਚ ਨਾ ਤਾਂ ਪੂਰੇ ਡਾਕਟਰ ਹਨ, ਨਾ ਹੀ ਸਟਾਫ ਨਰਸਾਂ ਹਨ ਅਤੇ ਨਾ ਹੀ ਉੱਥੇ ਸੁਰੱਖਿਆ ਦੇ ਪ੍ਰਬੰਧ ਹਨ ਫਿਰ ਵੀ ਦੇਰ ਰਾਤ ਮੈਡੀਕਲ ਲੀਗਲ ਕੇਸਾਂ ਲਈ ਐਮਰਜਸੀ ਚਲਾਈ ਜਾਂਦੀ ਹੈ ਜਿੱਥੇ ਨਸ਼ੇ ਦੀ ਹਾਲਤ ਵਿੱਚ ਆ ਕੇ ਲੋਕ ਸਟਾਫ ਨੂੰ ਤੰਗ ਪਰੇਸ਼ਾਨ ਕਰਦੇ ਹਨ ਅਤੇ ਕਈ ਵਾਰ ਆਪਣੇ ਹੱਕ ਵਿੱਚ ਮੈਡੀਕਲ ਰਿਪੋਰਟ ਬਣਵਾਓਣ ਦੇ ਲਈ ਭੀੜ ਇਕੱਠੀ ਕਰਕੇ ਵੀ ਆ ਜਾਂਦੇ ਹਨ। ਇਸ ਲਈ ਬਿਨਾਂ ਸੁਰੱਖਿਆ ਇੰਤਜਾਮਾਂ ਦੇ ਅਜਿਹੀ ਥਾਂ ਤੇ ਰਾਤ ਦੀ ਐਮਰਜੈਂਸੀ ਸ਼ਿਫਟ ਨਹੀਂ ਚਲਾਉਣੀ ਚਾਹੀਦੀ।

ਸਪੈਸ਼ਲਿਸਟ ਡਾਕਟਰਾਂ ਨੂੰ ਜਨਰਲ ਡਾਕਟਰਾਂ ਦੀ ਘਾਟ ਕਾਰਨ ਐਮਰਜਸੀ ਸ਼ਿਫਟ ਵਿੱਚ ਲਗਾਇਆ ਜਾਂਦਾ ਹੈ ਜਿਸ ਨਾਲ ਓ.ਪੀ.ਡੀ ਵਿੱਚ ਮਰੀਜਾਂ ਨੂੰ ਨਹੀਂ ਮਿਲ ਪਾਓਦੇ, ਜਿਸ ਨਾਲ ਮਰੀਜ। ਖੱਜਲ ਖੁਆਰ ਹੁੰਦੇ ਹਨ ਤੇ ਡਾਕਟਰਾਂ ਨੂੰ ਜਿੰਮੇਵਾਰ ਸਮਝਦੇ ਹਨ। ਇਸ ਨਾਲ ਸਰਕਾਰੀ ਹਸਪਤਾਲਾਂ ਦਾ ਅਕਸ ਖਰਾਬ ਹੁੰਦਾ ਹੈ।

# ਪਾਵਰਕਾਮ ਪੈਨਸ਼ਨਰਜ਼ ਵਲੋਂ ਕੀਤਾ ਗਿਆ ਅਰਥੀ ਫੂਕ ਮੁਜਾਹਰਾ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਾਜਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਪੰਜਾਬ ਦੇ ਸੱਦੇ ਤੇ ਅੱਜ ਪਟਿਆਲਾ ਵਿਖੇ 66 ਕੇ.ਵੀ. ਸਬ ਸਟੇਸ਼ਨ ਵਿਖੇ ਪਾਵਰਕਾਮ ਪੈਨਸ਼ਨਰਜ਼ ਪਟਿਆਲਾ ਸਰਕਲ ਦੀਆਂ ਲੋਕਲ ਡਵੀਜਨਾਂ ਵੱਲੋਂ ਅਰਥੀ ਫੂਕ ਮੁਜਾਹਰਾ ਕੀਤਾ ਗਿਆ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਸਾਥੀਆਂ ਨੇ ਹਿੱਸਾ ਲਿਆ। ਇਹ ਰੋਸ ਪ੍ਰਦਰਸ਼ਨ ਪੰਜਾਬ ਸਰਕਾਰ ਵੱਲੋਂ 29 ਜੁਲਾਈ ਦੀ ਮੀਟਿੰਗ ਮੁੜ ਮੁਲਤਵੀ ਕਰਨ ਕਰਕੇ ਕੀਤਾ ਗਿਆ। ਇਹ ਰੋਸ ਪ੍ਰਦਰਸ਼ਨ ਸ੍ਰੀ ਅਤਰ ਸਿੰਘ ਡਵੀਜਨ ਪ੍ਰਧਾਨ ਸਬ ਅਰਬਨ ਮੰਡਲ ਪਟਿਆਲਾ ਅਤੇ ਸ੍ਰੀ ਕ੍ਰਿਸ਼ਨ ਕੁਮਾਰ ਪੂਰਬ ਮੰਡਲ ਪਟਿਆਲਾ ਅਤੇ ਰਾਮ ਚੰਦ ਧਾਮੋਮਾਜਰਾ ਮਾਡਲ ਟਾਊਨ ਪਟਿਆਲਾ ਡਵੀਜਨ ਪ੍ਰਧਾਨ, ਬਲਜਿੰਦਰ ਸਿੰਘ ਪੱਛਮ ਮੰਡਲ ਪਟਿਆਲਾ ਦੀ ਅਗਵਾਈ ਵਿੱਚ ਕੀਤਾ ਗਿਆ। ਜਿਸ ਵਿੱਚ ਸੂਬਾ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਇਸ ਰੋਸ ਧਰਨੇ ਵਿੱਚ ਸਰਵ ਸ੍ਰੀ ਸੰਤ ਰਾਮ ਚੀਮਾ, ਰਾਮ ਚੰਦ ਬਖਸ਼ੀਵਾਲਾ ਸਰਕਲ ਸਕੱਤਰ ਪਟਿਆਲਾ, ਸ੍ਰੀ ਨਾਥ ਰਾਮ, ਠਾਣਾ ਸਿੰਘ, ਕ੍ਰਿਸ਼ਨ ਦੇਵ, ਲਖਵੀਰ ਸਿੰਘ, ਸੁਰਿੰਦਰ ਸਿੰਘ ਖਾਲਸਾ, ਓਮ ਪ੍ਰਕਾਸ਼, ਬਲਜਿੰਦਰ ਸਿੰਘ, ਕਾਕਾ ਸਿੰਘ, ਆਦਿ ਹਾਜਰ ਸਨ। ਪੈਨਸ਼ਨਰਜ਼ ਅਤੇ ਸਾਂਝਾ ਫਰੰਟ ਪੰਜਾਬ ਦੇ ਸੱਦੇ ਤੇ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਦੀ ਅਰਥੀ ਸਾੜੀ ਗਈ ਅਤੇ ਮੰਗ ਕੀਤੀ ਗਈ ਕਿ 2.59 ਦਾ ਫਾਰਮੂਲਾ ਪੈਨਸ਼ਨਰਾਂ ਤੇ ਵੀ ਲਾਗੂ ਕੀਤਾ ਜਾਵੇ। ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ। ਮੁਲਾਜਮਾਂ ਦੇ ਬਕਾਏ ਤੁਰੰਤ ਦਿੱਤੇ ਜਾਣ। 200 ਰੁਪਏ ਲਾਏ ਜੱਜੀਆ ਟੈਕਸ ਬੰਦ ਕੀਤਾ ਜਾਵੇ, ਠੇਕੇਦਾਰੀ ਪ੍ਰਥਾ ਬੰਦ ਕਰਕੇ ਰੈਗੂਲਰ ਭਰਤੀਆਂ ਕੀਤੀਆਂ ਜਾਣ ਆਦਿ ਮੰਗਾਂ ਬਾਰੇ ਵਿਚਾਰ ਰੱਖੇ ਗਏ।




# 11 ਲਾੜਿਆਂ ਦੀ ਫਰੇਬੀ ਲਾੜੀ



**ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਤੋਂ ਇਲਾਵਾ ਰਾਜਸਥਾਨ ਅਤੇ ਬਿਹਾਰ ਵਿਚ ਵੀ ਮੇਘਾ ਨੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਸੀ। ਪਰਿਵਾਰ ਦੇ ਨਾਂ ਤੇ ਮੇਘਾ ਦੇ ਵਿਆਹ ਵਿਚ ਭੈਣ ਅਤੇ ਜੀਜਾਵੀ ਸ਼ਾਮਲ ਹੁੰਦੇ। ਕੁਝ ਮਾਮਲਿਆਂ ਵਿਚ ਉਹ ਖੁਦ ਨੂੰ ਅਨਾਥ ਅਤੇ ਦੁਖਿਆਰੀ ਲੜਕੀ ਦੱਸ ਕੇ ਇਕੱਲੀ ਹੀ ਰਿਸ਼ਤਾ ਪੱਕਾ ਕਰ ਲੈਂਦੀ ਸੀ। ਉਹ ਹਸਮੁਖ ਸੁਭਾਅ ਦੀ ਸੀ। ਇਸ ਕਰਕੇ ਵਿਆਹ ਤੋਂ ਬਾਅਦ ਲਾੜ੍ਹੇ ਦੇ ਘਰ ਵਾਲਿਆਂ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਘੁਲ-ਮਿਲ ਜਾਂਦੀ ਸੀ। ਇਸ ਤਰ੍ਹਾਂ ਉਹ ਇਕ ਤੀਰ ਨਾਲ ਦੋ ਸ਼ਿਕਾਰ ਕਰਦੀ ਸੀ। ਇਕ ਤਾਂ ਲੜਕੇ ਵਾਲੇ ਉਸ ਦੇ ਕੰਮਕਾਜ ਦੀ ਸ਼ਲਾਘਾ ਕਰਦੇ ਹੋਏ ਵਿਸ਼ਵਾਸ ਕਰਨ ਲੱਗਦੇ ਸਨ। ਦੂਜਾ ਉਸਨੂੰ ਨੀਂਦ ਦੀਆਂ ਗੋਲੀਆਂ ਮਿਲਾਉਣਾ ਸੌਖਾ ਹੋ ਜਾਂਦਾ ਸੀ। ਉਹ ਅਜਿਹੀ ਅਦਾਕਾਰ ਬਣ ਚੁੱਕੀ ਸੀ ਕਿ ਸਾਰੇ ਉਸ ਤੇ ਪੂਰੀ ਤਰ੍ਹਾਂ ਯਕੀਨ ਕਰਦੇ ਸਨ।**

ਭਾਰਤ ਦੀ ਰਾਜਧਾਨੀ ਦਿੱਲੀ ਨਾਲ ਲੱਗਦੇ ਨੋਇਡਾ ਸ਼ਹਿਰ ਵਿਚ ਕਾਰਖਾਨਿਆਂ ਅਤੇ ਵੱਡੀਆਂ ਵੱਡੀਆਂ ਕੰਪਨੀਆਂ ਦੀ ਬਹੁਤ ਜ਼ਿਆਦਾ ਗਿਣਤੀ ਹੈ, ਜਿਹਨਾਂ ਵਿਚ ਕੰਮ ਕਰਨ ਲਏ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਏ ਲੋਕ ਇੱਥੇ ਰਹਿੰਦੇ ਹਨ। ਰਹਿਣ ਵਾਲਿਆਂ ਦੀ ਗਿਣਤੀ ਵਧਦੀ ਗਈਤਾਂ ਫਲੈਟ ਕਲਚਰ ਕਾਇਮ ਹੋਇਆ, ਜਿਹਨਾਂ ਵਿਚ ਰਹਿਣ ਵਾਲੇ ਲੋਕ ਇਕ-ਦੂਜੇ ਨਾਲ ਜ਼ਿਆਦਾ ਸਬੰਧ ਨਹੀਂ ਰੱਖਦੇ। ਇਸਨੂੰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਲੋਕ ਨਿੱਜੀ ਜ਼ਿੰਦਗੀ ਵਿਚ ਕਿਸੇ ਦੀ ਦਖਲਅੰਦਾਜ਼ੀ ਪਸੰਦ ਨਹੀਂ ਕਰਦੇ। ਅਜਿਹੇ ਵਿਚ ਕਿਸ ਫਲੈਟ ਵਿਚ ਕੌਣ ਰਹਿੰਦਾ ਹੈ ਅਤੇ ਕੌਣ ਕੀ ਕਰਦਾ ਹੈ, ਪੜੌਸੀਆਂ ਤੱਕ ਨੂੰ ਪਤਾ ਨਹੀਂ ਹੁੰਦਾ। ਨੋਇਡਾ ਸ਼ਹਿਰ ਦੇ ਹੀ ਸੈਕਟਰ 120 ਸਥਿਤ ਜੋਡੀਏਕ ਅਪਾਰਟਮੈਂਟ ਸੁਸਾਇਟੀ ਵੀ ਇਸ ਆਧੁਨਿਕ ਅਸਲੀਅਤ ਤੋਂ ਵੱਖਰੀ ਨਹੀਂ ਸੀ। 17 ਦਸੰਬਰ 2016 ਦੀ ਸਵੇਰ ਪੁਲਿਸ ਦੀਆਂ 2 ਗੱਡੀਆਂ ਸੁਸਾਇਟੀ ਵਿਚ ਆ ਕੇ ਰੁਕੀਆਂ। ਪੁਲਿਸ ਨੇ ਗੇਟ ਤੇ ਤਾਇਨਾਤ ਸੁਰੱਖਿਆ ਕਰਮਚਾਰੀ ਤੋਂ ਕੁਝ ਪੁੱਛਗਿੱਛ ਕੀਤੀ ਅਤੇ ਫਿਰ ਇਕ ਸੁਰੱਖਿਆ ਕਰਮਚਾਰੀ ਨੂੰ ਨਾਲ ਲੈ ਕੇ ਸਿੱਧਾ 11ਵੀਂ ਮੰਜ਼ਿਲ ਤੇ ਬਣੇ ਫਲੈਟ ਨੰਬਰ 1104 ਦੇ ਸਾਹਮਣੇ ਜਾ ਪਹੁੰਚੇ।

ਘੰਟੀ ਵਜਾਈ ਤਾਂ ਅੰਦਰੋਂ ਕਿਸੇ ਲੜਕੀ ਦੀ ਆਵਾਜ਼ ਆਈ। ਲੜਕੀ ਨੇ ਦਰਵਾਜ਼ਾ ਖੋਲ੍ਹਿਆ ਅਤੇ ਪੁਲਿਸ ਵਾਲਿਆਂ ਨੂੰ ਦੇਖ ਕੇ ਉਸਦੇ ਚਿਹਰੇ ਦੀਆਂ ਹਵਾਈਆਂ ਉਡ ਗਈਆਂ। ਉਹ ਕੁਝ ਸਮਝ ਪਾਉਂਦੀ ਇਸ ਤੋਂ ਪਹਿਲਾਂ ਹੀ ਪੁਲਿਸ ਵਾਲਿਆਂ ਨੇ ਪੁੱਛਿਆ, ਮੇਘਾ ਕਿੱਥੇ ਹੈ ?

ਪਰ ਉਹ ਮੁੱਕਰ ਗਈ, ਕਿਹਾ ਕੌਣ ਮੇਘਾ ਮੈਂ ਨਹੀਂ ਜਾਣਦੀ ?

ਪੁਲਿਸ ਅੰਦਰ ਗਈ ਤਾਂ ਅੰਦਰ ਇਕ ਲੜਕੀ ਇਕ ਲੜਕੇ ਨਾਲ ਬੈਠੀ ਟੀ. ਵੀ. ਦੇਖ ਰਹੀ ਸੀ। ਚਲੋ ਮੇਘਾ ਬਹੁਤ ਵਿਆਹ ਕਰਵਾ ਲਏ, ਹੁਣ ਜੇਲ੍ਹ ਜਾਣ ਦਾ ਵਕਤ ਆ ਗਿਆ। ਪੁਲਿਸ ਨੇ ਫਲੈਟ ਵਿਚ ਰਹਿਣ ਵਾਲੇ ਤਿੰਨ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਥਾਣੇ ਲੈ ਗਈ। ਉਸ ਵਿਚ ਉਸਦੀ ਭੈਣ ਪ੍ਰਾਚੀ ਅਤੇ ਜੀਜਾ ਦਵਿੰਦਰ ਸ਼ਰਮਾ ਸ਼ਾਮਲ ਸਨ। ਅਗਲੇ ਦਿਨ ਇਹ ਖਬਰ ਅਖਬਾਰਾਂ ਦੀ ਸੁਰਖੀ ਬਣੀ। ਇਹ ਕੋਈ ਮਾਮੂਲੀ ਲੜਕੀ ਨਹੀਂ ਸੀ। ਉਸ ਨੇ 11 ਲੋਕਾਂ ਨਾਲ ਵਿਆਹ ਕਰਕੇ ਉਹਨਾਂ ਤੋਂ ਕਰੀਬ 1 ਕਰੋੜ ਤੋਂ ਜ਼ਿਆਦਾ ਠੱਗ ਲਏ ਸਨ। ਲੋਕ ਉਸਦੀ ਸੁੰਦਰਤਾ ਦੇ ਜਾਲ ਵਿਚ ਅਸਾਨੀ ਨਾਲ ਫਸ ਜਾਂਦੇ ਸਨ। ਜਦਕਿ ਉਹ ਵਿਆਹ ਦੀ ਸ਼ਹਿਨਾਈ ਵਿਚ ਧੋਖੇ ਦੀ ਧੁਨ ਵਜਾਉਂਦੀ ਸੀ।

ਉਹਨਾਂ ਦੀ ਨਵੀਂ ਲਾੜੀ ਫਰੇਬੀ ਹੁੰਦੀ ਸੀ ਅਤੇ ਉਹ ਕੁਝ ਹੀ ਦਿਨਾਂ ਵਿਚ ਪੂਰੇ ਪਰਿਵਾਰ ਨੂੰ ਨੀਂਦ ਦੀਆਂ ਗੋਲੀਆਂ ਖੁਆ ਕੇ ਘਰ ਵਿਚ ਰੱਖੀ ਨਕਦੀ ਅਤੇ ਗਹਿਣੇ ਲੈ ਕੇ ਦੌੜ ਜਾਂਦੀ ਸੀ। ਇਸ ਤੋਂ ਬਾਅਦ ਐਸ਼ ਪ੍ਰਸਤ ਜ਼ਿੰਦਗੀ ਜਿਊਣ ਵਾਲੀ ਮੇਘਾ ਫਿਰ ਨਵੇਂ ਬੱਕਰੇਦੀ ਭਾਲ ਕਰਦੀ ਸੀ। ਸਿਲਸਿਲਾ ਰੁਕ ਨਹੀਂ ਰਿਹਾ ਸੀ। ਕੇਰਲ ਦੇ ਤ੍ਰਿਵੇਂਦਰਮ ਵਿਚ ਵੀ ਮੇਘਾ ਫਰੇਬ ਦੀ ਅਜਿਹੀ ਖੇਡ ਖੇਡ ਕੇ ਆਈ ਸੀ। ਨੋਇਡਾ ਪੁਲਿਸ ਦੀ ਮਦਦ ਨਾਲ ਉਸਨੂੰ ਗ੍ਰਿਫਤਾਰ ਕਰਨ ਵਾਲੀ ਕੇਰਲ ਪੁਲਿਸ ਹੀ ਸੀ।

27 ਸਾਲਾ ਮੇਘਾ ਭਾਰਗਵ ਮੂਲ ਤੌਰ ਤੇ ਭੋਪਾਲ ਦੇ ਅਸ਼ੋਕ ਨਗਰ ਨਿਵਾਸੀ ਉਮੇਸ਼ ਭਾਰਗਵ ਦੀਆਂ 4 ਲੜਕੀਆਂ ਵਿਚੋਂ ਤੀਜੇ ਨੰਬਰ ਤੇ ਸੀ। ਉਸ ਨੇ ਐਮ. ਬੀ. ਏ. ਕੀਤੀ ਹੋਈ ਸੀ। ਉਹ ਸ਼ੁਰੂ ਤੋਂ ਹੀ ਸ਼ੈਤਾਨ ਦਿਮਾਗ ਦੀ ਸੀ। ਸਧਾਰਨ ਜ਼ਿੰਦਗੀ ਉਸ ਨੂੰ ਬਿਲਕੁਲ ਚੰਗੀ ਨਹੀਂ ਲੱਗਦੀ ਸੀ। ਕਰੀਬ 6 ਸਾਲ ਪਹਿਲਾਂ ਮੇਘਾ ਨੇ ਕੇਤਨ ਨਾਮੀ ਲੜਕੇ ਤੋਂ ਇਕ ਕਾਲਜ ਵਿਚ ਐਡਮੀਸ਼ਨ ਕਰਵਾਉਣ ਦੇ ਨਾਂ ਤੇ 80 ਹਜ਼ਾਰ ਲਏ ਸਨ ਪਰ ਐਡਮਿਸ਼ਨ ਨਾ ਹੋ ਸਕੀ ਤਾਂ ਕੇਤਨ ਆਪਣੇ ਪੈਸੇ ਵਾਪਸ ਮੰਗਣ ਲੱਗਿਆ। ਮੇਘਾ ਨੇ ਵਾਪਸ ਕਰਨ ਦੀ ਬਜਾਏ ਉਸ ਦੇ ਖਿਲਾਫ ਹੀ ਰਿਪੋਰਟ ਕੀਤੀ ਪਰ ਪੁਲਿਸ ਨੇ ਸੱਚ ਦੇਖਦਿਆਂ ਮੇਘਾ ਦੇ ਖਿਲਾਫ ਪਰਚਾ ਦਰਜ ਕਰ ਦਿੱਤਾ। ਦਰਅਸਲ ਮੇਘਾ ਦਾ ਮਕਸਦ ਉਸਨੂੰ ਧੋਖਾ ਦੇਣਾ ਹੀ ਸੀ। ਕੇਤਨ ਅਦਾਲਤ ਵਿਚ ਗਿਆ ਤਾਂ ਮੇਘਾ ਪਰਿਵਾਰ ਸਮੇਤ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਦੇ ਗੋਇਲ ਵਿਹਾਰ ਵਿਚ ਸ਼ਿਫਟ ਹੋ ਗਈ ਪਰ ਕੇਤਨ ਨੇ ਉਸ ਦਾ ਪਿੱਛਾ ਨਾ ਛੱਡਿਆ। ਕਰੀਬ 2 ਸਾਲ ਪਹਿਲਾਂ ਮੇਘਾ ਦੀ ਮੁਲਾਕਾਤ ਮਹਿੰਦਰ ਬੁੰਦੇਲਾ ਨਾਲ ਹੋਈ। ਸਮਾਜ ਵਿਚ ਅਜਿਹੇ ਸ਼ਾਤਿਰ ਲੋਕਾਂ ਦੀ ਕਮੀ ਨਹੀਂ ਹੈ, ਜੋ ਲੋਕਾਂ ਨੂੰ ਲੁੱਟਣ ਦੀ ਕਲਾ ਜਾਣਦੇ ਹਨ।

ਮੇਘਾ ਦੇ ਰੰਗ-ਢੰਗ ਅਤੇ ਪੈਸਿਆਂ ਦੀ ਲੋੜ ਨੂੰ ਦੇਖ ਕੇ ਮਹਿੰਦਰ ਸਮਝ ਗਿਆ ਕਿ ਇਹ ਅਜਿਹੀ ਲੜਕੀ ਹੈ, ਜੋ ਪੈਸਿਆਂ ਲਈ ਕੁਝ ਵੀ ਕਰ ਸਕਦੀ ਹੈ। ਮੌਕਾ ਦੇਖ ਕੇ ਉਸ ਨੇ ਮੇਘਾ ਨੂੰ ਕਿਹਾ, ਮੇਘਾ ਤੂੰ ਐਸ਼ ਦੀ ਜ਼ਿੰਦਗੀ ਜਿਊਣਾ ਚਾਹੁੰਦੀ ਹੈ. ਨਾ ? ਮੇਘਾ ਨੇ ਹਾਂ ਵਿਚ ਜਵਾਬ ਦਿੱਤਾ। ਤਾਂ ਉਸ ਨੇ ਮੇਘਾ ਨੂੰ ਨਕਲੀ ਵਿਆਹ ਕਰਨ ਦਾ ਆਈਡੀਆ ਮਿਲਿਆ।

ਇਸ ਤੋਂਬਾਅਦ ਮਹਿੰਦਰ ਨੇ ਇਕ ਤਲਾਕਸ਼ੁਦਾ ਵਿਅਕਤੀ ਲੱਭ ਲਿਆ, ਜੋ ਵਿਆਹ ਲਈ ਪ੍ਰੇਸ਼ਾਨ ਸੀ। ਮਹਿੰਦਰ ਨੇ ਉਸਨੂੰ ਮੇਘਾ ਦੀ ਤਸਵੀਰ ਦਿਖਾਈ ਅਤੇ ਦੂਜੇ ਸੂਬੇ ਦੀ ਅਨਾਥ ਲੜਕੀ ਦੱਸਿਆ। ਤਸਵੀਰ ਦੇਖਦੇ ਹੀ ਉਸਨੂੰ ਮੇਘਾ ਪਸੰਦ ਆ ਗਈ। ਵਿਆਹ ਹੋ ਗਿਆ। ਵਿਆਹ ਨੂੰ ਹਾਲੇ 10 ਦਿਨ ਹੀ ਬੀਤੇ ਸਨ ਕਿ ਮੇਘਾ ਇਕ ਰਾਤ ਕਰੀਬ ਸਾਢੇ 11 ਲੱਖ ਰੁਪਏ ਦੀ ਨਕਦੀ ਲੈ ਕੇ ਫਰਾਰ ਹੋ ਗਈ। ਉਸ ਨੇ ਮਹਿੰਦਰ ਨਾਲ ਸੰਪਰਕ ਕੀਤਾ ਤਾਂ ਉਸ ਨੇ ਹੱਥ ਖੜ੍ਹੇ ਕਰ ਦਿੱਤੇ। ਮੇਘਾ ਨੇ ਅੱਧੀ ਰਕਮ ਮਹਿੰਦਰ ਨੂੰ ਦੇ ਦਿੱਤੀ।

ਇਸ ਤੋਂ ਬਾਅਦ ਉਹ ਮੁੰਬਈ ਗਈ। ਕੁਝ ਦਿਨ ਮਸਤੀ ਕੀਤੀ ਅਤੇ ਨਵੇਂ ਸ਼ਿਕਾਰ ਨੂੰ ਉਸ ਨੇ 40 ਲੱਖ ਦਾ ਚੂਨਾ ਲਗਾਇਆ। ਮੇਘਾ ਨੂੰ ਠੱਗੀ ਦਾ ਇਹ ਅਨੋਖਾ ਧੰਦਾ ਰਾਸ ਆ ਗਿਆ। ਹੁਣ ਤੱਕ ਉਹ ਇੰਨੀ ਤੇਜ਼ ਹੋ ਗਈ ਸੀ ਕਿ ਉਸ ਨੇ ਮਹਿੰਦਰ ਦਾ ਸਾਥ ਛੱਡ ਦਿੱਤਾ ਅਤੇ ਖੁਦ ਹੀ ਸ਼ਿਕਾਰ ਲੱਭਣ ਲੱਗੀ।

ਉਸ ਨੇ ਪੁਣੇ ਦੇ ਇਕ ਅਮੀਰ ਪਰਿਵਾਰ ਦੇ ਅਪਾਹਜ ਲੜਕੇ ਨਾਲ ਵਿਆਹ ਕਰਕੇ ਉਥੋਂ 90 ਲੱਖ ਦਾ ਚੂਨਾ ਲਗਾਇਆ। ਇਸ ਤੋਂ ਬਾਅਦ ਉਸ ਨੇ ਮੁੰਬਈ ਛੱਡ ਦਿੱਤਾ। ਇਸੇ ਵਿਚਕਾਰ ਮੇਘਾ ਦੀ ਵੱਡੀ ਭੈਣ ਪ੍ਰਾਚੀ ਦਾ ਵਿਆਹ ਦਵਿੰਦਰ ਨਾਲ ਹੋ ਚੁੱਕਾ ਸੀ। ਮੇਘਾ ਦੇ ਧੰਦੇ ਤੋਂ ਉਹ ਵਾਕਫ ਸਨ। ਪੈਸਿਆਂ ਦੇ ਲਾਲ ਵਿਚ ਉਹ ਵੀ ਉਸਦੀ ਫਿਤਰਤ ਵਿਚ ਸ਼ਾਮਲ ਹੋ ਗਏ।

ਕਦੀ ਪੈਸੇ-ਪੈਸੇ ਲਈ ਮੋਹਤਾਜ਼ ਮੇਘਾ ਨੋਟਾਂ ਨਾਲ ਖੇਡਣ ਲੱਗੀ। ਉਹ ਚੰਗਾ ਖਾਣ ਅਤੇ ਮਹਿੰਗੇ ਕੱਪੜੇ ਪਾਉਣ ਦੀ ਸ਼ੌਕੀਨ ਸੀ। ਵੱਡੇ ਸ਼ਹਿਰਾਂ ਵਿਚ ਘੁੰਮਣ ਲਈ ਹਵਾਈ ਜਹਾਜ਼ ਦੀਆਂ ਯਾਤਰਾਵਾਂ ਕਰਦੀ। ਮੇਘਾ ਸੌ, 5 ਸੌ ਦੇ ਨੋਟ ਦੀ ਤਾਂ ਟਿੱਪ ਦਿੰਦੀ ਸੀ।

ਉਸਦਾ ਕੋਈ ਠਿਕਾਣਾ ਨਹੀਂ ਸੀ। ਉਹ ਵਿਆਹਾਂ ਦੇ ਇਸ਼ਤਿਹਾਰ ਦੇਣ ਵਾਲੀ ਇੰਟਰਨੈਟ ਵੈਬਸਾਈਟ 'ਤੇ ਸ਼ਿਕਾਰ ਦੀ ਭਾਲ ਕਰਦੀ ਸੀ। ਖਾਸ ਗੱਲ ਇਹ ਸੀ ਕਿ ਉਹ ਪੈਸੇ ਵਾਲੇ ਤਲਾਕਸ਼ੁਦਾ ਅਤੇ ਅੰਗਹੀਣਾਂ ਨਾਲ ਹੀ ਵਿਆਹ ਕਰਵਾਉਂਦੀ ਸੀ। ਇਸ ਦਾ ਕਾਰਨ ਇਹ ਸੀ ਕਿ ਉਸਨੂੰ ਚੰਗੀ ਲੜਕੀ ਮਿਲ ਰਹੀ ਹੁੰਦੀ ਸੀ। ਇਸ ਕਰਕੇ ਜ਼ਰੂਰਤਮੰਦ ਲੋਕਾਂ ਨੂੰ ਹੀ ਨਿਸ਼ਾਨਾ ਬਣਾਉਂਦੀ ਸੀ। ਮੇਘਾ ਦੀ ਭੈਣ ਅਤੇ ਜੀਜਾ ਲਾੜ੍ਹੇ ਦੇ ਪਰਿਵਾਰ ਨਾਲ ਮਿਲਦੇ ਸਨ ਅਤੇ ਮਾਲੀ ਹਾਲਤ ਦਾ ਅੰਦਾਜ਼ਾ ਲਗਾ ਕੇ ਹੀ ਰਿਸ਼ਤਾ ਪੱਕਾ ਕਰਦੇ ਸਨ। ਰਿਸ਼ਤਾ ਪੱਕਾ ਹੁੰਦੇ ਹੀ ਵਿਆਹ ਦੀ ਜਲਦੀ ਕਰਦੇ। ਉਹ ਆਪਣੀ ਕਮਜ਼ੋਰ ਮਾਲੀ ਹਾਲਤ ਦਾ ਹੁਲੀਆ ਦਿੰਦੇ ਅਤੇ ਵਿਆਹ ਦਾ ਖਰਚਾ ਵੀ ਲੜਕੇ ਵਾਲੇ ਹੀ ਕਰਦੇ। ਜਿਹਨਾਂ ਦੀ ਮਾਲੀ ਹਾਲਤ ਲੁੱਟਣ ਲਾਇਕ ਨਾ ਹੁੰਦੀ, ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਰਿਸ਼ਤਾ ਤੋੜ ਦਿੰਦੇ ਸਨ।

ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਤੋਂ ਇਲਾਵਾ ਰਾਜਸਥਾਨ ਅਤੇ ਬਿਹਾਰ ਵਿਚ ਵੀ ਮੇਘਾ ਨੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਸੀ। ਪਰਿਵਾਰ ਦੇ ਨਾਂ ਤੇ ਮੇਘਾ ਦੇ ਵਿਆਹ ਵਿਚ ਭੈਣ ਅਤੇ ਜੀਜਾਵੀ ਸ਼ਾਮਲ ਹੁੰਦੇ। ਕੁਝ ਮਾਮਲਿਆਂ ਵਿਚ ਉਹ ਖੁਦ ਨੂੰ ਅਨਾਥ ਅਤੇ ਦੁਖਿਆਰੀ ਲੜਕੀ ਦੱਸ ਕੇ ਇਕੱਲੀ ਹੀ ਰਿਸ਼ਤਾ ਪੱਕਾ ਕਰ ਲੈਂਦੀ ਸੀ। ਉਹ ਹਸਮੁਖ ਸੁਭਾਅ ਦੀ ਸੀ। ਇਸ ਕਰਕੇ ਵਿਆਹ ਤੋਂ ਬਾਅਦ ਲਾੜ੍ਹੇ ਦੇ ਘਰ ਵਾਲਿਆਂ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਘੁਲ-ਮਿਲ ਜਾਂਦੀ ਸੀ। ਇਸ ਤਰ੍ਹਾਂ ਉਹ ਇਕ ਤੀਰ ਨਾਲ ਦੋ ਸ਼ਿਕਾਰ ਕਰਦੀ ਸੀ। ਇਕ ਤਾਂ ਲੜਕੇ ਵਾਲੇ ਉਸ ਦੇ ਕੰਮਕਾਜ ਦੀ ਸ਼ਲਾਘਾ ਕਰਦੇ ਹੋਏ ਵਿਸ਼ਵਾਸ ਕਰਨ ਲੱਗਦੇ ਸਨ। ਦੂਜਾ ਉਸਨੂੰ ਨੀਂਦ ਦੀਆਂ ਗੋਲੀਆਂ ਮਿਲਾਉਣਾ ਸੌਖਾ ਹੋ ਜਾਂਦਾ ਸੀ। ਉਹ ਅਜਿਹੀ ਅਦਾਕਾਰ ਬਣ ਚੁੱਕੀ ਸੀ ਕਿ ਸਾਰੇ ਉਸ ਤੇ ਪੂਰੀ ਤਰ੍ਹਾਂ ਯਕੀਨ ਕਰਦੇ ਸਨ। ਵਾਰਦਾਤ ਕਰਨ ਤੋਂ ਪਹਿਲਾਂ ਉਹ ਭੈਣ ਅਤੇ ਜੀਜਾ ਨੂੰ ਦੱਸ ਦਿੰਦੀ ਸੀ, ਜਿਸ ਕਾਰਨ ਤਹਿ ਸਮੇਂ ਤੇ ਉਹ ਘਰ ਤੋਂ ਬਾਹਰ ਪਹੁੰਚ ਜਾਦੇ। ਇਸ ਤੋਂ ਬਾਅਦ ਮੇਘਾ ਸਮਾਨ ਸਮੇਟ ਕੇ ਉਹਨਾਂ ਨਾਲ ਨਿਕਲ ਜਾਂਦੀ ਸੀ।

ਹਰੇਕ ਵਾਰਦਾਤ ਤੋਂ ਬਾਅਦ ਮੇਘਾ ਆਪਣੇ ਮੋਬਾਇਲ ਦਾ ਸਿਮ ਕਾਰਡ ਤੋੜ ਕੇ ਸੁੱਟ ਦਿੰਦੀ ਸੀ। ਕੁਝ ਲੋਕਾਂ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਪਰ ਪੁਲਿਸ ਕਦੀ ਉਸ ਕੋਲ ਨਾ ਪਹੁੰਚ ਸਕੀ, ਇਸ ਕਰਕੇ ਉਸਦਾ ਹੌਸਲਾ ਵੱਧ ਗਿਆ। ਪਿਛਲੇ ਸਾਲ ਮੇਘਾ ਆਪਣੀ ਭੈਣ ਅਤੇ ਜੀਜੇ ਨਾਲ ਕੇਰਲ ਪਹੁੰਚੀ।

ਮੇਘਾ ਨੇ ਆਪਣੇ ਪੁਰਾਣੇ ਅੰਦਾਜ਼ ਵਿਚ ਵਿਆਹ ਕਰਕੇ 4 ਲੋਕਾਂ ਨੂੰ ਠੱਗਿਆ। ਕੁਝ ਮਹੀਨੇ ਪਹਿਲਾਂ ਉਸ ਨੇ ਤ੍ਰਿਵੇਂਦਰਮ ਦੇ ਲੌਰੇਨ ਜੋਸਟਿਨ ਨਾਲ ਵਿਆਹ ਕੀਤਾ। ਵਿਆਹ ਦੇ 20 ਦਿਨ ਬਾਅਦ ਹੀ ਉਹ ਕਰੀਬ 15 ਲੱਖ ਦਾ ਮਾਲੇ ਲੈ ਕੇ ਫਰਾਰ ਹੋ ਗਈ। ਪਰ ਲੌਰੇਨ ਨਿਰਾਸ਼ ਨਾ ਹੋਇਆ। ਉਸ ਨੇ ਸਿੱਧਾ ਪੁਲਿਸ ਕੋਲ ਸ਼ਿਕਾਇਤ ਕੀਤੀ ਅਤੇ ਪਰਚਾ ਦਰਜ ਕਰਵਾਇਆ। ਪੁਲਿਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਇਸ ਕੇਸ ਦੀ ਜਾਂਚ ਲਈ ਇਕ ਟੀਮ ਬਣਾਈ। ਕੁਝ ਸਮੇਂ ਮੁੰਬਈ ਰਹਿਣ ਤੋਂ ਬਾਅਦ ਮੇਘਾ ਪ੍ਰਾਚੀ ਅਤੇ ਦਵਿੰਦਰ ਨਾਲ ਨੋਇਡਾ ਆ ਗਈ।

ਨੋਇਡਾਂ ਫਲੈਟਾਂ ਵਿਚ ਕੋਈ ਕਿਸੇ ਨੂੰ ਨਹੀਂ ਜਾਣਦਾ ਸੀ। ਇੱਥੇ ਵੀ ਉਹ ਨਵੇਂ ਸ਼ਿਕਾਰ ਦੀ ਭਾਲ ਵਿਚ ਸਨ। ਇੱਧਰ ਕੇਰਲ ਪੁਲਿਸ ਨੇ ਇਸ ਮਾਮਲੇ ਨੂੰ ਅੱਗੇ ਵਧਾਇਆ ਅਤੇ ਮੇਘਾ ਦੀ ਤਸਵੀਰ ਅਤੇ ਮੋਬਾਇਲ ਨੰਬਰ ਹਾਸਲ ਕਰਕੇ ਕਾਲ ਡਿਟੇਲ ਕਢਵਾਈ। ਜਾਂਚ ਕੀਤੀ ਅਤੇ ਉਸ ਵਿਚ 2 ਨੰਬਰ ਮਿਲੇ। ਜਿਹਨਾਂ ਤੇ ਉਸ ਦੀਆਂ ਸਭ ਤੋਂ ਜ਼ਿਆਦਾ ਗੱਲਾਂ ਹੋਈਆਂ ਸਨ। ਤਿੰਨਾਂ ਦੀ ਲੁਕੇਸ਼ਨ ਇਕੱਠੀ ਹੁੰਦੀ ਸੀ। ਇਹ ਦੋਵੇਂ ਨੰਬਰ ਉਸ ਦੀ ਭੈਣ ਅਤੇ ਜੀਜੇ ਦੇ ਸਨ ਪਰ ਪ੍ਰੇਸ਼ਾਨੀ ਦੀ ਗੱਲ ਇਹ ਸੀ ਕਿ ਤਿੰਨੇ ਹੀ ਨੰਬਰ ਬੰਦ ਸਨ।

ਜਿਹਨਾਂ ਮੋਬਾਇਲਾਂ ਤੇ ਇਹ ਨੰਬਰ ਵਰਤੇ ਜਾਂਦੇ ਸਨ, ਉਹਨਾਂ ਤੇ ਕੋਈ ਦੂਜਾ ਨੰਬਰ ਵੀ ਨਹੀਂ ਚੱਲ ਰਿਹਾ ਸੀ ਪਰ ਇਕ ਮਹੀਨੇ ਬਾਅਦ ਇਕ ਮੋਬਾਇਲ ਤੇ ਨਵਾਂ ਨੰਬਰ ਚੱਲ ਪਿਆ। ਜਾਂਚ ਵਿਚ ਇਹ ਨੰਬਰ ਮੇਘਾ ਦੇ ਜੀਜੇ ਦਵਿੰਦਰ ਦਾ ਨਿਕਲਿਆ। ਇਸ ਨੰਬਰ ਤੇ ਸੰਪਰਕ ਵਿਚ 2 ਨੰਬਰ ਹੋਰ ਆਏ। ਪੁਲਿਸ ਸਮਝ ਗਈ ਕਿ ਇਹ ਮੇਘਾ ਅਤੇ ਪ੍ਰਾਚੀ ਦੇ ਨੰਬਰ ਹਨ। ਪੁਲਿਸ ਨੇ ਇਹਨਾਂ ਨੰਬਰਾਂ ਦੀ ਲੁਕੇਸ਼ਨ ਪਤਾ ਲਗਾਈ ਤਾਂ ਉਹ ਨੋਇਡਾ ਵਿਚ ਮਿਲੀ। ਇਸ ਤੋਂ ਬਾਅਦ ਪੁਲਿਸ ਨੇ ਤਿੰਨਾਂ ਨੂੰ ਸਰਵਿਲਾਂਸ ਤੇ ਲਗਾ ਦਿੱਤਾ। ਮੇਘਾ ਕੋਈ ਨਵਾਂ ਸ਼ਿਕਾਰ ਲੱਭ ਕੇ ਨੰਬਰ ਬਦਲ ਸਕਦੀ ਸੀ, ਇਸ ਕਰਕੇ ਉਸਨੂੰ ਜਲਦੀ ਪਕੜਨਾ ਜ਼ਰੂਰੀ ਸੀ। ਪੁਲਿਸ ਟੀਮ ਸਿੱਧੀ ਨੋਇਡਾ ਪਹੁੰਚੀ। ਇਸ ਤੋਂ ਬਾਅਦ ਸੁਸਾਇਟੀ ਜਾ ਕੇ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ। ਮੇਘਾ ਦੇ ਪਕੜੇ ਜਾਣ ਤੋਂ ਬਾਅਦ ਕੇਰਲ ਦੇ ਦੋ ਹੋਰ ਲੋਕ ਵੀ ਸਾਹਮਣੇ ਆ ਗਏ, ਜਿਹਨਾਂ ਨੂੰ ਮੇਘਾ ਨੇ ਠੱਗਿਆ ਸੀ। ਹੁਣ ਤੱਕ 11 ਅਜਿਹੇ ਲੋਕ ਸਾਹਮਣੇ ਆ ਚੁੱਕੇ ਸਨ, ਜਿਹਨਾਂ ਨਾਲ ਮੇਘਾ ਠੱਗੀ ਮਾਰ ਚੁੱਕੀ ਹੈ।

# ਇਹ ਹੈ ਸਭ ਤੋਂ ਤਾਕਤਵਰ ਮੁਲਕ ਦੇ ਖਤਰਨਾਕ ਹਥਿਆਰ

**ਭਾਰਤ ਨੂੰ 'ਮੇਜਰ ਡਿਫੈਂਸ ਪਾਰਟਨਰ' ਦਾ ਦਰਜਾ ਦਿੰਦੇ ਹੋਏ ਅਮਰੀਕਾ ਨੇ ਐਕਸਪੋਰਟ ਕੰਟਰੋਲ ਲਾਅ ਵਿਚ ਕੁਝ ਤਬਦੀਲੀਆਂ ਕੀਤੀਆਂ ਹਨ। ਇਸ ਤੋਂ ਬਾਅਦ ਭਾਰਤ ਅਤੇ ਅਮਰੀਕਾ ਵਿਚਕਾਰ ਡਿਫੈਂਸ ਸੈਕਟਰ ਨਾਲ ਜੁੜੀਆਂ ਕੰਪਨੀਆਂ ਦਾ ਬਿਜਨਸ ਕਾਫੀ ਆਸਾਨ ਹੋ ਜਾਵੇਗਾ।**



**ਵਾਰਸ਼ਿਪ**

1980 ਵਿਚ ਜਦੋਂ ਰੂਸ ਸੋਵੀਅਤ ਯੂਨੀਅਨ ਦਾ ਹਿੱਸਾ ਸੀ, ਤਾਂ ਅਮਰੀਕਾ, ਬ੍ਰਿਟੇਨ ਸਮੇਤ ਨਾਟੋ ਦੇਸ਼ਾਂ ਨੂੰ ਜਵਾਬ ਦੇਣ ਦੇ ਲਈ ਰੂਸ ਨੇ ਸਮੁੰਦਰ ਵਿਚ ਆਪਣਾ ਸੀ-ਮਾਨਸਟਰ (ਸਮੁੰਦਰੀ ਸ਼ੈਤਾਨ) ਉਤਾਰਿਆ ਸੀ। ਉਦੋਂ ਇਸਦੇ ਜਵਾਬ ਵਿਚ ਅਮਰੀਕਾ ਨੇ ਵੀ ਸਮੁੰਦਰੀ ਤਾਕਤ ਵਧਾਉਣ ਦੇ ਲਈ ਇਹ ਵਾਰਸ਼ਿਪ ਬਣਾਇਆ ਸੀ। ਇਸਦਾ ਨਿਰਮਾਣ ਅਮਰੀਕਾ ਦੇ ਸੀਕਰੇਟ ਪਲੇਸ 'ਏਰੀਆ 51 ਵਿਚ ਬਹੁਤ ਖੁਫੀਆ ਤਰੀਕੇ ਨਾਲ ਕੀਤਾ ਗਿਆ ਸੀ। ਇਹ ਸਮੁੰਦਰ ਵਿਚ 250 ਤੋਂ 300 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੈਰ ਸਕਦਾ ਸੀ। ਘਾਤਕ ਮਿਜ਼ਾਇਲ ਨਾਲ ਲੈਸ ਇਹ ਵਾਰਸ਼ਿਪ ਜੰਗੀ ਬੇੜੇ ਨੂੰ ਵੀ ਨਿਸ਼ਾਨਾ ਬਣਾ ਸਕਦਾ ਸੀ।



**ਜੀ. ਬੀ. ਯੂ-28 ਲੇਜ਼ਰ ਗਾਈਡਡ ਬੰਕਰ ਬਸਟਰ**

ਰੇਂਜ: ਪਲੇਨ ਤੋਂ ਪੰਜ ਮੀਲ ਦੀ ਦੂਰੀ 'ਤੇ ਨਿਸ਼ਾਨਾ ਲਗਾਇਆ ਜਾ ਸਕਦਾ ਹੈ।

ਡੂੰਘਾਈ: ਕੰਕਰੀਟ ਜ਼ਮੀਨ ਦੇ 20 ਫੁੱਟ ਤੱਕ ਅੰਦਰ ਵੜ ਸਕਦਾ ਹੈ।

ਵਿਸਫੋਟਕ ਸਮਰੱਥਾ: 630 ਅਲੀਬੀਜ ਹਾਈ ਐਕਸਪਲੋਸਿਵ।

ਇਸਦਾ ਨਿਕ ਨੇਮ ਡੀਪ ਥ੍ਰੋਟ ਹੈ। ਇਹ ਬੰਕਰ ਨਸ਼ਟ ਕਰਨ ਵਾਲਾ ਇਕ ਵੱਡਾ ਹਥਿਆਰ ਹੈ। ਅਮਰੀਕਾ ਨੇ ਇਹ ਹਥਿਆਰ ਇਜ਼ਰਾਈਲ ਨੂੰ ਵੇਚੇ ਹਨ ਅਤੇ ਇਸਨੂੰ ਮਈ ਵਿਚ ਦੱਖਣੀ ਕੋਰੀਆ ਨੂੰ ਉਦੋਂ ਦਿੱਤਾ ਗਿਆ ਜਦੋਂ ਉਤਰ ਕੋਰੀਆ ਨੇ ਪਰਮਾਣੂ ਤਜਰਬਾ ਸਫਲਤਾ ਪੂਰਵਕ ਕੀਤਾ।



**ਐਮ. ਕੇ.-19 ਆਟੋਮੈਟਿਕ ਗ੍ਰਨੇਡ ਲਾਂਚਰ**

ਰੇਜ਼: 1400 ਮੀਟਰ

ਰਾਊਂਡ: 40 ਤੋਂ 53 ਮਿਲੀਮੀਟਰ

ਵਜਨ: 73 ਪੌਂਡ

ਇਹ ਇੰਨਾ ਮਾਰੂ ਹਥਿਆਰ ਹੈ ਕਿ ਇਰਾਕ ਵਾਰ ਤੋਂ ਬਾਅਦ ਇਸਨੂੰ ਅਮਰੀਕਾ ਨੇ ਪਾਬੰਦੀਸ਼ੁਦਾ ਕਰਾਰ ਦੇ ਦਿੱਤਾ ਹੈ।



***ਐਮ. 1 ਅਬ੍ਰਾਹਮ ਟੈਂਕ***

ਵਜਨ: 67 ਟਨ

ਰੇਂਜ: 250 ਮੀਲ

ਸਪੀਡ: 25 ਤੋਂ 35 ਮੀਲ ਪ੍ਰਤੀਘੰਟਾ

ਆਰਮਾਮੈਂਟ: 105 ਮਿਲੀਮੀਟਰ ਅਤੇ 120 ਮਿਲੀਮੀਟਰ ਦੀ ਤੋਪ, ਇਕ 50 ਕੈਲੀਬਰ ਦੀ ਮਸ਼ੀਨ ਗਨ ਅਤੇ 7.62 ਕੈਲੀਬਰ ਮਸ਼ੀਨ ਗੰਨ ਇਰਾਕ ਅਤੇ ਫਲੂਜਾਹ ਦੇ ਹਮਲੇ ਤੋਂ ਬਾਅਦ ਇਸਦੀ ਵਰਤੋਂ ਨਹੀਂ ਕੀਤੀ ਗਈ। ਗ੍ਰਾਊਂਡ ਅਪਰੇਸ਼ਨ ਦੇ ਲਈ ਇਸਦੇ ਮੁਕਾਬਲੇ ਦੇ ਲਈ ਕੋਈ ਦੂਜਾ ਵਿਕਲਪ ਨਹੀਂ ਹੈ।



**ਲਾਕਹੀਡ ਮਾਰਟਿਨ ਐਫ.-35**

**ਵਜਨ: 25 ਟਨ**

ਯੁੱਧ ਦਾ ਦਾਇਰਾ: ਲੱਗਭੱਗ 600 ਮੀਲ ਦੀ ਦੂਰੀ ਤੇ ਜਾ ਕੇ ਇਹ ਹਮਲਾ ਕਰਕੇ 600 ਕਿਲੋਮੀਟਰ ਦੀ ਦੂਰੀ ਵਾਪਸੀ ਵਿਚ ਤਹਿ ਕਰ ਲੈਂਦਾ ਹੈ। ਇਸ ਵਿਚ ਜਨਰਲ ਡਾਇਨਾਮਿਕਸ ਜੀ. ਏ. ਯੂ. 22/ਏ ਇਕਵਾਲਈਜਰ 25 ਐਮ. ਐਮ., 4 ਬੈਰਲ ਦੀ ਰੈਪਿਡ ਤੋਪ 180 ਰਾਊਂਡ ਨਾਲ ਲੋਡ ਹੁੰਦੀ ਹੈ। ਇਸ ਤੋਂ ਇਲਾਵਾ ਵੀ ਇਸ ਵਿਚ ਕਈ ਹੋਰ ਹਥਿਆਰ ਹੁੰਦੇ ਹਨ। ਇਹ ਜ਼ਿਆਦਾ ਹੋਣ ਦੇ ਬਾਵਜੂਦ ਐਫ 35 ਨੂੰ ਦੁਨੀਆਂ ਦਾ ਬੈਸਟ ਫਾਈਟਰ ਜੈਟ ਕਿਹਾ ਜਾਂਦਾ ਹੈ। ਇਹ ਬੀ 61 ਨਿਊਕਲੀਅਰ ਵੈਪਨ ਨੂੰ ਨਾਲ ਲੈ ਕੇ ਉਡ ਸਕਦਾ ਹੈ।



**ਬੈਲ ਏ. ਐਚ-1 ਕੋਬਰਾ**

ਕਰੂ: 2 ਪਾਇਲਟ ਅਤੇ ਗੰਨਾਂ, ਰੇਜ਼ 315 ਮੀਲ, ਸਪੀਡ 177 ਮੀਲ ਪ੍ਰਤੀ ਘੰਟਾ। ਹਥਿਆਰ- ਤਿੰਨ ਰੇਪਿਡ ਤੋਪਾਂ, ਹਾਇਡ੍ਰਾ ਮਿਜ਼ਾਇਲ ਅਤੇ ਟੀ. ਓ. ਡਬਲਿਊ ਮਿਜ਼ਾਇਲ। ਅਮਰੀਕੀ ਸੈਨਿਕਾਂ ਦਾ ਇਹ ਫੈਵਰਟ ਹੈ।



ਨਾਥ੍ਰੋਪ ਗੁਰਮਮੈਨ ਬੀ-2 ਰਿਪਰਿਟ ਬੰਮਰ:

ਵਜਨ 168 ਟਨ, ਰੇਂਜ 7 ਹਜ਼ਾਰ ਮੀਲ। ਇਸ ਵਿਚ ਸਟੀਲਥ ਬੰਮਰ 30,000 ਪੌਂਡ ਦੇ ਵਜਨ ਤੱਕ ਦਾ ਬੰਕਰ ਬਸਟਰ ਅਤੇ ਨਿਊਕਲੀਅਰ ਹਥਿਆਰ ਲੈ ਕੇ ਉਡਦਾ ਹੈ ਅਤੇ ਇਹਨਾਂ ਨਾਲ ਹਮਲਾ ਕਰਦਾ ਹੈ।

# ਜੇਲ੍ਹ ਜਾਣ ਤੋਂ ਬਚਾਉਂਦੀ ਹੈ ਇਹ ਮਾਤਾ ਲੋਕ ਚੜ੍ਹਾਉਂਦੇ ਹਨ ਹੱਥਕੜੀਆਂ ਅਤੇ ਬੇੜੀਆਂ

ਰੱਬ ਨੂੰ ਖੁਸ਼ ਕਰਨ ਲਈ ਸ਼ਰਧਾਲੂ ਉਹਨਾਂ ਨੂੰ ਬੜੀ ਸ਼ਰਧਾ ਨਾਲ ਫਲ-ਮਿਠਾਈਆਂ ਅਰਪਣ ਕਰਦੇ ਹਨ। ਉਥੇ ਹੀ ਮਾਤਾ ਦੇ ਮੰਦਰਾਂ ਵਿਚ ਨਾਰੀਅਲ, ਸਿੰਧੂਰ, ਮਹਿੰਦੀ, ਚੂੜੀਆਂ, ਬਿੰਦੀ, ਵਸਤਰ ਆਦਿ ਵੀ ਭੇਂਟ ਕੀਤੇ ਜਾਂਦੇ ਹਨ ਪਰ ਕੀ ਤੁਸੀਂ ਕਦੀ ਅਜਿਹੇ ਮੰਦਰ ਬਾਰੇ ਸੁਣਿਆ ਹੈ, ਜਿੱਥੇ ਦੇਵੀ ਨੂੰ ਹੱਥਕੜੀ ਅਤੇ ਬੇੜੀਆਂ ਚੜ੍ਹਾਈਆਂ ਜਾਂਦੀਆਂ ਹਨ। ਜੀ ਹਾਂ, ਪ੍ਰਤਾਪਗੜ੍ਹ ਜ਼ਿਲ੍ਹੇ ਦੇ ਜੋਲਰ ਪਿੰਡ ਵਿਚ ਇਕ ਪ੍ਰਾਚੀਨ ਮੰਦਰ ਹੈ। ਇਹ ਮੰਦਰ ਦੇਵਲੀਆ ਦੇ ਕੋਲ ਸੰਘਣੇ ਜੰਗਲ ਵਿਚ ਸਥਿਤ ਹੈ। ਉਚੀਆਂ ਪਹਾੜੀਆਂ 'ਤੇ ਬਣੇ ਮੰਦਰ ਦੇ ਚਾਰੇ ਪਾਸੇ ਸੰਘਣਾ ਜੰਗਲ ਹੈ। ਛੋਟੀਆਂ-ਵੱਡੀਆਂ ਪਹਾੜੀਆਂ ਅਤੇ ਉਚੀਆਂ-ਨੀਵੀਆਂ ਥਾਵਾਂ ਨੂੰ ਪਾਰ ਕਰਕੇ ਪੈਦਲ ਹੀ ਇੱਥੇ ਪਹੁੰਚਿਆ ਜਾ ਸਕਦਾ ਹੈ। ਇਸ ਮੰਦਰ ਵਿਚ ਹੱਥਕੜ੍ਹੀ ਅਤੇ ਬੇੜੀਆਂ ਚੜ੍ਹਾਈਆਂ ਜਾਂਦੀਆਂ ਹਨ। ਮਾਤਾ ਦੇ ਦਰਸ਼ਨਾ ਦੇ ਲਈ ਸ਼ਰਧਾਲੂ ਦੂਰ-ਦੂਰ ਤੋਂ ਆਉਂਦੇ ਹਨ ਅਤੇ ਦੇਵੀ ਨੂੰ ਖੁਸ਼ ਕਰਨ ਦੇ ਲਈ ਹੱਥਕੜੀ ਅਤੇ ਬੇੜੀਆਂ ਚੜ੍ਹਾਉਂਦੇ ਹਨ। ਮੰਦਰ ਵਿਚ ਰੱਖੀਆਂ ਕੁਝ ਬੇੜੀਆਂ ਤਾਂ 200 ਸਾਲ ਤੋਂ ਜ਼ਿਆਦਾ ਪੁਰਾਣੀਆਂ



ਹਨ। ਅਜਿਹੀ ਮਾਨਤਾ ਹੈ ਕਿ ਦਿਵਾਕ ਮਾਤਾ ਦੇ ਨਾਂ ਤੇ ਇਹ ਹੱਕਕੜੀ ਅਤੇ ਬੇੜੀਆਂ ਆਪਦੇ ਆਪ ਖੁੱਲ੍ਹ ਜਾਂਦੀਆਂ ਹਨ। ਇਕ ਸਮਾਂ ਸੀ, ਜਦੋਂ ਮਾਲਵੇ ਦੇ ਇਸ ਖਿੱਤੇ ਵਿਚ ਖੂੰਖਾਰ ਡਾਕੂਆਂ ਦਾ ਬੋਲਬਾਲਾ ਸੀ। ਡਾਕੂ ਇੱਥੇ ਮੰਨਤ ਮੰਗਦੇ ਸਨ ਕਿ ਜੇਕਰ ਉਹ ਡਾਕਾ ਮਾਰਨ ਵਿਚ ਸਫਲ ਰਹੇ ਅਤੇ ਪੁਲਿਸ ਤੋਂ ਬਚ ਗਏ ਤਾਂ ਹੱਥਕੜੀ ਅਤੇ ਬੇੜੀ ਚੜ੍ਹਾਉਣਗੇ। ਸੂਤਰਾਂ ਮੁਤਾਬਕ ਰਿਆਸਤ ਕਾਲ ਦੇ ਇਕ ਨਾਮੀ ਡਾਕੂ ਪ੍ਰਿਥਵੀਰਾਣਾ ਨੇ ਜੇਲ੍ਹ ਵਿਚ ਦਿਵਾਕ ਮਾਤਾ ਦੀ ਮੰਨਤ ਮੰਗੀ ਸੀ ਕਿ ਜੇਕਰ ਉਹ ਜੇਲ੍ਹ ਤੋੜ ਕੇ ਭੱਜਣ ਵਿਚ ਸਫਲ ਰਿਹਾ ਤਾਂ ਸਿੱਧਾ ਇੱਥੇ ਦਰਸ਼ਨ ਕਰਨ ਆਵੇਗਾ। ਪਿੰਡ ਦੇ ਬਜ਼ੁਰਗਾਂ ਦਾ ਕਹਿਣਾ ਹੈ ਕਿ ਦਿਵਾਕ ਮਾਤਾ ਨੂੰ ਯਾਦ ਕਰਨ ਨਾਲ ਹੀ ਉਸਦੀਆਂ ਬੇੜੀਆਂ ਟੁੱਟ ਗਈਆਂ ਅਤੇ ਉਹ ਜੇਲ੍ਹ ਤੋਂ ਭੱਜਣ ਵਿਚ ਸਫਲ ਰਿਹਾ। ਉਦੋਂ ਤੋਂ ਇਹ ਪ੍ਰੰਪਰਾ ਚਲੀ ਆ ਰਹੀ ਹੈ। ਅੱਜ ਵੀ ਆਪਣੇ ਕਿਸੇ ਰਿਸ਼ਤੇਦਾਰ ਜਾਂ ਵਾਕਫਕਾਰ ਨੂੰ ਜੇਲ੍ਹ ਤੋਂ ਮੁਕਤ ਕਰਵਾਉਣ ਲਈ ਲੋਕਾਂ ਦੁਆਰਾ ਹੱਥਕੜੀਆਂ ਅਤੇ ਬੇੜੀਆਂ ਚੜ੍ਹਾਈਆਂ ਜਾਂਦੀਆਂ ਹਨ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਅਮਰੀਕਾ ਨਾਲ ਭਾਰਤ ਦੇ ਵਸਤਾਂ ਦੇ ਵਪਾਰ ਲਈ ਕੀ ਮਾਇਨੇ

ਡੋਨਲਡ ਟਰੰਪ ਅਤੇ ਉਨ੍ਹਾਂ ਦੀ ਟੀਮ ਨਾਲ ਵਪਾਰ ਸੰਧੀ 'ਤੇ ਵਾਰਤਾ ਚਲਾਉਣ ਲਈ ਚਾਰ ਮਹੀਨੇ ਬਰਬਾਦ ਕਰਨ ਤੋਂ ਬਾਅਦ ਭਾਰਤ ਮੁੜ ਘਿੜ ਉਸੇ ਥਾਂ ਆ ਗਿਆ ਹੈ ਜਦੋਂ ਟਰੰਪ ਨੇ 2 ਅਪਰੈਲ ਨੂੰ 26 ਫ਼ੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਸੀ। ਹੁਣ 30 ਜੁਲਾਈ ਨੂੰ 25 ਫ਼ੀਸਦੀ ਟੈਰਿਫ ਲਾਗੂ ਕਰ ਦਿੱਤਾ ਗਿਆ। ਦਰਅਸਲ, ਇਹ ਸਭ ਕੁਝ ਜਿੱਥੋਂ ਸ਼ੁਰੂ ਹੋਇਆ, ਉਸ ਨਾਲੋਂ ਕਿਤੇ ਬਦਤਰ ਹੈ। ਟਰੰਪ ਨੇ ਧਮਕੀ ਦਿੱਤੀ ਹੈ ਕਿ ਜੇ ਭਾਰਤ ਨੇ ਰੂਸ ਤੋਂ ਤੇਲ ਅਤੇ ਫ਼ੌਜੀ ਸਾਜ਼-ਸਾਮਾਨ ਖਰੀਦਣਾ ਬੰਦ ਨਾ ਕੀਤਾ ਤਾਂ ਉਹ ਦੰਡਕਾਰੀ ਟੈਰਿਫ ਲਾਵੇਗਾ ਜਿਸ ਬਾਰੇ ਠੋਸ ਰੂਪ ਵਿੱਚ ਕੁਝ ਵੀ ਸਾਹਮਣੇ ਨਹੀਂ ਆ ਸਕਿਆ। ਉਨ੍ਹਾਂ ਆਖਿਆ ਹੈ ਕਿ ਭਾਰਤ ਵਿੱਚ ਦੁਨੀਆ ਭਰ 'ਚੋਂ ਸਭ ਤੋਂ ਵੱਧ ਟੈਰਿਫ ਲਾਇਆ ਜਾਂਦਾ ਹੈ ਅਤੇ ਗ਼ੈਰ-ਵਿੱਤੀ ਵਪਾਰਕ ਬੰਦਿਸ਼ਾਂ ਬਹੁਤ ਹੀ ਸਖ਼ਤ ਤੇ ਭੈੜੀਆਂ ਹਨ। ਟਰੰਪ ਦੀਆਂ ਇਨ੍ਹਾਂ ਗੱਲਾਂ ਦਾ ਅਮਰੀਕਾ ਨਾਲ ਭਾਰਤ ਦੇ ਵਸਤਾਂ ਦੇ ਵਪਾਰ ਲਈ ਕੀ ਮਾਇਨੇ ਹਨ ? ਭਾਰਤ ਨੂੰ ਇਸ ਨੂੰ ਕਿਵੇਂ ਅੱਗੇ ਵਧਾਉਣਾ ਚਾਹੀਦਾ ਹੈ ? ਕੀ ਸਾਰੀਆਂ ਵਪਾਰਕ ਵਾਰਤਾਵਾਂ ਰੱਦ ਕਰ ਦਿੱਤੀਆਂ ਜਾਣ ਜਾਂ ਚੁੱਪ-ਚਾਪ ਗੋਡੇ ਟੇਕ ਦਿੱਤੇ ਜਾਣ ? ਟਰੰਪ ਵੱਲੋਂ ਵਪਾਰ ਘਾਟਾ ਖ਼ਤਮ ਕਰਨ ਲਈ ਸ਼ੁਰੂ ਕੀਤੀ ਇਸ ਖੇਡ ਦੇ ਉਦੇਸ਼ ਬਿਲਕੁਲ ਸਪਸ਼ਟ ਹਨ, ਭਾਵੇਂ ਇਹ ਅਮਰੀਕਾ ਦੇ ਭਿਆਲ ਮੁਲਕਾਂ ਦੇ ਗੋਡੇ ਗਿੱਟੇ ਹੀ ਕਿਉਂ ਨਾ ਲੱਗਣ। ਉਹ ਚਾਹੁੰਦੇ ਹਨ ਕਿ ਜਿਨ੍ਹਾਂ ਮੁਲਕਾਂ ਨੂੰ ਵਸਤਾਂ ਦੇ ਵਪਾਰ ਵਿੱਚ ਸਰਪਲੱਸ ਹਾਸਿਲ ਹੈ, ਉਹ ਇਸ ਖੱਪੇ ਨੂੰ ਘੱਟ ਕਰਨ ਲਈ ਚਾਰ ਚੀਜ਼ਾਂ ਕਰਨ- (ੳ) ਸਾਰੇ ਅਮਰੀਕੀ ਉਤਪਾਦਾਂ ਲਈ ਜ਼ੀਰੋ ਟੈਰਿਫ 'ਤੇ ਪੂਰੀ ਮੰਡੀ ਰਸਾਈ ਦਿੱਤੀ ਜਾਵੇ; (ਅ) ਅਮਰੀਕਾ ਲਈ ਉਨ੍ਹਾਂ ਦੀਆਂ ਜ਼ਿਆਦਾਤਰ ਬਰਾਮਦਾਂ ਉੱਪਰ 15-25% ਟੈਰਿਫ ਪ੍ਰਵਾਨ ਕੀਤੇ ਜਾਣ; (ੲ) ਅਮਰੀਕਾ ਤੋਂ ਜਹਾਜ਼, ਊਰਜਾ ਆਦਿ ਵਾਧੂ ਚੀਜ਼ਾਂ ਖਰੀਦੀਆਂ ਜਾਣ ਤਾਂ ਕਿ ਵਪਾਰ ਘਾਟਾ ਘੱਟ ਕੀਤਾ ਜਾ ਸਕੇ; (ਸ) ਚੀਜ਼ਾਂ ਦੇ ਨਿਰਮਾਣ ਲਈ ਅਮਰੀਕਾ ਵਿੱਚ ਨਿਵੇਸ਼ ਕੀਤਾ ਜਾਵੇ। ਦੁਨੀਆ ਦੇ ਦੇਸ਼ ਦੋ ਕਾਰਨਾਂ ਕਰ ਕੇ ਅਮਰੀਕਾ ਨੂੰ ਬਰਾਮਦ ਕਰਦੇ ਹਨ; ਇੱਕ, ਇਹ ਵੱਡੀ ਮੰਡੀ ਹੈ (ਕੁੱਲ ਆਲਮੀ ਬਰਾਮਦਾਂ ਦਾ ਲਗਭਗ 15 ਫ਼ੀਸਦੀ) ਅਤੇ ਦੂਜਾ, ਬਰਾਮਦਕਾਰ ਮੁਨਾਫ਼ਾ ਕਮਾਉਂਦੇ ਹਨ। ਉਨ੍ਹਾਂ ਦੀਆਂ ਬਰਾਮਦਾਂ ਉੱਪਰ ਕਾਰੋਬਾਰੀ ਲਿਹਾਜ਼ ਤੋਂ ਇਸ ਕਿਸਮ ਦੇ ਸਨਕੀ ਟੈਰਿਫ ਲਾਉਣ ਨਾਲ ਜੇ ਅਮਰੀਕੀ ਮੰਡੀਆਂ ਖ਼ਤਮ ਹੋ ਜਾਂਦੀਆਂ ਹਨ ਜਾਂ ਬਰਾਮਦਕਾਰਾਂ ਦੇ ਮੁਨਾਫ਼ੇ ਉਡ ਜਾਂਦੇ ਹਨ (ਜਿਸ ਸੂਰਤ ਵਿੱਚ ਉਨ੍ਹਾਂ ਨੂੰ ਵਾਧੂ ਟੈਰਿਫਾਂ ਦਾ ਬੋਝ ਬਰਦਾਸ਼ਤ ਕਰਨਾ ਪਵੇਗਾ) ਤਾਂ ਅਮਰੀਕਾ ਲਈ ਮਾਲ ਭੇਜਣ ਦੀ ਕੋਈ ਤੁਕ ਨਹੀਂ ਰਹਿ ਜਾਵੇਗੀ। ਭਾਰਤੀ ਬਰਾਮਦਕਾਰਾਂ ਕੋਲ ਵਾਧੂ ਟੈਰਿਫਾਂ ਦਾ ਭਾਰ ਝੱਲਣ ਜੋਗੇ ਮੁਨਾਫ਼ੇ ਨਹੀਂ ਹਨ। ਇਹ ਸਰਕਾਰ ਵਾਧੂ 25 ਫ਼ੀਸਦੀ ਅਮਰੀਕੀ ਟੈਰਿਫ ਅਤੇ ਜੁਰਮਾਨੇ ਸਵੀਕਾਰ ਨਹੀਂ ਕਰ ਸਕਦੀ ਤੇ ਨਾ ਹੀ ਕਰਨੇ ਚਾਹੀਦੇ ਹਨ। ਹਾਲਾਂਕਿ ਭਾਰਤ ਜੀਨ ਸੋਧਿਤ (ਜੀਐੱਮ) ਖ਼ੁਰਾਕੀ ਤੇਲ (ਜੀਐੱਮ ਤੇਲ ਦੇ ਸਿਹਤ ਉੱਪਰ ਉਲਟ ਪ੍ਰਭਾਵ ਨੂੰ ਸਿੱਧ ਕਰਨ ਲਈ ਕੋਈ ਵਿਗਿਆਨਕ ਅਧਿਐਨ ਮੌਜੂਦ ਨਹੀਂ ਹੈ) ਜਾਂ ਡੇਅਰੀ ਪਦਾਰਥਾਂ (ਦੁੱਧ ਦੇ ਦਰਿਆ ਅਤੇ ਯੂਰੋਪੀਅਨ ਸਬਸਿਡੀਆਂ ਦੇ ਦਿਨ ਕਦੋਂ ਦੇ ਲੱਦ ਚੁੱਕੇ ਹਨ) ਜਾਂ ਪੋਲਟਰੀ ਉਤਪਾਦਾਂ (ਅਮਰੀਕੀ ਚਿਕਨ ਲੈੱਗਾਂ ਨਾਲ ਖ਼ਪਤਕਾਰਾਂ ਦੇ ਕਲਿਆਣ ਵਿੱਚ ਸੁਧਾਰ ਆਵੇਗਾ) ਤੇ ਇਹੋ ਜਿਹੀਆਂ ਹੋਰ ਗੱਲਾਂ ਦੀ ਬਿਨਾਅ 'ਤੇ ਭਾਰਤ ਵੱਲੋਂ ਆਪਣੇ ਖੇਤੀ ਜਿਣਸ ਵਪਾਰ ਨੂੰ ਖੋਲ੍ਹਣ ਵਿੱਚ ਕੋਈ ਬੁਰੀ ਚੀਜ਼ ਨਹੀਂ ਦਿਸਦੀ ਪਰ ਆਪਣੇ ਘਰੋਗੀ ਹਲਕਿਆਂ (ਕਿਸਾਨਾਂ, ਦੁੱਧ ਉਤਪਾਦਕਾਂ ਤੇ ਪੋਲਟਰੀ ਫਾਰਮਰਾਂ) ਨੂੰ ਬਚਾਉਣ ਦੇ ਨਾਂ 'ਤੇ ਭਾਰਤ ਅਜਿਹੇ ਕੋਨੇ ਵਿੱਚ ਬੁਰੀ ਤਰ੍ਹਾਂ ਘਿਰ ਗਿਆ ਹੈ ਕਿ ਇਹ ਅਮਰੀਕੀ ਖੇਤੀ ਉਤਪਾਦਾਂ ਉੱਪਰ ਕੋਈ ਖ਼ਾਸ ਰਿਆਇਤ ਦੀ ਪੇਸ਼ਕਸ਼ ਨਹੀਂ ਦੇ ਸਕਦਾ ਤੇ ਨਾ ਹੀ ਦੇਵੇਗਾ। ਭਾਰਤ ਨੂੰ ਅਮਰੀਕੀ ਐੱਫ-35 ਜੈੱਟ (ਜੋ ਨਾ ਕੇਵਲ ਭਾਰਤ ਦੀਆਂ ਰੱਖਿਆ ਲੋੜਾਂ ਪੂਰੀਆਂ ਨਹੀਂ ਕਰਦੇ, ਬਹੁਤ ਜ਼ਿਆਦਾ ਮਹਿੰਗੇ ਵੀ ਹਨ) ਜਾਂ ਕੱਚਾ ਤੇਲ ਖਰੀਦਣ ਲਈ ਮਜਬੂਰ ਕਰਨਾ, ਸਾਫ਼ ਤੌਰ 'ਤੇ ਬਲੈਕਮੇਲ ਹੈ। ਇਸ ਤਰ੍ਹਾਂ ਦੇ ਬਲੈਕਮੇਲ ਦੇ ਅੱਗੇ ਝੁਕਣਾ ਭਾਰਤ ਨੂੰ ਕਮਜ਼ੋਰ ਦੇਸ਼ ਵਜੋਂ ਦਰਸਾਏਗਾ। ਭਾਰਤ ਮੁੱਖ ਤੌਰ 'ਤੇ ਸਿੱਧਾ ਵਿਦੇਸ਼ੀ ਨਿਵੇਸ਼ (ਐੱਫਡੀਆਈ) ਪ੍ਰਾਪਤ ਕਰਤਾ ਦੇਸ਼ ਹੈ ਨਾ ਕਿ ਐੱਫਡੀਆਈ ਬਰਾਮਦ ਕਰਨ ਵਾਲਾ ਦੇਸ਼। ਭਾਰਤ ਦਾ ਬਾਹਰੀ ਐੱਫਡੀਆਈ ਨਿਵੇਸ਼ ਬਹੁਤ ਛੋਟਾ ਹੈ। ਭਾਰਤ ਲਈ ਪੰਜ ਤੋਂ ਦਸ ਸਾਲਾਂ ਵਿੱਚ ਵੀ 50 ਅਰਬ ਡਾਲਰ ਦਾ ਨਿਵੇਸ਼ ਕਰਨਾ ਵੀ ਸੰਭਵ ਨਹੀਂ ਹੈ। ਭਾਰਤ ਟਰੰਪ ਵੱਲੋਂ ਰੱਖੀਆਂ ਚਾਰ ਮੰਗਾਂ ਵਿੱਚੋਂ ਕਿਸੇ ਨੂੰ ਵੀ ਮੰਨ ਨਹੀਂ ਸਕਦਾ। ਇਨ੍ਹਾਂ ਵਿੱਚੋਂ ਕੋਈ ਵੀ ਮੰਗ ਮੰਨਣ ਦੀ ਭਾਰਤ ਲਈ ਨਾ ਤਾਂ ਕੋਈ ਕਾਰੋਬਾਰੀ ਤੁਕ ਬਣਦੀ ਹੈ ਤੇ ਨਾ ਹੀ ਸਿਆਸੀ। ਇਸ ਲਈ ਟਰੰਪ ਨਾਲ ਵਪਾਰਕ ਸੌਦਾ, ਲਗਭਗ ਅਸੰਭਵ ਹੈ। ਰਾਸ਼ਟਰਪਤੀ ਟਰੰਪ ਅਮਰੀਕੀ ਖਪਤਵਾਦ ਅਤੇ ਡਾਲਰ ਦੀ ਵਿਲੱਖਣਤਾ ਦੀ ਕਬਰ ਪੁੱਟ ਰਹੇ ਹਨ। ਕੁਝ ਮੁਲਕਾਂ- ਵੀਅਤਨਾਮ, ਜਪਾਨ, ਇੰਡੋਨੇਸ਼ੀਆ ਤੇ ਯੂਰੋਪੀਅਨ ਯੂਨੀਅਨ- ਨੇ ਹਾਲ ਦੀ ਘੜੀ ਟਰੰਪ ਦੀਆਂ ਸਾਰੀਆਂ ਚਾਰ ਮੰਗਾਂ ਸਵੀਕਾਰ ਲਈਆਂ ਹਨ। ਇਹ ਸੌਦੇ ਅਗਾਂਹ ਕੀ ਰੂਪ ਲੈਣਗੇ, ਪੱਕੇ ਤੌਰ 'ਤੇ ਕੁਝ ਨਹੀਂ ਆਖਿਆ ਜਾ ਸਕਦਾ। ਕੀ ਇਨ੍ਹਾਂ ਦੇਸ਼ਾਂ ਦੇ ਬਰਾਮਦਕਾਰ ਵਾਧੂ ਅਮਰੀਕੀ ਟੈਕਸਾਂ ਨੂੰ ਖਪਾਉਣ ਲਈ ਕੀਮਤਾਂ ਘਟਾਉਣਗੇ ਜਾਂ ਫਿਰ ਇਸ ਦਾ ਬੋਝ ਉਹ ਅਮਰੀਕੀ ਖ਼ਪਤਕਾਰਾਂ ਉੱਤੇ ਪਾ ਦੇਣਗੇ ? ਜਾਂ ਇਹ ਇਨ੍ਹਾਂ ਦੋਵਾਂ ਚੀਜ਼ਾਂ ਦਾ ਮਿਸ਼ਰਣ ਹੋਵੇਗਾ ? ਜੇਕਰ ਇਹ ਬਰਾਮਦਕਾਰ ਮੁਲਕ ਅਮਰੀਕੀ ਖਪਤਕਾਰ ਵੱਲੋਂ ਸਹਿਣ ਕੀਤੀ ਜਾਣ ਵਾਲੀ ਵਾਧੂ ਕੀਮਤ ਨੂੰ ਨਹੀਂ ਖਪਾਉਂਦੇ ਜਾਂ ਇਸ ਦਾ ਵੱਡਾ ਹਿੱਸਾ ਛੱਡਣ 'ਚ ਸਫਲ ਨਹੀਂ ਹੁੰਦੇ ਤਾਂ ਇਸ ਵਿੱਚ ਨੁਕਸਾਨ ਅਮਰੀਕਾ ਤੇ ਇਸ ਦੇ ਖਪਤਕਾਰਾਂ ਦਾ ਹੀ ਹੋਵੇਗਾ। ਕੀ ਅਮਰੀਕਾ ਕੋਲ ਸਿਫ਼ਰ ਦਰਾਂ 'ਤੇ ਬਰਾਮਦਗੀ ਲਈ ਬਾਜ਼ਾਰ ਹੈ ? ਕੀ ਬਰਾਮਦਕਾਰ ਸਾਥੀਆਂ ਨੂੰ ਕੋਈ ਫ਼ਰਕ ਪੈਂਦਾ ਹੈ ਜਿਸ ਤਰ੍ਹਾਂ ਉਨ੍ਹਾਂ ਦੇ ਦਰਾਮਦ ਟੈਕਸ ਕਿਸੇ ਵੀ ਸੂਰਤ 'ਚ ਸਿਫ਼ਰ ਦੇ ਨੇੜੇ-ਤੇੜੇ ਹਨ। ਇਸ ਤੋਂ ਇਲਾਵਾ ਭਾਵੇਂ ਸਰਕਾਰ ਕੁਝ ਟੈਕਸ ਮਾਲੀਆ ਸ਼ਾਇਦ ਗੁਆ ਵੀ ਲਵੇ, ਪਰ ਉਸ ਦੇ ਗਾਹਕ ਅਸਲ 'ਚ ਲਾਹਾ ਹੀ ਖੱਟਣਗੇ। ਇਸ ਲਈ ਸਿਫ਼ਰ ਦਰਾਂ 'ਤੇ ਟੈਰਿਫ ਸਵੀਕਾਰਨ ਨਾਲ ਕੋਈ ਜ਼ਿਆਦਾ ਫ਼ਰਕ ਨਹੀਂ ਪੈਂਦਾ। ਕੀ ਉਹ ਅਸਲ ਵਿੱਚ ਓਨੇ ਜਹਾਜ਼, ਊਰਜਾ ਉਤਪਾਦ ਜਾਂ ਰੱਖਿਆ ਉਪਕਰਨ ਖਰੀਦਣਗੇ, ਜਿੰਨੇ ਦਾ ਵਾਅਦਾ ਕੀਤਾ ਹੈ ? ਅਜਿਹਾ ਕਰਨ ਲਈ ਲੰਮਾ ਸਮਾਂ ਪਿਆ ਹੈ। ਇਸ ਤੋਂ ਇਲਾਵਾ ਉਹ ਕੀਮਤਾਂ 'ਚ ਕਮੀ ਜਾਂ ਉਤਪਾਦ ਵਿਸ਼ੇਸ਼ਤਾ ਸਬੰਧੀ ਲੰਮੀਆਂ ਚਰਚਾਵਾਂ ਨਾਲ ਉਨ੍ਹਾਂ ਨੂੰ ਥਕਾ ਸਕਦੇ ਹਨ। ਟਰੰਪ ਵੱਲੋਂ ਇਸ ਹਿਸਾਬ ਨਾਲ ਲਈ ਗਈ ਰਿਆਇਤ ਸ਼ਾਇਦ ਅਸਲ 'ਚ ਸਿਰੇ ਨਹੀਂ ਚੜ੍ਹੇਗੀ ਜਾਂ ਵਾਅਦਿਆਂ ਦਾ ਕੁਝ ਹਿੱਸਾ ਹੀ ਪੂਰਿਆ ਜਾ ਸਕੇਗਾ। ਜਪਾਨ ਤੇ ਹੋਰਾਂ ਮੁਲਕਾਂ ਲਈ ਵਾਧੂ ਨਿਵੇਸ਼ ਠੀਕ ਰਹਿਣ ਚਾਹੀਦਾ ਹੈ ਜੇਕਰ ਉਹ ਅਮਰੀਕਾ 'ਚ ਮੁਕਾਬਲੇ ਦੀਆਂ ਕੀਮਤਾਂ ਅਤੇ ਗੁਣਵੱਤਾ ਦੇ ਹਿਸਾਬ ਨਾਲ ਉਤਪਾਦਨ ਕਰਦੇ ਹਨ। ਕਿਸੇ ਵੀ ਸੂਰਤ 'ਚ ਨਿਵੇਸ਼ ਦੀ ਵਚਨਬੱਧਤਾ ਅਸਲ ਰੂਪ ਲੈਣ 'ਚ ਸਮਾਂ ਲਏਗੀ। ਟਰੰਪ ਭਾਵੇਂ ਖੁਸ਼ ਹੋ ਸਕਦੇ ਹਨ ਕਿ ਉਨ੍ਹਾਂ ਘੂਰੀ ਵੱਟ ਕੇ ਇਨ੍ਹਾਂ ਮੁਲਕਾਂ ਤੋਂ ਉਹ ਕੁਝ ਮੰਨਵਾ ਲਿਆ ਹੈ ਜੋ ਉਹ ਚਾਹੁੰਦੇ ਸਨ, ਪਰ ਅਸਲ ਸਿੱਟੇ ਉਨ੍ਹਾਂ ਦੀ ਸੋਚ ਤੋਂ ਸ਼ਾਇਦ ਬਹੁਤ ਵੱਖਰੇ ਹੋਣਗੇ। ਭਾਰਤ ਕੋਲ ਦੋ ਬਦਲ ਹਨ। ਪਹਿਲਾ, ਇਹ ਸਮਰਪਣ ਕਰੇ ਅਤੇ ਜਪਾਨ, ਵੀਅਤਨਾਮ, ਇੰਡੋਨੇਸ਼ੀਆ ਤੇ ਯੂਰੋਪੀਅਨ ਯੂਨੀਅਨ ਦੀ ਤਰਜ਼ 'ਤੇ ਸੌਦਾ ਕਰੇ, ਫਿਰ ਉਪਰ ਦੱਸੀਆਂ ਗਈਆਂ ਤਰਕੀਬਾਂ ਅਪਣਾ ਕੇ ਭਾਰਤ ਦੇ ਹਿੱਤਾਂ ਦੇ ਬਚਾਅ ਦੀ ਕੋਸ਼ਿਸ਼ ਕਰੇ। ਦੂਜਾ, ਟਰੰਪ ਦੀ ਵਣਜ ਟੀਮ ਨਾਲ ਸਾਰੀ ਗੱਲਬਾਤ ਬੰਦ ਕਰੇ ਤੇ ਜੋ ਟੈਕਸ ਉਹ ਲਾਉਣਾ ਚਾਹੁੰਦਾ ਹੈ, ਲਾਉਣ ਦੇਵੇ। ਭਾਰਤ ਨੂੰ ਆਪਣੇ ਬਰਾਮਦਕਾਰਾਂ 'ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਵਾਧੂ ਦਰਾਂ ਦੇ ਕਿਸੇ ਵੀ ਹਿੱਸੇ ਦਾ ਬੋਝ ਚੁੱਕੇ ਬਿਨਾਂ ਆਪਣੀਆਂ ਆਮ ਕੀਮਤਾਂ ਉੱਤੇ ਹੀ ਵਸਤਾਂ ਦੀ ਪੇਸ਼ਕਸ਼ ਕਰਨ। ਜੇ ਅਮਰੀਕੀ ਦਰਾਮਦਕਾਰ ਖਰੀਦਦੇ ਹਨ ਤਾਂ ਕਾਫ਼ੀ ਚੰਗਾ ਹੈ; ਜੇ ਨਹੀਂ ਖਰੀਦਦੇ ਤਾਂ ਉਹ ਆਪਣੇ ਉਤਪਾਦ ਦੂਜੇ ਦੇਸ਼ਾਂ ਜਾਂ ਘਰੇਲੂ ਮੰਡੀ 'ਚ ਵੇਚਣ ਜਿੱਥੇ ਇਸ ਤਰ੍ਹਾਂ ਦੇ ਟੈਕਸ ਨਹੀਂ ਹਨ। ਬਾਕੀ ਦੇ ਤਿੰਨ ਮੋਰਚਿਆਂ 'ਤੇ ਚੋਣਵੇਂ ਢੰਗ ਨਾਲ ਹਾਰ ਮੰਨ ਕੇ ਅਮਰੀਕੀ ਦਰਾਮਦ ਦਰਾਂ 'ਤੇ ਕੋਈ ਵਿਚਕਾਰਲੀ ਜ਼ਮੀਨ ਤਲਾਸ਼ਣ ਦਾ ਬਦਲ ਭਾਰਤ ਨੂੰ ਜ਼ਿਆਦਾ ਦੂਰ ਨਹੀਂ ਲਿਜਾ ਸਕੇਗਾ। ਦੂਜਾ ਬਦਲ ਚੁਣ ਕੇ ਅੱਗੇ ਵਧਿਆ ਜਾਵੇ। ਅੱਜ ਨਹੀਂ ਤਾਂ ਕੱਲ੍ਹ (ਵੱਧ ਤੋਂ ਵੱਧ 3 ਤੋਂ 6 ਮਹੀਨੇ), ਟਰੰਪ ਸਰਕਾਰ ਨੂੰ ਆਪਣੀਆਂ ਟੈਕਸ ਕਾਰਵਾਈਆਂ ਦੇ ਮਾੜੇ ਨਤੀਜੇ ਮਿਲਣੇ ਸ਼ੁਰੂ ਹੋ ਜਾਣਗੇ। ਅਮਰੀਕੀ ਦਰਾਮਦਾਂ ਸੁਸਤ ਹੋਣਗੀਆਂ (ਅਪਰੈਲ-ਜੂਨ ਤਿਮਾਹੀ ਦੇ ਅੰਕੜਿ ?ਆਂ 'ਚ ਪੁਸ਼ਟੀ)। ਅਮਰੀਕਾ ਨੂੰ ਭਾਵੇਂ ਟੈਕਸ ਮਾਲੀਏ ਦੇ ਰੂਪ 'ਚ ਕੁਝ ਅਰਬ ਡਾਲਰ ਮਿਲ ਸਕਦੇ ਹਨ, ਪਰ ਇਸ ਦੀ ਜ਼ਿਆਦਾਤਰ ਕੀਮਤ ਅਮਰੀਕੀ ਦਰਾਮਦਕਾਰ ਤੇ ਖਪਤਕਾਰ ਤਾਰਨਗੇ, ਜਿਸ ਨਾਲ ਇਨ੍ਹਾਂ ਦੀ ਹਾਲਤ ਤਰਸਯੋਗ ਬਣੇਗੀ। ਖਪਤਕਾਰਾਂ ਦੀ ਬਗ਼ਾਵਤ ਜ਼ਿਆਦਾ ਦੂਰ ਨਹੀਂ ਹੈ।

# ਆਮ ਆਦਮੀ ਪਾਰਟੀ ਦਾ ਸੰਗਠਨ ਹੋਇਆ ਹੋਰ ਮਜਬੂਤ, ਹਲਕੇ ਵਿਚ ਵੱਖ ਵੱਖ ਵਿੰਗਾਂ ਦੀਆਂ ਹੋਈਆਂ ਨਿਯੁਕਤੀਆਂ



**ਮਲੇਰਕੋਟਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਦੇ ਵਿਧਾਇਕ ਡਾ ਜਮੀਲ ਉਰ ਰਹਿਮਾਨ ਨੇ ਮਹਿਲਾ ਵਿੰਗ ਮਲੇਰਕੋਟਲਾ ਦੀ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਮੰਜੂ ਹਰਕਿਰਨ ਕੌਰ ਨੂੰ ਪੱਤਰਕਾਰਾਂ ਦੇ ਰੁ-ਬ-ਰੂ ਹੁੰਦਿਆਂ ਵਧਾਈ ਦਿੱਤੀ ਅਤੇ ਹਾਈ ਕਮਾਂਡ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਲਈ ਹੌਸਲਾ ਅਫਜਾਈ ਕੀਤੀ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਗੁਰਮੀਤ ਸਿੰਘ ਬੁਰਜ,ਮਹਿਲਾ ਵਿੰਗ ਮਾਲੇਰਕੋਟਲਾ ਦੀ ਕੁਆਰਡੀਨੇਟਰ ਮੁਮਤਾਜ ਅਤੇ ਹਲਕਾ ਅਮਰਗੜ੍ਹ ਦੀ ਕੁਆਰਡੀਨੇਟਰ ਸਮਸਾਦ ਰਾਏ ਵੀ ਮੌਜੂਦ ਸਨ ।

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਸੀਨੀਅਰ ਲੀਡਰਸ਼ਿਪ ਵੱਲੋਂ ਵੱਖ ਵੱਖ ਵਿੰਗਾ ਤੇ ਨਿਯੁਕਤੀਆਂ ਕਰਨ ਤੇ ਆਮ ਆਦਮੀ ਪਾਰਟੀ ਦਾ ਸੰਗਠਨ ਹੋਰ ਮਜਬੂਤ ਹੋਇਆ ਹੈ। ਉਹਨਾਂ ਕਿਹਾ ਕਿ ਸਾਡੀ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਪਾਰਟੀ ਨੂੰ ਲਗਾਤਾਰ ਮਜਬੂਤ ਕੀਤਾ ਜਾ ਰਿਹਾ ਹੈ ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਹੋਰ ਮਜਬੂਤ ਕਰਨ ਲਈ ਜਿਥੇ ਮੰਜੂ ਹਰਕਿਰਨ ਕੌਰ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ,ਉੱਥੇ ਹੀ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਵਿਖੇ ਮਮਤਾਜ ਨੂੰ ਕੁਆਰਡੀਨੇਟਰ ਅਤੇ ਵਿਧਾਨ ਸਭਾ ਹਲਕਾ ਅਮਰਗੜ੍ਹ ਵਿਖੇ ਸਮਸਾਦ ਰਾਏ ਨੂੰ ਮਹਿਲਾ ਵਿੰਗ ਦੀ ਕੁਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਸਮੂਹ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਪਾਰਟੀ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਤੇ ਚੱਲਣ ਲਈ ਕਿਹਾ ।

ਪੱਤਰਕਾਰਾਂ ਨਾਲ ਗੱਲ ਬਾਤ ਕਰਦਿਆ ਕਿਹਾ ਕਿ ਮਾਲੇਰਕੋਟਲਾ ਧਰਮ ਨਿਰਪੱਖਤਾ ਅਤੇ ਮਿਹਨਤਕਸ਼ ਲੋਕਾਂ ਸਦਕਾ ਦੁਨੀਆ ਵਿੱਚ ਆਪਣੀ ਨਵੇਕਲੀ ਪਛਾਣ ਰੱਖਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮੈਡੀਕਲ ਸਿੱਖਿਆ ਨੂੰ ਵੱਡਾ ਹੁਲਾਰਾ ਦੇਣ ਅਤੇ ਲੋਕਾਂ ਨੂੰ ਮਿਆਰੀ ਡਾਕਟਰੀ ਸਹੂਲਤਾਂ ਯਕੀਨੀ ਬਣਾਉਣ ਲਈ 38.5 ਏਕੜ ਡਿਫੈਂਸ ਗਰਾਊਂਡ ਵਿਖੇ ਕਰੀਬ 450 ਕਰੋੜ ਰੁਪਏ ਦੀ ਲਾਗਤ ਨਾਲ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਨਿਰਮਾਣ ਕਾਰਜ ਜਲਦੀ ਹੀ ਸ਼ੁਰੂ ਹੋਵੇਗਾ ਅਤੇ ਡਿਫੈਂਸ ਗਰਾਊਂਡ ਵਿਖੇ ਹੀ 150 ਬੈਡ ਦਾ ਈ.ਐਸ.ਆਈ ਹਸਪਤਾਲ ਵੀ ਉਸਾਰਿਆ ਜਾ ਰਿਹਾ ਹੈ। ਪੱਤਰਕਾਰਾਂ ਦੇ ਜ਼ਿਲ੍ਹਾ ਪ੍ਰਸਾਸਨਿਕ ਕੰਪਲੈਕਸ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਜਲਦ ਹੀ ਕਰੀਬ 111 ਕਰੋੜ ਰੁਪਏ ਦੀ ਲਾਗਤ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ । ਉਨ੍ਹਾਂ ਕਿਹਾ ਕਿ ਰੰਗਲੇ ਪੰਜਾਬ ਦੇ ਨਿਰਮਾਣ ਲਈ ਨੌਜਵਾਨਾਂ ਨੂੰ ਲਾਇਬ੍ਰੇਰੀ ਅਤੇ ਖੇਡ ਮੈਦਾਨਾਂ ਨਾਲ ਜੋੜਿਆ ਜਾ ਰਿਹਾ ਹੈ ਅਤੇ ਘਰਾਂ ਦੇ ਨੇੜੇ ਲੋੜਵੰਦ ਨੂੰ ਚੰਗੀ ਸਿਹਤ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ । ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਨ ਲਈ ਕਰੀਬ 11 ਕਰੋੜ 40 ਲੱਖ ਰੁਪਏ ਦੀ ਲਾਗਤ ਨਾਲ ਇੱਕ ਜ਼ਿਲ੍ਹਾ ਪੱਧਰੀ 'ਤੇ ਅਤੇ 12 ਪਿੰਡਾਂ 'ਚ ਲਾਇਬਰੇਰੀਆਂ ਦੀ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ । ਇਸੇ ਤਰ੍ਹਾਂ ਪਿੰਡਾਂ ਦੇ ਨੌਜਵਾਨਾਂ ਨੂੰ ਚੰਗੀਆਂ ਖੇਡ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਖੇਡ ਸੱਭਿਆਚਾਰ ਪੈਦਾ ਕਰਨ ਲਈ ਜ਼ਿਲ੍ਹੇ ਦੇ 66 ਪਿੰਡਾਂ ਵਿਚ ਕਰੀਬ 09 ਕਰੋੜ 90 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ । ਘਰਾਂ ਦੇ ਨੇੜੇ ਚੰਗੀਆਂ ਸਿਹਤ ਸਹੂਲਤਾਵਾਂ ਮੁਹੱਈਆ ਕਰਵਾਉਣ ਲਈ ਜ਼ਿਲ੍ਹੇ ਵਿੱਚ 09 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਜਲਦ ਹੀ 5 ਹੋਰ ਨਵੇ ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਜਾ ਰਹੇ ਹਨ ਤਾਂ ਜੋ ਮਿਆਰੀ ਦੀਆਂ ਸਿਹਤ ਸੁਵਿਧਾਵਾਂ ਮਿਲ ਸਕਣ । ਵਿਧਾਇਕ ਮਾਲੇਰਕੋਟਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਇੱਕੋ ਇਕ ਸੋਚ ਲੋਕਾਂ ਦੀ ਸੇਵਾ ਕਰਨਾ ਹੈ ਅਤੇ ਲੋਕਾਂ ਦੀ ਸਮੱਸਿਆਵਾਂ ਨੂੰ ਹੱਲ ਕਰਨਾ ਹੈ । ਉਹਨਾਂ ਕਿਹਾ ਕਿ ਅਹੁਦੇਦਾਰਾਂ ਦੀ ਨਿਯੁਕਤੀ ਹੋਣ ਨਾਲ ਪਾਰਟੀ ਦਾ ਕੱਦ ਹੋਰ ਵਧਿਆ ਹੈ ਤੇ ਉਹ ਹੋਰ ਬਖੂਬੀ ਢੰਗ ਨਾਲ ਲੋਕਾਂ ਦੀਆਂ ਸਮੱਸਿਆਵਾਂ ਦਾ ਰਲ ਮਿਲ ਕੇ ਹੱਲ ਕਰਨਗੇ। ਉਹਨਾਂ ਕਿਹਾ ਕਿ ਉਹ ਬਹੁਤ ਖੁਸ਼ ਹਨ ਕੀ ਨੌਜਵਾਨ ਵਰਗ ਆਮ ਆਦਮੀ ਪਾਰਟੀ ਨਾਲ ਜੁੜ ਰਿਹਾ ਹੈ ਤੇ ਉਹ ਹਲਕੇ ਦੇ ਲੋਕਾਂ ਦੀ ਸੇਵਾ ਕਰਨ ਵਿਚ ਸਫਲ ਸਾਬਿਤ ਹੋ ਰਹੇ ਹਨ।

ਉਨ੍ਹਾਂ ਆਸ ਜਤਾਈ ਕਿ ਨਵ ਨਿਯੁਕਤ ਅਹੁਦੇਦਾਰ ਆਪਣੀ ਜ਼ਿੰਮੇਵਾਰੀ ਨੂੰ ਪੂਰੇ ਜੋਸ਼ ਅਤੇ ਸਮਰਪਣ ਨਾਲ ਨਿਭਾਉਣਗੇ। ਇਸ ਮੌਕੇ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਅਤੇ ਮਹਿਲਾ ਵਿੰਗ ਦੇ ਆਹੁਦੇਦਾਰਾਂ ਅਤੇ ਨੇ ਵੀ ਆਪਣੀ ਨਿਯੁਕਤੀ 'ਤੇ ਧੰਨਵਾਦ ਜਤਾਉਂਦਿਆਂ ਕਿਹਾ ਕਿ ਉਹ ਸੀਨੀਅਰ ਲੀਡਰਸ਼ਿਪ ਵੱਲੋਂ ਮਿਲੇ ਵਿਸ਼ਵਾਸ ਤੇ ਖਰਾ ਉਤਰਣ ਦੀ ਪੂਰੀ ਕੋਸ਼ਿਸ਼ ਕਰਨਗੇ। ਡਾ. ਜਮੀਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਇੱਕੋ ਇਕ ਸੋਚ ਹੈ - ਲੋਕਾਂ ਦੀ ਨਿਸ਼ਪੱਖ ਸੇਵਾ। ਉਨ੍ਹਾਂ ਕਿਹਾ ਕਿ ਸੰਗਠਨਿਕ ਪੱਧਰ 'ਤੇ ਅਹੁਦੇਦਾਰਾਂ ਦੀ ਨਿਯੁਕਤੀ ਨਾਲ ਲੋਕਾਂ ਦੀਆਂ ਸਮੱਸਿਆਵਾਂ ਨਿਰਣਯਾਤਮਕ ਢੰਗ ਨਾਲ ਸੁਣੀਆਂ ਜਾਂਦੀਆਂ ਹਨ ਅਤੇ ਤੁਰੰਤ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਮੌਕੇ ਵਿਧਾਇਕ ਮਾਲੇਰਕੋਟਲਾ ਦੀ ਧਰਮ ਪਤਨੀ ਫਰਿਆਲ ਰਹਿਮਾਨ,ਚੇਅਰਮੈਨ ਮਾਰਕੀਟ ਕਮੇਟੀ ਸੰਦੋੜ ਕਰਮਜੀਤ ਸਿੰਘ ਕੁਠਾਲਾ, ਪੀ ਏ ਗੁਰਮੁਖ ਸਿੰਘ, ਸੁਰਜੀਤ ਸਿੰਘ,ਯਾਸੀਨ ਨੇਸਤੀ, ਯਾਸਰ ਅਰਫਾਤ ਬੀਬਾ ਹਰਸਿਮਰਨ ਕੌਰ ਤੋਂ ਇਲਾਵਾ ਹੋਰ ਪਾਰਟੀ ਵਰਕਰ ਮੌਜੂਦ ਸਨ ।

# ਕੈਨੇਡਾ ਦੀ ਧਰਤੀ 'ਤੇ 22 ਐਮ.ਪੀ ਭਾਰਤੀ ਬਣਨੇ ਪੰਜਾਬੀਆਂ ਲਈ ਖੁਸ਼ੀ ਦੀ ਗੱਲ



**ਲੁਧਿਆਣਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੀ ਧਰਤੀ 'ਤੇ ਜਾ ਕੇ ਸੱਚੀ ਸੁੱਚੀ ਕਿਰਤ ਕਰਕੇ ਸਿਆਸੀ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲਿਆਂ ਵਿੱਚ ਮੈਂਬਰ ਪਾਰਲੀਮੈਂਟ ਅਮਰਜੀਤ ਸਿੰਘ ਗਿੱਲ ਦਾ ਨਾਮ ਵਰਨਣਯੋਗ ਹੈ ਅਤੇ ਦੂਸਰੇ ਵਿਸ਼ਵ ਵਿੱਚ ਦਿਲ ਦੇ ਰੋਗਾਂ ਦੇ ਚੋਣਵੇਂ ਡਾਕਟਰਾਂ ਵਿੱਚ ਆਪਣਾ ਸਤਿਕਾਰਤ ਸਥਾਨ ਬਣਾਉਣ ਵਾਲੇ ਡਾ. ਗੁਰਚਰਨ ਸਿੰਘ ਸਿਆਣ ਹਨ। ਜਿਨਾਂ ਦੇ ਗ੍ਰਹਿ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ, ਅਮਰਪ੍ਰੀਤ ਸਿੰਘ ਔਲਖ, ਅਜਮੇਰ ਸਿੰਘ ਕਲਸੀ, ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੇ ਵਾਈਸ ਪ੍ਰਧਾਨ ਰਵਿੰਦਰ ਸਿਆਣ, ਗੁਰਮੇਲ ਸਿੰਘ, ਚਰਨਜੀਤ ਸਿੰਘ ਸਰਪ੍ਰਸਤ ਦਵਿੰਦਰ ਸਿੰਘ ਅਤੇ ਅਮਨਦੀਪ ਸਿਆਣ ਨੇ ਉਪਰੋਕਤ ਸ਼ਖਸ਼ੀਅਤਾਂ ਨੂੰ ਦੁਸ਼ਾਲਾ ਪਾ ਕੇ ਇਲਾਹੀ ਗਿਆਨ ਦਾ ਸਾਗਰ ਆਦਿ ਗ੍ਰੰਥ ਗੁਰੂ ਗ੍ਰੰਥ ਸਾਹਿਬ ਪੁਸਤਕ ਸਤਿਕਾਰ ਸਹਿਤ ਭੇਂਟ ਕੀਤੀ, ਜੋ ਹਿੰਦੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਹੈ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ 6 ਗੁਰੂ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਬਾਰੇ ਗੁਰਬਾਣੀ ਦੇ ਸ਼ਬਦਾਂ ਅਤੇ ਚਿੱਤਰਾਂ ਸਮੇਤ ਜਾਣਕਾਰੀ ਪ੍ਰਦਾਨ ਕਰਦੀ ਹੈ।

ਇਸ ਸਮੇਂ ਅਮਰਜੀਤ ਸਿੰਘ ਗਿੱਲ ਜੋ ਗਿੱਲ ਪਿੰਡ ਦੇ ਜੰਮਪਲ ਹਨ। ਉਹਨਾਂ ਨੇ ਅਤਿਅੰਤ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਪੁਸਤਕ ਦੇ ਲੇਖਕ ਅਨੁਰਾਗ ਸਿੰਘ, ਚਿੱਤਰਕਾਰ ਦੇ ਆਰਟਿਸਟ ਆਰ.ਐਮ ਸਿੰਘ ਨੂੰ ਵਧਾਈ ਦਿੱਤੀ ਅਤੇ ਬਾਵਾ ਦੀ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਸਮੇਂ ਡਾ. ਸਿਆਣ ਨੇ ਆਪਣੇ ਆਲੀਸ਼ਾਨ ਗ੍ਰਹਿ ਵਿਖੇ ਪੰਜਾਬ ਦੇ ਹਰ ਪੱਖ ਤੇ ਵਿਚਾਰ ਸਾਂਝੇ ਕੀਤੇ ਅਤੇ ਉਹਨਾਂ ਵੱਲੋਂ ਮੈਡੀਕਲ ਖੇਤਰ ਵਿੱਚ ਕੀਤੀ ਜਾ ਰਹੀ ਵਡਮੁੱਲੀ ਸੇਵਾ ਬਾਰੇ ਰਵਿੰਦਰ ਸਿਆਣ ਨੇ ਦੱਸਿਆ ਕਿ ਡਾ. ਸਿਆਣ ਅੰਦਰ ਜੋ ਮਨੁੱਖਤਾ ਦੀ ਸੇਵਾ ਦੀ ਭਾਵਨਾ ਹੈ, ਉਹ ਵਿਲੱਖਣ ਹੈ।

ਉਹਨਾਂ ਕਿਹਾ ਕਿ ਡਾਕਟਰ ਸਾਹਿਬ ਦੀ ਧਰਮਪਤਨੀ ਡਾ. ਜਸਵਿੰਦਰ ਕੌਰ ਵੀ ਸੇਵਾ ਦੇ ਖੇਤਰ ਵਿੱਚ ਉਹਨਾਂ ਨਾਲ ਮਿਲ ਕੇ ਮੋਹਰੀ ਰੋਲ ਅਦਾ ਕਰਦੀ ਹੈ ਜੋ ਸਾਡੇ ਪਰਿਵਾਰ ਲਈ ਗੌਰਵ ਹੈ। ਇਸ ਮੌਕੇ ਸ੍ਰੀ ਬਾਵਾ ਅਤੇ ਦਾਖਾ ਨੇ ਕਿਹਾ ਕਿ ਇਹ ਲੁਧਿਆਣਾ ਨਿਵਾਸੀਆਂ ਅਤੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਕੈਨੇਡਾ ਦੀ ਧਰਤੀ ਤੇ 22 ਮੈਂਬਰ ਪਾਰਲੀਮੈਂਟ ਭਾਰਤੀ ਬਣਨੇ ਦੇਸ਼ ਵਾਸੀਆਂ ਦਾ ਸਿਰ ਉੱਚਾ ਕਰਦਾ ਹੈ।

# ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਭਗਤਪੂਰਨ ਸਿੰਘ ਜੀ ਅਤੇ ਬਾਲਾ ਆਲਾ ਸਿੰਘ ਜੀ ਨੂੰ ਕੀਤਾ ਯਾਦ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਅੱਜ ਸਵੇਰ ਦੀ ਸਭਾ ਵਿੱਚ ਭਗਤ ਪੂਰਨ ਸਿੰਘ ਜੀ,ਗੁਰੂਦੇਵ ਰਬਿੰਦਰਨਾਥ ਟੈਗੋਰ ਜੀ ਅਤੇ ਪਟਿਆਲੇ ਦੇ ਬਾਨੀ ਬਾਬਾ ਆਲਾ ਸਿੰਘ ਜੀ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਕੂਲ ਦੀ ਵਿਦਿਆਰਥਣ ਪ੍ਰਭਨੂਰ ਕੌਰ ਨੇ ਭਗਤ ਪੂਰਨ ਸਿੰਘ ਜੀ ਬਾਰੇ ਚਾਨਣਾ ਪਾਇਆ ਕਿ ਭਗਤ ਪੂਰਨ ਸਿੰਘ ਜੀ ਪੰਜਾਬ ਦੇ ਉੱਘੇ ਸਮਾਜਸੇਵੀ, ਚਿੰਤਕ, ਵਾਤਾਵਰਣ ਪ੍ਰੇਮੀ ਅਤੇ ਸਰਵ ਭਾਰਤ ਪਿੰਗਲਵਾੜਾ ਸੁਸਾਇਟੀ, ਅੰਮ੍ਰਿਤਸਰ ਦੇ ਮੋਢੀ ਸਨ। ਇਸ ਮੌਕੇ ਵਿਦਿਆਰਥਣ ਮਨਜੋਤ ਕੌਰ ਅਤੇ ਯਸ਼ਮੀਤ ਨੇ ਗੁਰੂਦੇਵ ਰਬਿੰਦਰਨਾਥ ਟੈਗੋਰ ਜੀ ਬਾਰੇ ਵੀ ਵਿਦਿਆਰਥੀਆਂ ਨੂੰ ਅਹਿਮ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਇੰਚਾਰਜ ਸ੍ਰ. ਸਤਵੀਰ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਜੀ ਦੇ ਜੀਵਨੀ ਬਾਰੇ ਬੱਚਿਆਂ ਨੂੰ ਦੱਸਿਆ । ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਸੀ।

# ਆਜ਼ਾਦੀ ਦਿਵਸ ਤੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਕਰੇਗੀ ਰੋਸ ਪ੍ਰਦਰਸ਼ਨ : ਵਿਕਾਸ ਸਾਹਨੀ



**ਸਮਾਣਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਦੇ ਸਰਕਾਰੀ ਪ੍ਰਾਇਮਰੀ ਅਤੇ ਹਾਈ ਸਕੂਲਾਂ ਵਿੱਚ ਆਪਣੀਆ ਸੇਵਾਵਾਂ ਨਿਭਾ ਚੁੱਕੇ ਈ.ਜੀ.ਐਸ, ਏ.ਆਈ.ਈ, ਐਸ.ਟੀ.ਆਰ, ਆਈ.ਈ.ਵੀ ਅਤੇ ਸਿੱਖਿਆ ਪ੍ਰੋਵਾਇਡਰ ਆਪਣੀ ਬਹਾਲੀ ਨੂੰ ਲੈਕੇ ਕਾਫੀ ਲੰਬੇ ਸਮੇ ਤੋ ਸੰਘਰਸ਼ ਕਰ ਰਹੇ ਹਨ।ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕਿ ਆਪਣੇ ਆਪ ਨੂੰ ਆਮ ਲੋਕਾਂ ਦੇ ਮੁੱਖ ਮੰਤਰੀ ਕਹਿਣ ਵਾਲੇ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਵੱਲੋ ਸੱਤਾ ਵਿੱਚ ਆਉਣ ਤੋ ਪਹਿਲਾ ਕੀਤੇ ਵਾਅਦੇ ਮੁਤਾਬਿਕ ਸਾਨੂੰ ਬਿਨਾ ਕਿਸੇ ਸ਼ਰਤ ਬਹਾਲ ਕੀਤਾ ਜਾਵੇ ਜਦਕਿ ਮੁੱਖ ਮੰਤਰੀ ਵੱਲੋ ਲੁਧਿਆਣਾ ਜ਼ਿਮਨੀ ਚੋਣਾ ਦੌਰਾਨ 15 ਜੂਨ ਨੂੰ ਫਿਲੌਰ ਵਿਖੇ ਕੀਤੀ ਗਈ ਮੀਟਿੰਗ ਵਿੱਚ ਵੀ ਸਾਡੀ ਜਥੇਵੰਦੀ ਦੇ ਸਮੂਹ ਵਲੰਟੀਅਰ ਨੂੰ ਜਲਦ ਹੀ ਬਿਨਾ ਕਿਸੇ ਦੇਰੀ ਤੋ ਵਿਭਾਗਾ ਨੂੰ ਕਮੇਟੀ ਦਾ ਗਠਨ ਕਰਕੇ ਬਹਾਲ ਕਰਨ ਦੇ ਹੁਕਮ ਦਿੱਤੇ ਸਨ ਅਤੇ 15 ਦਿਨਾਂ ਦੇ ਅੰਦਰ-ਅੰਦਰ ਬਹਾਲੀ ਪ੍ਰੋਸੈਸ ਨੂੰ ਪੂਰਾ ਕਰਨ ਲਈ ਕਿਹਾ ਗਿਆ ਸੀ ਪਰ ਅੱਜ ਪੂਰੇ 50 ਦਿਨ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਵੱਲੋ ਸਾਡੀ ਬਹਾਲੀ ਸੰਬੰਧੀ ਕੋਈ ਪ੍ਰਤੀਕਿਰਿਆ ਨਹੀ ਹੈ ,ਉਹਨਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਪੰਜਾਬ ਵੱਲੋ ਪੁਲਿਸ ਅਕੈਡਮੀ ਫਿਲੌਰ ਵਿਖੇ ਕੀਤੇ ।

# ਡਾ. ਰਣਜੋਧ ਹਡਾਣਾ ਅਤੇ ਮੇਅਰ ਕੁੰਦਨ ਗੋਗੀਆ ਨੇ ਖਾਟੂ ਸ਼ਿਆਮ ਯਾਤਰਾ ਲਈ ਬੱਸ ਨੂੰ ਦਿੱਤੀ ਗਈ ਹਰੀ ਝੰਡੀ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਪੰਜਾਬ ਅਤੇ ਚੇਅਰਮੈਨ ਪੀ ਆਰ ਟੀ ਸੀ ਡਾ. ਰਣਜੋਧ ਸਿੰਘ ਹਡਾਣਾ ਅਤੇ ਪਟਿਆਲਾ ਦੇ ਮੇਅਰ ਸ. ਕੁੰਦਨ ਗੋਗੀਆ ਨੇ ਅੱਜ ਪਟਿਆਲਾ ਤੋਂ ਸਮਾਜ ਸੇਵੀ ਨਰੇਸ਼ ਕੁਮਾਰ ਕਾਕਾ ਦੀ ਅਗਵਾਈ ਵਿੱਚ ਰਾਜਸਥਾਨ ਸਥਿਤ ਪ੍ਰਸਿੱਧ ਧਾਰਮਿਕ ਥਾਂ ਖਾਟੂ ਸ਼ਿਆਮ ਜੀ ਦੀ ਯਾਤਰਾ ਲਈ ਜਾ ਰਹੀ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਦੱਸ ਦੇਈਏ ਕਿ ਇਹ ਬੱਸ ਪਟਿਆਲਾ ਤੋਂ ਖਾਟੂ ਸ਼ਿਆਮ ਧਾਮ ਤੱਕ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਹੈ ਜੋ ਕਿ ਹਰ ਮਹੀਨੇ ਵੱਡੇ ਭਾਵਨਾਤਮਕ ਜਜ਼ਬੇ ਨਾਲ ਇਸ ਯਾਤਰਾ ਦਾ ਹਿੱਸਾ ਬਣਦੇ ਹਨ। ਬੱਸ ਦੀ ਰਵਾਨਗੀ ਮੌਕੇ ਬਹੁਤ ਸਾਰੇ ਭਗਤ ਅਤੇ ਸਥਾਨਕ ਨਾਗਰਿਕ ਵੀ ਮੌਜੂਦ ਸਨ, ਜਿਨ੍ਹਾਂ ਨੇ ਫੁੱਲਾਂ ਦੀ ਵਰਖਾ ਕਰਕੇ ਯਾਤਰੀਆਂ ਨੂੰ ਵਧਾਈਆਂ ਦਿੱਤੀਆਂ। ਚੇਅਰਮੈਨ ਰਣਜੋਧ ਹਡਾਣਾ ਅਤੇ ਮੇਅਰ ਕੁੰਦਨ ਗੋਗੀਆ ਨੇ ਸਾਂਝੇ ਤੌਰ ਤੇ ਕਿਹਾ ਕਿ ਧਾਰਮਿਕ ਸਥਾਨਾਂ ਦੀ ਯਾਤਰਾ ਨਾ ਸਿਰਫ਼ ਮਨ ਨੂੰ ਆਤਮਿਕ ਸ਼ਾਂਤੀ ਦਿੰਦੀ ਹੈ, ਸਗੋਂ ਸਮਾਜ ਵਿੱਚ ਸਦਭਾਵਨਾ ਅਤੇ ਇਕਤਾ ਵੀ ਵਧਾਉਂਦੀ ਹੈ।

ਇਸ ਮੌਕੇ ਉਨ੍ਹਾਂ ਨਾਲ ਰੁਪਿੰਦਰ ਸਿੰਗਲਾ ਐਮ ਡੀ ਸ਼ਿਵ ਮੋਟਰ, ਅਰਵਿੰਦਰ ਸਿੰਘ ਪ੍ਰਧਾਨ ਉਮੰਗ ਵੈਲਫੇਅਰ ਫਾਊਂਡੇਸ਼ਨ, ਆਸ਼ੂ ਸੁਖੀਜਾ ਪ੍ਰਧਾਨ ਮਾ ਨੈਣਾ ਦੇਵੀ ਦੇ ਬੱਚੇ ਸੋਸਾਇਟੀ ਰਜਿ ਪਟਿਆਲਾ, ਸੰਸਥਾ ਦੇ ਮੈਬਰ ਗਿਰੀਸ਼ ਪੋਪਲੀ, ਕਿਸ਼ੋਰੀ ਜੀ, ਬਿੱਕਰ ਸਿੰਘ, ਵੀਰ ਦਵਿੰਦਰ, ਨਿਖਿਲ ਗੋਇਲ ਵੀ ਖਾਸ ਤੌਰ ਤੇ ਮੌਜੂਦ ਸਨ।

# ਪੀਡੀਏ ਦੇ ਮੁੱਖ ਪ੍ਰਸ਼ਾਸਕ ਨੇ ਅਰਬਨ ਅਸਟੇਟ, ਫੇਜ-2 ਦੀ ਪੈਰੀਫੇਰੀ ਰੋਡ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਕਾਸ ਅਥਾਰਟੀ ਦੇ ਮੁੱਖ ਪ੍ਰਸਾਸਕ ਮਨੀਸ਼ਾ ਰਾਣਾ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਬੀਤੇ ਦਿਨ ਅਰਬਨ ਅਸਟੇਟ, ਫੇਜ-2, ਵਿਖੇ ਪੈਂਦੀ ਪੈਰੀਫੇਰੀ ਰੋਡ ਦਾ ਨਿਰੀਖਣ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਇਸ ਸੜਕ 'ਤੇ ਕਾਫੀ ਖੱਡੇ ਹਨ ਜਿਨ੍ਹਾਂ ਨੂੰ ਭਰਵਾਉਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਨੇ ਮੌਕੇ 'ਤੇ ਹਾਜ਼ਰ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਸੀ ਕਿ ਇਸ ਰੋਡ 'ਤੇ ਪੈਂਦੇ ਖੱਡਿਆਂ ਨੂੰ ਤੁਰੰਤ ਭਰਵਾਇਆ ਜਾਵੇ। ਜਿਸ ਸਬੰਧੀ ਮਿਤੀ ਅੱਜ ਅਰਬਨ ਅਸਟੇਟ, ਫੇਜ-2 ਦੀ ਪੈਰੀਫੇਰੀ ਰੋਡ 'ਤੇ ਪਏ ਖੱਡਿਆਂ ਨੂੰ ਭਰਵਾਉਣ ਲਈ ਟਾਈਲ ਲਗਵਾਕੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਸੜਕ ਉਪਰ ਲੁੱਕ ਪਾਉਣ ਦਾ ਕੰਮ ਬਰਸਾਤਾਂ ਦੇ ਮੌਸਮ ਤੋਂ ਬਾਅਦ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੀਡੀਏ ਇਸ ਗੱਲੋਂ ਵਚਨਬੱਧ ਹੈ ਕਿ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

## ਸੁਨਿਆਰਿਆਂ ਨਾਲ ਕਰੋੜਾਂ ਦੀ ਠੱਗੀ ਮਾਰ ਕੇ ਇੱਕ ਹੋਰ ਮਰਾਠੀ ਭੱਜਿਆ

# ਪੰਜਾਬੀ ਸਵਰਨਕਾਰਾਂ ਨੂੰ ਪ੍ਰਵਾਸੀ ਠੱਗਾਂ ਤੋਂ ਬਚਾਅ ਲਈ ਕੋਈ ਢੁਕਵਾਂ ਹੱਲ ਕੱਢਿਆ ਜਾਵੇ : ਭੀਮ ਸੈਨ ਵਰਮਾ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਵਿੱਚ ਸੋਨੇ ਦਾ ਕਾਰੋਬਾਰ ਕਰਨ ਵਾਲੇ ਦੁਕਾਨਦਾਰਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰ ਕੇ ਭੱਜੇ ਮਰਾਠੀ ਸੁਨਿਆਰ ਨੂੰ ਅਜੇ ਤੱਕ ਪੁਲਿਸ ਨਹੀਂ ਲੱਭ ਸਕੀ ਜਾਂ ਲੱਭ ਨਹੀਂ ਰਹੀ ਅਤੇ ਹੁਣ ਇੱਕ ਹੋਰ ਸੁਨਿਆਰ ਮਰਾਠੀ ਵੱਲੋਂ, ਸਮਾਣਾ ਸ਼ਹਿਰ ਦੇ ਸੁਨਿਆਰ /ਸਰਾਫ ਦੁਕਾਨਦਾਰਾਂ ਤੇ ਹੋਰਾਂ ਨਾਲ ਕਰੋੜਾਂ ਦੀ ਠੱਗੀ ਮਾਰ ਕੇ ਭੱਜਣ ਦੀ ਖ਼ਬਰ ਸਮਾਣਾ ਸ਼ਹਿਰ ਵਿੱਚ ਅੱਗ ਵਾਂਗ ਫੈਲ ਰਹੀ ਹੈ। ਇੰਨਾ ਹੀ ਨਹੀਂ, ਉਸ ਲਾਪਤਾ ਮਰਾਠੀ ਨੌਜਵਾਨ ਦੀ ਭਾਲ ਉਸਦਾ ਪਿਓ ਘੱਟ ਤੇ ਹੋਰ ਲੋਕ ਜ਼ਿਆਦਾ ਕਰ ਰਹੇ ਹਨ। ਸੋਸ਼ਲ ਮੀਡੀਆ ਉੱਤੇ ਵੀ ਲੋਕ ਉਸ ਮਰਾਠੀ ਲੜਕੇ ਦੀ ਭਾਲ ਲਈ ਫ਼ੋਟੋਆਂ ਸਮੇਤ ਪੋਸਟਾਂ ਪਾ ਰਹੇ ਹਨ।

ਦੱਸਿਆ ਜਾਂਦਾ ਹੈ ਕਿ ਕਈ ਸਾਲ ਪਹਿਲਾਂ ਇੱਕ ਮਰਾਠੀ ਵਿਅਕਤੀ ਸੁਨਿਆਰ ਦਾ ਕੰਮ ਕਰਨ ਲਈ ਸਮਾਣਾ ਸ਼ਹਿਰ ਵਿੱਚ ਆਇਆ ਸੀ ਜਿਸਨੇ ਸਰਾਫਾ ਸਮਾਣਾ ਬਾਜ਼ਾਰ ਵਿੱਚ ਸੋਨੇ ਦਾ ਕੰਮ ਕਰਨ ਲਈ ਦੁਕਾਨ ਕੀਤੀ ਸੀ। ਅਕਸਰ ਚਰਚਾ ਵਿੱਚ ਰਹੇ ਇਸ ਮਰਾਠੀ ਵਿਅਕਤੀ ਦਾ ਲੜਕਾ ਹੁਣ ਲਾਪਤਾ ਦੱਸਿਆ ਜਾ ਰਿਹਾ ਹੈ।

ਪਟਿਆਲਾ ਤੇ ਸਮਾਣਾ ਦੇ ਬਾਜ਼ਾਰ ਵਿੱਚ ਚਰਚਾ ਚੱਲ ਰਹੀ ਹੈ ਕਿ ਉਹ ਲੜਕਾ ਕਈ ਲੋਕਾਂ / ਸੁਨਿਆਰਿਆਂ ਤੋਂ ਕਰੋੜਾਂ ਰੁਪਏ ਦਾ ਸੋਨਾ ਤੇ ਪੈਸਾ ਲੈਕੇ ਫਰਾਰ ਹੋ ਗਿਆ ਹੈ। ਜ਼ਿਕਰ ਇਹ ਹੋ ਰਿਹਾ ਹੈ ਕਿ 2 ਦਿਨ ਪਹਿਲਾਂ ਉਹ ਘਰੋਂ ਚਲਾ ਗਿਆ ਤੇ ਉਸਦੀ ਗੱਡੀ ਸਮਾਣੇ ਦੇ ਨੇੜੇ ਮਿਲੀ ਹੈ ਤੇ ਉਸਨੇ ਵਿਦੇਸ਼ ਰਹਿੰਦੇ ਆਪਣੇ ਭਰਾ ਨਾਲ ਗੱਲ ਵੀ ਕੀਤੀ ਸੀ। ਸ਼ੱਕ ਕੀਤਾ ਜਾ ਰਿਹਾ ਹੈ ਕਿ ਉਹ ਲੜਕਾ ਆਪਣੇ ਪਿਉ ਦੀ ਮਿਲੀਭੁਗਤ ਨਾਲ ਕਰੋੜਾਂ ਦਾ ਸੋਨਾ ਆਦਿ ਲੈਕੇ ਫਰਾਰ ਹੋਇਆ ਹੈ, ਕਿਉਂਕਿ ਉਸਦੇ ਪਿਓ ਨੂੰ ਇੰਨਾ ਫ਼ਿਕਰ ਨਹੀਂ ਜਿੰਨਾ ਫ਼ਿਕਰ ਠੱਗੀ ਦੇ ਸ਼ਿਕਾਰ ਲੋਕਾਂ ਨੂੰ ਹੋਇਆ ਪਿਆ ਹੈ।

ਇਹ ਵੀ ਚਰਚਾ ਹੋ ਰਹੀ ਹੈ ਕਿ ਲਾਪਤਾ ਹੋਏ ਲੜਕੇ ਦਾ ਪਿਤਾ, ਠੱਗੇ ਗਏ ਲੋਕਾਂ ਨੂੰ ਧਮਕੀਆਂ ਦੇਣ ਦੀ ਕੋਸ਼ਿਸ ਕਰ ਰਿਹਾ ਹੈ ਕਿ ਜੇਕਰ ਉਸਦੇ ਲੜਕੇ ਨੂੰ ਕੁਝ ਹੋ ਗਿਆ ਤਾਂ ਉਹ ਉਸਦੇ ਜ਼ਿੰਮੇਵਾਰ ਹੋਣਗੇ। ਪੁਲਿਸ ਦੇ ਅਸਪਸ਼ਟ ਸੂਤਰਾਂ ਅਨੁਸਾਰ ਕੁਝ ਲੋਕਾਂ ਵੱਲੋਂ ਸ਼ਿਕਾਇਤਾਂ ਕੀਤੀਆਂ ਗਈਆਂ ਹਨ, ਪਰ ਅਜੇ ਤੱਕ ਕੋਈ ਮਾਮਲਾ ਦਰਜ਼ ਨਹੀਂ ਕਰਵਾਇਆ ਗਿਆ ਹੈ।

ਹੁਣ ਇਹ ਵੀ ਚਰਚਾ ਹੋ ਰਹੀ ਹੈ ਕਿ ਉਕਤ ਲਾਪਤਾ ਹੋਏ ਮਰਾਠੀ ਦਾ ਪਿਓ ਵੀ ਝੂਠੀਆਂ ਸ਼ਿਕਾਇਤਾਂ ਕਰਨ ਦਾ ਆਦੀ ਹੈ ਤੇ ਝੂਠ ਬੋਲ ਕੇ ਲੋਕਾਂ ਨੂੰ ਧਮਕਾਉਂਦਾ ਦਿੰਦਾ ਰਿਹਾ ਹੈ ਤੇ ਬਲੈਕ ਮੇਲ ਕਰਦਾ ਰਿਹਾ ਹੈ ਤੇ ਹੁਣ ਆਪਣੇ ਲੜਕੇ ਦੇ ਲਾਪਤਾ ਹੋਣ ਤੋਂ ਬਾਅਦ ਵੀ ਧਮਕਾ ਰਿਹਾ ਹੈ।

ਪਟਿਆਲਾ ਸ਼ਹਿਰ ਦੇ ਕੁਝ ਸਵਰਨਕਾਰਾਂ ਦਾ ਕਹਿਣਾ ਹੈ ਕਿ ਪ੍ਰਵਾਸੀ ਕਾਰੀਗਰ ਕਈ ਵਾਰੀ ਵੱਖ ਵੱਖ ਸ਼ਹਿਰਾਂ ਤੋਂ ਲੱਖਾਂ ਕਰੋੜਾਂ ਦੀਆਂ ਠੱਗੀ ਮਾਰ ਕੇ ਲਾਪਤਾ ਹੋ ਜਾਂਦੇ ਹਨ ਅਤੇ ਹੁਣ ਸਮਾਂ ਆ ਗਿਆ ਹੈ ਕਿ ਪੰਜਾਬੀ ਸਵਰਨਕਾਰਾਂ ਨੂੰ ਇਨ੍ਹਾਂ ਠੱਗਾਂ ਤੋਂ ਬਚਾਅ ਲਈ ਕੋਈ ਢੁਕਵਾਂ ਹੱਲ ਕੱਢਿਆ ਜਾਵੇ ਤੇ ਪੁਲਿਸ ਦੋਸ਼ੀਆਂ ਨੂੰ ਕਾਬੂ ਕਰੇ।

# ਪਟਿਆਲਾ ਚੈਂਬਰ ਆਫ਼ ਇੰਡਸਟਰੀਜ਼ ਨੇ ਟਾਟਾ ਮਿਊਚੁਅਲ ਫੰਡ ਅਤੇ NestDSure ਦੇ ਸਹਿਯੋਗ ਨਾਲ 'ਪਰਿਵਾਰਕ ਨਿਵੇਸ਼' 'ਤੇ ਸੂਝਵਾਨ ਸੈਸ਼ਨ ਦੀ ਕੀਤੀ ਮੇਜ਼ਬਾਨੀ

## ਪ੍ਰਸਿੱਧ ਉਦਯੋਗਪਤੀ ਨਰੇਸ਼ ਗੁਪਤਾ ਅਤੇ ਅਸ਼ਵਨੀ ਗਰਗ ਨੇ ਵੀ ਕੀਤੀ ਸ਼ਿਰਕਤ




**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਚੈਂਬਰ ਆਫ਼ ਇੰਡਸਟਰੀਜ਼ ਨੇ ਬੁੱਧਵਾਰ, 6 ਅਗਸਤ 2025 ਨੂੰ ਐਨ.ਐਸ. ਖੁਰਾਨਾ ਮੈਮੋਰੀਅਲ ਚੈਂਬਰ ਹਾਲ, 109, ਇੰਡਸਟਰੀਅਲ ਫੋਕਲ ਪੁਆਇੰਟ, ਪਟਿਆਲਾ ਵਿਖੇ ਆਪਣੀ ਜਨਰਲ ਬਾਡੀ ਮੀਟਿੰਗ ਸਫਲਤਾਪੂਰਵਕ ਕੀਤੀ।

ਇਸ ਸਮਾਗਮ ਵਿੱਚ ਪੂਰੇ ਖੇਤਰ ਦੇ ਮੈਂਬਰਾਂ ਅਤੇ ਉਦਯੋਗ ਪੇਸ਼ੇਵਰਾਂ ਦੀ ਉਤਸ਼ਾਹੀ ਸ਼ਮੂਲੀਅਤ ਦੇਖਣ ਨੂੰ ਮਿਲੀ। ਸ਼ਾਮ ਦਾ ਇੱਕ ਮੁੱਖ ਆਕਰਸ਼ਣ NestDSure ਅਤੇ ਟਾਟਾ ਮਿਊਚੁਅਲ ਫੰਡ ਦੇ ਸਹਿਯੋਗ ਨਾਲ ਆਯੋਜਿਤ ਪਰਿਵਾਰਕ ਨਿਵੇਸ਼ 'ਤੇ ਇੱਕ ਦਿਲਚਸਪ ਅਤੇ ਜਾਣਕਾਰੀ ਭਰਪੂਰ ਸੈਸ਼ਨ ਸੀ। ਸੈਸ਼ਨ ਦੀ ਅਗਵਾਈ ਟਾਟਾ ਮਿਊਚੁਅਲ ਫੰਡ ਦੇ ਮੁਖੀ - ਸਿਖਲਾਈ ਅਤੇ ਵਿਕਾਸ ਸ਼੍ਰੀ ਨਵੇਂਦੂ ਸ਼ੇਖਰ ਨੇ ਕੀਤੀ, ਜਿਨ੍ਹਾਂ ਨੇ ਪਰਿਵਾਰ-ਕੇਂਦ੍ਰਿਤ ਨਿਵੇਸ਼ ਰਣਨੀਤੀਆਂ ਰਾਹੀਂ ਲੰਬੇ ਸਮੇਂ ਦੇ ਵਿੱਤੀ ਅਨੁਸ਼ਾਸਨ ਨੂੰ ਬਣਾਉਣ 'ਤੇ ਇੱਕ ਸੂਝਵਾਨ ਭਾਸ਼ਣ ਦਿੱਤਾ।

ਸ਼੍ਰੀ ਸ਼ਿਵਾਂਸ਼ ਗੁਪਤਾ, ਸਟੇਟ ਹੈੱਡ - ਪੰਜਾਬ, ਅਤੇ ਸ਼੍ਰੀ ਰਿਸ਼ਭ ਆਹੂਜਾ, ਸੀਨੀਅਰ ਬ੍ਰਾਂਚ ਮੈਨੇਜਰ, ਦੋਵੇਂ ਟਾਟਾ ਮਿਊਚੁਅਲ ਫੰਡ ਦੀ ਨੁਮਾਇੰਦਗੀ ਕਰਦੇ ਹਨ, ਦੀ ਮੌਜੂਦਗੀ ਨਾਲ ਸੈਸ਼ਨ ਨੂੰ ਹੋਰ ਵੀ ਅਮੀਰ ਬਣਾਇਆ ਗਿਆ। NestDSure ਦੀ ਨੁਮਾਇੰਦਗੀ ਕਰਦੇ ਹੋਏ ਇਸਦੇ ਪ੍ਰਮੋਟਰ 31 ਅਨਿਲ ਅਰੋੜਾ ਅਤੇ 31 ਹਰੀਸ਼ ਮਲਹੋਤਰਾ, ਦੋਵੇਂ ਚਾਰਟਰਡ ਅਕਾਊਂਟੈਂਟ ਹਨ, ਨੇ NestDSure ਦੇ ਪਾਰਟਨਰ ਸ਼੍ਰੀ ਪਰਿਤੋਸ਼ ਬਿੰਦਰਾ ਦੇ ਨਾਲ, ਜਿਨ੍ਹਾਂ ਨੇ ਪਰਿਵਾਰਕ ਨਿਵੇਸ਼ ਯੋਜਨਾਬੰਦੀ ਅਤੇ ਦੌਲਤ ਸਲਾਹਕਾਰੀ ਵਿੱਚ ਆਪਣੀ ਮੁਹਾਰਤ ਸਾਂਝੀ ਕੀਤੀ।

ਮੀਟਿੰਗ ਦੀ ਪ੍ਰਧਾਨਗੀ ਪਟਿਆਲਾ ਚੈਂਬਰ ਆਫ ਇੰਡਸਟਰੀਜ਼ ਦੇ ਪ੍ਰਧਾਨ ਸ਼੍ਰੀ ਜੇ.ਐਸ. ਸੰਧੂ ਨੇ ਕੀਤੀ, ਜਿਨ੍ਹਾਂ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿੱਤੀ ਸਾਖਰਤਾ ਅਤੇ ਪ੍ਰਮੁੱਖ ਸੰਸਥਾਵਾਂ ਨਾਲ ਸਹਿਯੋਗ ਦੀ ਮਹੱਤਤਾ 'ਤੇ ਚਾਨਣਾ ਪਾਇਆ। ਆਪਣੇ ਸਮਾਪਤੀ ਭਾਸ਼ਣ ਵਿੱਚ, ਸ਼੍ਰੀ ਹਰਮਿੰਦਰ ਸਿੰਘ ਖੁਰਾਣਾ, ਜਨਰਲ ਸਕੱਤਰ, ਨੇ ਸਾਰੇ ਪਤਵੰਤਿਆਂ ਅਤੇ ਮੈਂਬਰਾਂ ਦਾ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਲਈ ਧੰਨਵਾਦ ਕੀਤਾ ਅਤੇ ਪਟਿਆਲਾ ਦੇ ਉਦਯੋਗਿਕ ਭਾਈਚਾਰੇ ਲਈ ਅਜਿਹੇ ਪ੍ਰਭਾਵਸ਼ਾਲੀ ਸੈਸ਼ਨਾਂ ਦੇ ਆਯੋਜਨ ਲਈ ਚੈਂਬਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਇਸ ਸਮਾਗਮ ਵਿੱਚ ਸ਼੍ਰੀ ਨਰੇਸ਼ ਗੁਪਤਾ (ESGI ਟੂਲਸ), ਸ਼੍ਰੀ ਅਸ਼ਵਨੀ ਗਰਗ (ਰਾਣਾ ਐਂਟਰਪ੍ਰਾਈਜ਼ਿਜ਼), ਸ਼੍ਰੀ ਐਚ.ਪੀ.ਐਸ. ਸਮੇਤ ਚੈਂਬਰ ਦੇ ਕਈ ਪ੍ਰਮੁੱਖ ਮੈਂਬਰਾਂ ਨੇ ਸ਼ਿਰਕਤ ਕੀਤੀ। ਸ੍ਰੀ ਐਚ.ਪੀ.ਐਸ ਲਾਂਬਾ, ਸ਼੍ਰੀ ਵਿਕਰਮ ਗੋਇਲ, ਸ਼੍ਰੀ ਭਾਨੂ ਪ੍ਰਤਾਪ ਸਿੰਗਲਾ, ਸ਼੍ਰੀ ਕਮਲ ਮੋਹਿੰਦਰ, ਸ਼੍ਰੀ ਸੰਜੀਵ ਗੋਇਲ, ਸ਼੍ਰੀ ਰਾਹੁਲ ਤਾਇਲ, ਸੁਰਜੀਤ ਸਿੰਘ ਬਾਵਾ ਸਿੰਘ ਗਿਆਨ, ਅਤੇ ਸ਼੍ਰੀ ਪ੍ਰਦੀਪ ਮਲਹੋਤਰਾ, ਜਿਨ੍ਹਾਂ ਦੀ ਭਾਗੀਦਾਰੀ ਨੇ ਇਸ ਮੌਕੇ ਨੂੰ ਹੋਰ ਵੀ ਮਹੱਤਵ ਦਿੱਤਾ। ਸ਼ਾਮ ਦਾ ਸਮਾਪਨ ਇੱਕ ਜੀਵੰਤ ਨੈੱਟਵਰਕਿੰਗ ਸੈਸ਼ਨ ਨਾਲ ਹੋਇਆ ਜਿਸ ਤੋਂ ਬਾਅਦ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ।

# ਸਰੀਰਕ ਲੋੜਾਂ ਅਨੁਸਾਰ ਕਰੋ ਫਰਨੀਚਰ ਦੇ ਡਿਜ਼ਾਇਨ ਦੀ ਚੋਣ

ਡਾ. ਕੁਲਵੀਰ ਕੌਰ

ਫਰਨੀਚਰ ਦੀ ਵਰਤੋਂ ਘਰ ਵਿਚ ਕਈ ਕੰਮਾਂ ਲਈ ਕੀਤੀ ਜਾਂਦੀ ਹੈ ਜਿਵੇਂ ਕਿ ਸੌਣ ਲਈ, ਕੁਝ ਖ਼ਾਸ ਕੰਮ ਜਿਵੇਂ ਕਿ ਪੜ੍ਹਨ ਲਈ, ਖਾਣਾ ਖਾਣ ਲਈ ਜਾਂ ਵਿਹਲੇ ਸਮੇਂ ਦੌਰਾਨ ਆਨੰਦ ਮਾਣਨ ਲਈ ਆਦਿ । ਸਾਰੇ ਜੀਵਤ ਪ੍ਰਾਣੀਆਂ ਵਿਚ ਊਰਜਾ ਦੀ ਖੱਪਤ ਅਤੇ ਫਿਰ ਸਿਹਤਯਾਬ ਹੋਣ ਦਾ ਪ੍ਰਵਾਹ ਸਾਰੀ ਜ਼ਿੰਦਗੀ ਲਗਾਤਾਰ ਚੱਲਦਾ ਰਹਿੰਦਾ ਹੈ। ਇਹ ਚੱਕਰ ਸਰੀਰ ਦੇ ਅੰਦਰੂਨੀ ਅੰਗਾਂ ਵਿਚ ਮੁੜ ਜਾਨ ਪਾਉਣ ਲਈ ਅਤਿ ਜ਼ਰੂਰੀ ਹੈ ਅਤੇ ਸਰੀਰ ਉਦੋਂ ਹੀ ਤਰੋ ਤਾਜ਼ਾ ਹੁੰਦਾ ਹੈ ਜਦੋਂ ਸਾਰੇ ਅੰਗ ਆਰਾਮ ਕਰ ਰਹੇ ਹੁੰਦੇ ਹਨ। ਸਮੇਂ ਦੇ ਪ੍ਰਸੰਗ ਵਿਚ ਹਰ ਮਨੁੱਖ ਲਈ ਤਿੰਨ ਭਾਗ ਹਨ: ਕੰਮ, ਵਿਸ਼ਰਾਮ ਅਤੇ ਨੀਂਦ, ਇਨ੍ਹਾਂ ਤਿਨ ਭਾਗਾਂ ਦਾ ਉਚਿੱਤ ਸੰਤੁਲਨ ਹੋਣਾ ਅਤਿ ਜ਼ਰੂਰੀ ਹੈ। ਫਰਨੀਚਰ ਦੀ ਵਰਤੋਂ ਦਾ ਮੁੱਖ ਮੰਤਵ ਇਹ ਹੁੰਦਾ ਹੈ ਕਿ ਵੱਖ-2 ਕ੍ਰਿਆਵਾਂ ਦੌਰਾਨ ਸਰੀਰ ਨੂੰ ਵੱਧ ਤੋਂ ਵੱਧ ਸਹੂਲਤ ਪ੍ਰਦਾਨ ਕਰੇ ਤਾਂ ਕਿ ਰੋਜ਼ਾਨਾ ਘਰੇਲੂ ਕੰਮਾਂ ਨੂੰ ਜ਼ਿਆਦਾ ਸੰਤੋਸ਼ਜਨਕ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਸਰੀਰ ਨੂੰ ਕੰਮ ਦੌਰਾਨ ਹੋਣ ਵਾਲੀ ਥਕਾਵਟ ਨੂੰ ਆਰਾਮ ਰਾਹੀਂ ਦੂਰ ਕਰ ਸਕੇ। ਪਰ ਅਜਿਹਾ ਤਾਂ ਹੀ ਸੰਭਵ ਹੈ ਜੇਕਰ ਫਰਨੀਚਰ ਦੇ ਡਿਜ਼ਾਇਨ ਦੀ ਚੋਣ ਕਰਨ ਸਮੇਂ ਫਰਨੀਚਰ ਵਰਤਣ ਵਾਲੇ ਦੇ ਸਰੀਰ ਦੀ ਲੋੜ ਅਨੁਸਾਰ ਕੀਤਾ ਜਾਵੇ।

ਆਮ ਵੇਖਣ ਵਿਚ ਆਇਆ ਹੈ ਕਿ ਸੁਆਣੀਆਂ ਫਰਨੀਚਰ ਦੀ ਚੋਣ ਕਰਨ ਸਮੇਂ ਉਹਦੇ ਡਿਜ਼ਾਇਨ ਨੂੰ ਪਹਿਲ ਦਿੰਦੀਆਂ ਹਨ ਅਤੇ ਉਸ ਡਿਜ਼ਾਇਨ ਦੇ ਕਾਰਜਾਤਮਿਕ ਹੋਣ ਨੂੰ ਅੱਖੋਂ ਪਰੋਖੇ ਕਰ ਦਿੰਦੀਆਂ ਹਨ। ਜਿਸ ਨਾਲ ਫਰਨੀਚਰ ਦਾ ਮੁੱਢਲਾ ਮੰਤਵ ਅਰਥਹੀਣ ਹੋ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੋਹਣਾ ਫਰਨੀਚਰ ਦੇਖਣ ਨੂੰ ਸੋਹਣਾ ਲੱਗਦਾ ਹੈ ਅਤੇ ਘਰ ਦੀ ਸੁਹਜ-ਸੱਜਾ ਵਿਚ ਚਾਰ ਚੰਨ ਲਗਾਉਂਦਾ ਹੈ ਪਰ ਇਸ ਦਾ ਵਰਤਣ ਵਾਲੇ ਦੇ ਸਰੀਰ ਦੀ ਲੋੜ ਅਨੁਸਾਰ ਕਾਰਜਾਤਮਿਕ ਹੋਣਾ ਵੀ ਬੇਹੱਦ ਜ਼ਰੂਰੀ ਹੈ। ਕਈ ਘਰਾਂ ਵਿਚ ਅਜਿਹੇ ਫਰਨੀਚਰ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਘੱਟ ਸਮੇਂ ਲਈ ਕੀਤੀ ਜਾਂਦੀ ਹੈ ਇਸ ਤਰ੍ਹਾਂ ਦਾ ਫਰਨੀਚਰ ਆਪਣੀ ਕਾਰਜਤਮਿਕ ਮਹੱਤਤਾ ਦੀ ਛਾਪ ਨਹੀਂ ਛੱਡਦਾ। ਪਰ ਜਿਹੜੇ ਫਰਨੀਚਰ ਲੰਬੇ ਸਮੇਂ ਲਈ ਵਰਤੇ ਜਾਂਦੇ ਹਨ ਉਨ੍ਹਾਂ ਦਾ ਕਾਰਜਾਤਮਿਕ ਹੋਣਾ ਅਤਿ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਇਸ ਤਰ੍ਹਾਂ ਦੇ ਫਰਨੀਚਰ ਸਰੀਰ ਮੁਤਾਬਕ ਠੀਕ ਨਾ ਹੋਣ ਤੇ ਸਰੀਰ ਦੇ ਪ੍ਰਭਾਵਿਤ ਅੰਗਾਂ ਵਿਚ ਦਰਦ ਪੈਦਾ ਕਰਦੇ ਹਨ। ਸਰੀਰ ਵਿਚ ਇਹ ਦਰਦ, ਵਰਤੇ ਜਾਣ ਵਾਲੇ ਫਰਨੀਚਰ ਦੇ ਗ਼ਲਤ ਡਿਜ਼ਾਇਨ ਕਾਰਣ ਸਰੀਰਕ ਮਾਸ ਪੇਸ਼ੀਆਂ ਤੇ ਆਏ ਵਾਧੂ ਦਬਾਅ ਦੇ ਫਲਸਰੂਪ ਖ਼ੂਨ ਸੰਚਾਰ ਪ੍ਰਣਾਲੀ ਦੇ ਪ੍ਰਭਾਵਿਤ ਹੋਣ ਕਾਰਣ ਪੈਦਾ ਹੁੰਦੀ ਹੈ।

ਫਰਨੀਚਰ ਦੀ ਵਰਤੋਂ ਦੇ ਵੱਖ-2 ਮੰਤਵਾਂ ਵਿੱਚੋਂ ਬੈਠਣ ਵਾਲੇ ਫਰਨੀਚਰ ਦੀ ਵਰਤੋਂ ਸਭ ਤੋਂ ਵੱਧ ਪ੍ਰਚਲਿਤ ਹੈ ਜਿਵੇਂ ਕਿ ਵੱਖ-ਵੱਖ ਕੰਮ ਕਰਨ ਲਈ ਬੈਠਣ ਦੀਆਂ ਵੱਖ-2 ਅਵਸਥਾਵਾਂ ਹੋ ਸਕਦੀਆਂ ਹਨ ਜਿਵੇਂ ਕਿ ਆਰਾਮ ਕਰਨ ਲਈ ਬੈਠਣਾ, ਪੜ੍ਹਨ ਲਈ, ਖਾਣਾ ਖਾਣ ਲਈ, ਕੱਪੜੇ ਧੋਣ ਲਈ ਬੈਠਣਾ ਆਦਿ ਲਈ। ਸੋ ਫਰਨੀਚਰ ਖ਼ਰੀਦਣ ਸਮੇਂ ਵਰਤੀ ਜਾਣ ਵਾਲੀ ਸੀਟ ਦੀ ਉਚਾਈ, ਡੂੰਘਾਈ, ਢੋਅ ਦੀ ਢਲਾਣ ਅਤੇ ਅਕਾਰ, ਬਾਹਵਾਂ ਟਿਕਾਉਣ ਲਈ ਜਗ੍ਹਾ ਆਦਿ ਦਾ ਖ਼ਾਸ ਧਿਆਨ ਦੇਣਾ ਚਾਹੀਦਾ ਹੈ । ਬੈਠਣ ਵਾਲੀ ਸੀਟ ਦੀ ਡੂੰਘਾਈ ਵਰਤਣ ਵਾਲੇ ਵਿਅਕਤੀ ਦੀ ਉਪਰਲੀ ਲੱਤ (ਚੂਲੇ ਤੋਂ ਗੋਡੇ ਤਕ) ਦੀ ਲੰਬਾਈ ਦੇ ਬਰਾਬਰ ਹੋਣੀ ਚਾਹੀਦੀ ਹੈ ਤਾਂ ਕਿ ਆਰਾਮ ਨਾਲ ਬੈਠਿਆ ਜਾ ਸਕੇ। ਸੀਟ ਦੀ ਉਚਾਈ ਵਰਤਣ ਵਾਲੇ ਵਿਅਕਤੀ ਦੀ ਹੇਠਲੀ ਲੱਤ (ਗੋਡੇ ਤੋਂ ਅੱਡੀ ਤਕ) ਦੀ ਲੰਬਾਈ ਦੇ ਬਰਾਬਰ ਹੋਣੀ ਚਾਹੀਦੀ ਹੈ ਤਾਂ ਕਿ ਬੈਠਣ ਸਮੇਂ ਪੈਰ ਧਰਤੀ ਤੇ ਆਸਾਨੀ ਨਾਲ ਟਿਕ ਸਕਣ। ਕਈ ਵਾਰ ਪਰਿਵਾਰ ਵਿਚ ਵੱਖੋ-ਵੱਖਰੇ ਕੱਦ ਦੇ ਮੈਂਬਰ ਹੁੰਦੇ ਹਨ ਜਾਂ ਡਰਾਇੰਗ ਰੂਮ ਵਿਚ ਵਰਤੀਆਂ ਜਾਣ ਵਾਲੀਆਂ ਕੁਰਸੀਆਂ ਜਾਂ ਸੋਫੇ ਪ੍ਰਾਹੁਣਿਆਂ ਦੁਆਰਾ ਵਰਤੇ ਜਾਂਦੇ ਹਨ ਸੋ ਇਸ ਤਰ੍ਹਾਂ ਦਾ ਫਰਨੀਚਰ ਛੋਟੇ ਕੱਦ ਦੇ ਮੈਂਬਰ ਜਾਂ ਵਿਅਕਤੀ ਨੂੰ ਧਿਆਨ ਵਿਚ ਰੱਖ ਕੇ ਖ਼ਰੀਦਣਾ ਚਾਹੀਦਾ ਹੈ ਕਿਉਂਕਿ ਲੰਬੇ ਕੱਦ ਦਾ ਵਿਅਕਤੀ ਲੱਤਾਂ ਪਸਾਰ ਕੇ ਬੈਠ ਸਕਦਾ ਹੈ ਜਦ ਕਿ ਛੋਟੇ ਕੱਦ ਦੇ ਵਿਅਕਤੀ ਦਾ ਲੱਤਾਂ ਲਮਕਾ ਕੇ ਬੈਠਣਾ ਅਤਿ ਦੁਖਦਾਈ ਹੁੰਦਾ ਹੈ। ਜੇਕਰ ਕੁਰਸੀ ਪੜ੍ਹਨ ਲਈ ਵਰਤਣੀ ਹੋਵੇ ਤਾਂ ਉਸ ਦੀ ਢੋਅ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ ਕਿ ਵਿਅਕਤੀ ਸਿੱਧਾ ਬੈਠ ਸਕੇ ਤੇ ਉਸ ਦੀ ਪਿੱਠ ਨੂੰ ਸਹਾਰਾ ਮਿਲ ਸਕੇ ਪਰ ਗਰਦਨ ਦੀ ਗਤੀ ਵਿਧੀ ਵਿਚ ਕੋਈ ਅੜਿੱਕਾ ਪੈਦਾ ਨਾ ਕਰੇ। ਆਰਾਮ ਕਰਨ ਵਾਲੀ ਕੁਰਸੀ ਦੀ ਢੋਅ ਉਪਰੋਂ ਕੁਝ ਲੇਟਵੀਂ ਹੋਣੀ ਚਾਹੀਦੀ ਹੈ ਤਾਂ ਜੋ ਰੀੜ੍ਹ ਦੀ ਹੱਡੀ ਨੂੰ ਲੋੜੀਂਦਾ ਸਹਾਰਾ ਮਿਲ ਸਕੇ। ਦਫ਼ਤਰੀ ਕੰਮ-ਕਾਜ ਕਰਨ ਲਈ ਅਤੇ ਆਰਾਮ ਆਦਿ ਲਈ ਵਰਤੀਆਂ ਜਾਣ ਵਾਲੀਆਂ ਕੁਰਸੀਆਂ ਤੇ ਲੋੜ ਅਨੁਸਾਰ ਬਾਹਵਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਬਾਹਵਾਂ ਆਰਾਮ ਨਾਲ ਟਿਕਾਈਆਂ ਜਾ ਸਕਣ। ਹੇਠਾਂ ਬੈਠ ਕੇ ਕੰਮ ਕਰਨ ਵਾਲੀ ਪੀੜ੍ਹੀ ਜਾਂ ਪਟੜੇ ਦੀ ਉਚਾਈ 5-6 ਸ.ਮ. ਹੋਣੀ ਚਾਹੀਦੀ ਹੈ ਤਾਂ ਜੋ ਕੰਮ ਕਰਨ ਵੇਲੇ ਝੁਕਣਾ ਨਾ ਪਵੇ ।





ਬੈਠਣ ਵਾਲੀ ਸੀਟ ਤੇ ਗੱਦੀ ਰੱਖਣੀ ਬਹੁਤ ਆਰਾਮਦਾਇਕ ਰਹਿੰਦੀ ਹੈ ਅਜਿਹਾ ਕਰਨ ਨਾਲ ਸਰੀਰ ਦਾ ਭਾਰ ਵੱਧ ਖੇਤਰਫਲ ਵਿਚ ਵੰਡਿਆ ਜਾਂਦਾ ਹੈ ਜਿਸ ਕਾਰਨ ਥਕਾਵਟ ਕਾਫ਼ੀ ਘੱਟ ਹੁੰਦੀ ਹੈ। ਗੱਦੀ ਅਜਿਹੇ ਮਟੀਰੀਅਲ ਦੀ ਹੋਣੀ ਚਾਹੀਦੀ ਹੈ ਜੋ ਪਸੀਨੇ ਨੂੰ ਚੰਗੀ ਤਰ੍ਹਾਂ ਜਜ਼ਬ ਕਰ ਸਕੇ । ਮੇਜ਼ ਦੀ ਉਚਾਈ ਇੰਨੀ ਜ਼ਰੂਰ ਹੋਣੀ ਚਾਹੀਦੀ ਹੈ ਕਿ ਕੁਰਸੀ ’ਤੇ ਬੈਠ ਕੇ ਲੱਤਾਂ ਆਰਾਮ ਨਾਲ ਹੇਠਾਂ ਆਉਣ। ਮੇਜ਼ ਦੀ ਸਤਹਿ ਖੁਰਦਰੀ ਜਾਂ ਚਮਕਦਾਰ ਨਹੀਂ ਹੋਣੀ ਚਾਹੀਦੀ ।

ਸੌਣ ਵਾਸਤੇ ਵਰਤੇ ਜਾਂਦੇ ਮੰਜੇ ਕੱਸੇ ਹੋਣੇ ਚਾਹੀਦੇ ਹਨ ਤਾਂ ਕਿ ਸੌਣ ਸਮੇਂ ਸਰੀਰ ਦੀ ਮਾਸ ਪੇਸ਼ੀਆਂ ਕੁਦਰਤੀ ਅਵਸਥਾ ਵਿਚ ਆਰਾਮ ਨਾਲ ਫੈਲ/ਸੁੰਗੜ ਸਕਣ ਅਤੇ ਰੀੜ੍ਹ ਦੀ ਹੱਡੀ ਵੀ ਆਪਣੀ ਕੁਦਰਤੀ ਅਵਸਥਾ ਵਿਚ ਰਹਿ ਸਕੇ । ਜੇਕਰ ਨੀਂਦ ਦੌਰਾਨ ਸਰੀਰ ਸਹੀ ਅਵਸਥਾ ਵਿਚ ਨਾ ਹੋਵੇ ਤਾਂ ਉਠ ਕੇ ਸਰੀਰ ਵਿਚ ਲੋੜੀਂਦੀ ਚੁਸਤੀ ਅਤੇ ਚੇਤੰਨਤਾ ਮਹਿਸੂਸ ਨਹੀਂ ਹੁੰਦੀ ।

ਇਸ ਤੋਂ ਇਲਾਵਾ ਫਰਨੀਚਰ ਦਾ ਡਿਜ਼ਾਇਨ ਸਾਧਾਰਨ ਹੋਣਾ ਚਾਹੀਦਾ ਹੈ ਤਾਂ ਕਿ ਉਸ ਵਿਚ ਮਿੱਟੀ ਨਾ ਜੰਮ ਸਕੇ ਅਜਿਹੇ ਫਰਨੀਚਰ ਨੂੰ ਸਾਫ਼ ਕਰਨਾ ਵੀ ਆਸਾਨ ਹੁੰਦਾ ਹੈ। ਫਰਨੀਚਰ ਅਜਿਹਾ ਹੋਣਾ ਚਾਹੀਦਾ ਹੈ ਜੋ ਚੁੱਕਣਾ ਆਸਾਨ ਹੋਵੇ। ਇਹ ਅਜਿਹੇ ਮਟੀਰੀਅਲ ਦਾ ਬਣਿਆ ਹੋਣਾ ਚਾਹੀਦਾ ਹੈ ਜੋ ਤਾਪ ਦਾ ਕੁਚਾਲਕ ਹੋਵੇ ਜਿਵੇਂ ਕਿ ਲੱਕੜ, ਪਲਾਸਟਿਕ, ਕੇਨ ਆਦਿ। ਫਰਨੀਚਰ ਦਾ ਕੋਈ ਹਿੱਸਾ ਤਿੱਖਾ ਨਹੀਂ ਹੋਣਾ ਚਾਹੀਦਾ। ਫਰਨੀਚਰ ਦਾ ਰੰਗ ਉਸ ਨੂੰ ਰੱਖੇ ਜਾਣ ਵਾਲੇ ਕਮਰੇ ਦੀ ਰੰਗ ਸਕੀਮ ਅਨੁਸਾਰ ਹੋਣਾ ਚਾਹੀਦਾ ਹੈ ਜਾਂ ਭੂਰੇ ਰੰਗਾਂ ਵਾਲੇ ਫਰਨੀਚਰ ਵਧੀਆ ਰਹਿੰਦੇ ਹਨ। •

# ਮੇਰੀ ਕਲਮ ਦਾ ਸਫ਼ਰ

ਸਵੈ-ਕਥਨ



*ਮੇਰੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਇਕ ਨਜ਼ਮ ਤੋਂ ਹੋਈ। ਇਸ ਤੋਂ ਬਾਅਦ ਹੀ ਮੇਰੀਆਂ ਰਚਨਾਵਾਂ ਛਪਣ ਲੱਗੀਆਂ। ਇਸ ਤੋਂ ਪਹਿਲਾਂ ਮੈਂ ਇਕ ਪਾਠਕ ਦੇ ਤੌਰ ’ਤੇ ਅਖ਼ਬਾਰ ਨੂੰ ਵਿਚਾਰ ਭੇਜਦੀ ਸੀ।*

ਜਸਪ੍ਰੀਤ ਕੌਰ ਸੰਘਾ

ਸਾਹਿਤ ਪੜ੍ਹਨ ਦੀ ਚੇਟਕ ਮੈਨੂੰ ਬਚਪਨ ਤੋਂ ਹੀ ਸੀ। ਕਿਤਾਬਾਂ ਦੀ ਦੁਨੀਆ ਮੈਨੂੰ ਸ਼ੁਰੂ ਤੋਂ ਹੀ ਬਹੁਤ ਆਕਰਸ਼ਿਤ ਕਰਦੀ ਸੀ। ਕਿਤਾਬਾ ਪੜ੍ਹਦਿਆਂ-ਪੜ੍ਹਦਿਆਂ ਮੈਂ ਕਦੋਂ ਲਿਖਣਾ ਸ਼ੁਰੂ ਕਰ ਦਿੱਤਾ ਇਹ ਤਾਂ ਮੈਨੂੰ ਵੀ ਯਾਦ ਨਹੀਂ ਪਰ ਮੇਰੀ ਲਿਖਣ ਦੀ ਕਲਾ ਨੂੰ ਸਹੀ ਦਿਸ਼ਾ ਮੇਰੀ ਕਾਲਜ ਦੀ ਪੜ੍ਹਾਈ ਦੌਰਾਨ ਮਿਲੀ। ਐੱਸਡੀ ਕਾਲਜ ਹੁਸ਼ਿਆਰਪੁਰ ਵਿਚ ਗ੍ਰੈਜੁਏਸ਼ਨ ਕਰਦੇ ਸਮੇਂ ਮੈਨੂੰ ਦੋ ਸਾਲ ਡਾ. ਪਰਮਜੀਤ ਕੌਰ ਦੀ ਸੰਗਤ ਮਿਲੀ। ਉਨ੍ਹਾਂ ਮੈਨੂੰ ਪੜ੍ਹਾਈ ਦੇ ਨਾਲ-ਨਾਲ ਅਖ਼ਬਾਰਾ ਦੇ ਲਈ ਲਿਖਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹੀ ਦਿਨੀ ਪੰਜਾਬੀ ਟ੍ਰਿਬਿਊਨ ਅਖ਼ਬਾਰ ਵਿਚ ਵਿਚਾਰ ਮੰਚ ਨਾਂ ਅਧੀਨ ਕਾਲਮ ਪ੍ਰਕਾਸ਼ਿਤ ਹੁੰਦਾ ਸੀ। ਜਿਸ ਵਿਚ ਇਕ ਵਿਸ਼ਾ ਦਿੱਤਾ ਜਾਂਦਾ ਸੀ ਤੇ ਉਸ ’ਤੇ ਪਾਠਕਾਂ ਦੇ ਵਿਚਾਰ ਲਏ ਜਾਂਦੇ ਸੀ। ਮੈਂ ਵੀ ਆਪਣੇ ਵਿਚਾਰ ਲਿਖ ਕੇ ਭੇਜਣੇ ਸ਼ੁਰੂ ਕਰ ਦਿੱਤੇ ਤੇ ਜਲਦੀ ਹੀ ਉਹ ਵਿਚਾਰ ਮੰਚ ਪੰਨੇ ’ਤੇ ਛਪਣੇ ਵੀ ਸ਼ੁਰੂ ਹੋ ਗਏ। ਪਹਿਲੀ ਵਾਰ ਅਖ਼ਬਾਰ ਵਿਚ ਆਪਣੇ ਵਿਚਾਰ ਤੇ ਆਪਣੀ ਤਸਵੀਰ ਛਪੀ ਦੇਖਕੇ ਅਤਿਅੰਤ ਖ਼ੁਸ਼ੀ ਹੋਈ। ਐੱਸਡੀ ਕਾਲਜ ਵਿਚ ਪੜ੍ਹਦੇ ਹੋਏ ਮੈਂ ਕਾਲਜ ਮੈਗਜ਼ੀਨ ਲਈ ਲਿਖਿਆ ਵੀ ਤੇ ਮੈਗਜ਼ੀਨ ਦੀ ਐਡੀਟਰ ਵੀ ਰਹੀ। ਆਪਣੀ ਅਗਲੇਰੀ ਪੜ੍ਹਾਈ ਦੌਰਾਨ ਵੀ ਮੈਂ ਕਾਲਜ ਮੈਗਜ਼ੀਨ ਲਈ ਲਿਖਦੀ ਰਹੀ ਤੇ ਪੰਜਾਬੀ ਟ੍ਰਿਬਿਊਨ ਦੇ ਵਿਚਾਰ ਮੰਚ ਪੰਨੇ ਨਾਲ ਵੀ ਮੇਰੀ ਸਾਂਝ ਉਸੇ ਤਰ੍ਹਾ ਬਣੀ ਰਹੀ। ਉਸ ਤੋਂ ਬਾਅਦ 20 ਅਪ੍ਰੈਲ 2013 ਨੂੰ ਮੇਰੀ ਪਹਿਲੀ ਨਜ਼ਮ (ਮੇਰਾ ਨਾਂ ਬਦਲਿਆ ਹੈ) ਅਤੇ ਮੇਰਾ ਪਹਿਲਾ ਲੇਖ (ਸੱਭਿਆਚਾਰ ਦੀ ਸੰਭਾਲ) ਇੱਕੋ ਦਿਨ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਹੋਏ। ਮੇਰੀ ਪਹਿਲੀ ਨਜ਼ਮ ਨੂੰ ਪੜ੍ਹ ਕੇ ਪ੍ਰਸਿੱਧ ਕਹਾਣੀਕਾਰ ਜਸਵੀਰ ਰਾਣਾ ਨੇ ਇਨਾਮ ਵਜੋ ਮੈਨੂੰ ਆਪਣੀ ਕਿਤਾਬ (ਮੈਂ ਤੇ ਮੇਰੀ ਖ਼ਾਮੋਸ਼ੀ) ਭੇਜੀ। ਮੇਰੇ ਸਾਹਿਤਕ ਜੀਵਨ ਦੀ ਅਸਲ ਸ਼ੁਰੂਆਤ ਇਸੇ ਨਜ਼ਮ ਤੋਂ ਹੀ ਹੋਈ ਹੈ। ਇਸ ਤੋਂ ਪਹਿਲਾ ਮੈਂ ਇਕ ਪਾਠਕ ਦੇ ਤੌਰ ’ਤੇ ਵਿਚਾਰ ਭੇਜ ਦੀ ਸੀ ਤੇ ਇਸ ਨਜ਼ਮ ਤੋ ਬਾਅਦ ਪਾਠਕਾਂ ਨੇ ਆਪਣੇ ਵਿਚਾਰ ਮੇਰੀਆਂ ਰਚਨਾਵਾਂ ਲਈ ਭੇਜਣੇ ਸ਼ੁਰੂ ਕੀਤੇ। ਇਸ ਨਜ਼ਮ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਹਨ:

ਮੇਰਾ ਨਾਮ ਬਦਲਿਆ ਹੈ
ਪਰ ਮੇਰੀ ਤਕਦੀਰ ਨਹੀਂ
ਮੇਰੀ ਰੂਹ ਤਾਂ ਹੈ
ਪਰ ਕੋਈ ਵਜੂਦ ਨਹੀਂ
ਕੱਲ੍ਹ ਪੱਥਰ ਆਖ ਬੁਲਾਉਂਦੇ ਸਨ
ਅੱਜ ਚਿੜੀਆਂ ਆਖ ਬੁਲਾਉਂਦੇ ਨੇ
ਕੱਲ੍ਹ ਮੁਹਰਾ ਦੇ ਕੇ ਮਰਵਾਉਂਦੇ ਸਨ
ਅੱਜ ਕੁੱਖੀ ਕਤਲ ਕਰਵਾਉਂਦੇ ਨੇ ।

ਇਸ ਤੋਂ ਬਾਅਦ ਮੇਰੇ ਲੇਖ, ਕਵਿਤਾਵਾਂ, ਮਿੰਨੀ ਕਹਾਣੀਆਂ ਪੰਜਾਬੀ ਦੇ ਰੋਜ਼ਾਨਾ ਅਖ਼ਬਾਰਾਂ ਅਤੇ ਨਾਮਵਰ ਮੈਗਜ਼ੀਨਾਂ ਵਿਚ ਛਪਣ ਲੱਗੇ। ਉਸ ਨਜਮ ਤੋਂ ਸ਼ੁਰੂ ਹੋਇਆ ਮੇਰੀ ਕਲਮ ਦਾ ਸਫ਼ਰ ਨਿਰੰਤਰ ਜਾਰੀ ਹੈ। ਇਸ ਕਲਮ ਦੇ ਕਾਰਨ ਹੀ ਇਸ ਛੋਟੀ ਜਿਹੀ ਜ਼ਿੰਦਗੀ ਵਿਚ ਬਹੁਤ ਮਾਣ -ਸਨਮਾਨ ਮਿਲਿਆ। ਮੇਰੀ ਲਿਖੀ ਪਹਿਲੀ ਮਿੰਨੀ ਕਹਾਣੀ (ਸਦੀਵੀ ਗ਼ੁਲਾਮ) ਨੂੰ ਲੇਖਕ ਮੰਚ ਵੱਲੋਂ 26ਵੇ ਮਿੰਨੀ ਕਹਾਣੀ ਮੁਕਾਬਲੇ ਵਿਚ ਉਤਸ਼ਾਹਿਤ ਇਨਾਮ ਲਈ ਚੁਣਿਆ ਗਿਆ।

ਐਸੀ ਮਿਹਰ ਕਰੀ ਮੇਰੇ ਦਾਤਿਆ
ਕਦੇ ਝੂਠ ਦੇ ਪੱਖ ਵਿਚ ਬੋਲਾ ਨਾ
ਐਸਾ ਬਲ ਬਖ਼ਸ਼ ਮੇਰੀ ਕਲਮ ਨੂੰ
ਕੀ ਸੱਚ ਲਿਖਦੇ ਸਮੇ ਕਦੇ ਡੋਲਾ ਨਾ।

## ਬਦਲਦੀ ਜੀਵਨ ਸ਼ੈਲੀ

ਪੰਜਾਬ ਨੂੰ ਬਰਕਤਾਂ ਨਾਲ ਕੁਦਰਤ ਨੇ ਨਿਵਾਜ਼ਿਆ ਹੈ। ਇਸ ਦੇ ਖੁੱਲ੍ਹੇ ਡੁੱਲ੍ਹੇ ਸੁਭਾ ਦੇ ਲੋਕ, ਖੁੱਲ੍ਹਾ-ਡੁੱਲ੍ਹਾ ਖਾਣ ਪੀਣ ਤੇ ਪ੍ਰਾਹੁਣਚਾਰੀ ਸੰਸਾਰ ਪ੍ਰਸਿੱਧ ਹੈ। ਪੰਜਾਬ ਦੇ ਗੱਭਰੂ ਤੇ ਮੁਟਿਆਰਾਂ ਦੁੱਧ-ਮਲਾਈਆਂ, ਮੱਖਣਾਂ ਨਾਲ ਪਲਦੇ ਸਨ। ਮੱਝਾਂ, ਗਾਵਾਂ ਹਰ ਘਰ ਹੁੰਦੀਆਂ ਸਨ। ਸੁਆਣੀਆਂ ਸਵੇਰੇ ਧਾਰਾਂ ਚੋਅ ਕੇ ਕਾੜ੍ਹਨੀ ਵਿਚ ਪਾ ਕੇ ਹਾਰੇ ਦੀ ਮੱਠੀ-ਮੱਠੀ ਅੱਗ ’ਤੇ ਰੱਖ ਦਿੰਦੀਆਂ। ਇਹ ਦੁੱਧ ਕੜ੍ਹ-ਕੜ੍ਹ ਕੇ ਮਲਾਈ ਸਮੇਤ ਫਿੱਕੇ ਬਦਾਮੀ ਜਿਹੇ ਰੰਗ ਦਾ ਹੋ ਜਾਂਦਾ ਤੇ ਇਸ ਦੀ ਮਹਿਕ ਵੀ ਵੱਖਰੀ ਹੀ ਹੁੰਦੀ ਸੀ। ਹਾਰਾ ਚੀਕਣੀ ਮਿੱਟੀ ਦਾ ਬਣਾਇਆ ਜਾਂਦਾ। ਇਹ ਛੋਟੇ ਜਿਹੇ ਗੋਲ ਅਕਾਰ ਦਾ ਹੁੰਦਾ। ਇਹ ਉੱਪਰੋਂ ਚੌੜਾ ਹੁੰਦਾ ਤਾਂ ਜੋ ਕਾੜ੍ਹਨੀ ਜਾਂ ਕੋਈ ਤੌੜੀ ਵਗੈਰਾ ਅਰਾਮ ਨਾਲ ਇਸ ਵਿਚ ਰੱਖੀ ਜਾ ਸਕੇ। ਸੁਆਣੀਆਂ ਚੀਕਣੀ ਮਿੱਟੀ ਨੂੰ ਬਾਰੀਕ ਤੂੜੀ ਪਾ ਕੇ ਮਿੱਟੀ ਚੰਗੀ ਤਰ੍ਹਾਂ ਗੁੰਨ ਲੈਂਦੀਆਂ ਤੇ ਫੇਰ ਇਸ ਮਿੱਟੀ ਨਾਲ ਹਾਰਾ ਬਣਾਉਂਦੀਆਂ। ਪਹਿਲਾ ਤਲਾ ਗੋਲ ਜਿਹਾ ਜਾਣੀ ਕਿ ਬੋਟਮ ਤਿਆਰ ਕੀਤਾ ਜਾਂਦਾ। ਫਿਰ ਮਿੱਟੀ ਦੇ ਵਾਰ ਖੜ੍ਹੇ ਰੁਕ ਦੇ ਕੇ, ਦੋ ਤਿੰਨ ਵਾਰਾਂ ’ਚ ਹਾਰਾ ਪੂਰਾ ਹੋ ਜਾਂਦਾ। ਲਿੱਪ-ਸੁਆਰ ਕੇ ਗੋਹੇ-ਮਿੱਟੀ ਦਾ ਪੋਚਾ ਫੇਰ ਕੇ ਇਸ ਵਿਚ ਪਾਥੀਆਂ ਰੱਖ, ਅੱਗ ਬਾਲ ਦਿੱਤੀ ਜਾਂਦੀ। ਹਾਰੇ ਦਾ ਢੱਕਣ ਵੀ ਮਿੱਟੀ ਦਾ ਬਣਾਇਆ ਜਾਂਦਾ। ਇਹ ਨਿੰਮੀ-ਨਿੰਮੀ ਅੱਗ ਸਾਰਾ ਦਿਨ ਬਲਦੀ ਰਹਿੰਦੀ ਤੇ ਕਾੜ੍ਹਨੀ ’ਚ ਰੱਖਿਆ ਦੁੱਧ ਕੜ੍ਹ-ਕੜ੍ਹ ਕੇ ਅਲੌਕਿਕ ਜਿਹਾ ਬਣ ਜਾਂਦਾ। ਹਾਰੇ ’ਚ ਕੜ੍ਹੇ ਦੁੱਧ ਦੀ ਮਲਾਈ ਬਹੁਤ ਸੁਆਦ ਹੁੰਦੀ। ਮੱਖਣ ਵੀ ਜ਼ਿਆਦਾ ਨਿਕਲਦਾ ਤੇ ਕੜ੍ਹੇ ਦੁੱਧ ਦੀ ਦਹੀ ਤੇ ਲੱਸੀ ਵੀ ਬਹੁਤ ਸੁਆਦ ਹੁੰਦੀ। ਸਵੇਰੇ ਦੁੱਧ ਰਿੜਕਣ ਤੋਂ ਬਾਅਦ ਚਾਟੀ ਜਾਂ ਕਾਹੜਨੀ ਚੰਗੀ ਤਰ੍ਹਾਂ ਕੂਚ ਕੇ ਦੁਬਾਰਾ ਵਰਤੋਂ ਵਿਚ ਲਿਆਂਦੀ ਜਾਂਦੀ।

ਇਸ ਤਰ੍ਹਾਂ ਹੀ ਹਾਰੇ ਵਿਚ ਬਣੀ ਦਾਲ ਜਾਂ ਖੀਰ ਦਾ ਸੁਆਦ ਵੀ ਆਪਣਾ ਹੀ ਹੁੰਦਾ ਹੈ। ਦਲੀਆ, ਖਿਚੜੀ ਹੋਰ ਕਈ ਕੁਝ ਹਾਰੇ ’ਚ ਬਣਾ ਲਿਆ ਜਾਂਦਾ। ਸੁਆਣੀਆਂ ਪਰਛਾਵੇਂ ਢੱਲਣ ਨਾਲ ਦਾਲ ਹਾਰੇ ਧਰ ਦਿੰਦੀਆਂ। ਸ਼ਾਮ ਤਕ ਉਹ ਬਣ ਜਾਂਦੀ। •

# ਔਰਤ ਨੂੰ ਵੀ ਜਿਊਣ ਦਾ ਹੱਕ

ਪ੍ਰਦੀਪ ਅਡੋਲ



ਔਰਤ ’ਤੇ ਮੁੱਢ-ਕਦੀਮ ਤੋਂ ਹੀ ਅੱਤਿਆਚਾਰ ਹੁੰਦੇ ਆਏ ਹਨ। ਕੁੜੀਆਂ ਨੂੰ ਵੈਸੇ ਤਾਂ ਸਾਰੇ ਦੇਵੀਆਂ ਦਾ ਰੂਪ ਕਹਿੰਦੇ ਹਨ ਪਰ ਜੇ ਕਿਸੇ ਘਰ ਇਕ ਤੋਂ ਵੱਧ ਲੜਕੀ ਨੇ ਜਨਮ ਲੈ ਲਿਆ ਤਾਂ ਪੂਰੇ ਘਰ ਵਿਚ ਖ਼ੁਸ਼ੀ ਨਹੀਂ ਬਲਕਿ ਸੋਗ ਪੈ ਜਾਂਦਾ ਹੈ। ਪੁਰਾਣੇ ਸਮੇਂ ’ਚ ਜੇ ਕਿਸੇ ਘਰ ਦੋ ਭੈਣ ਭਰਾਂ ਇੱਕਠੇ ਪੈਦਾ ਹੋ ਜਾਣ ਤਾਂ ਉੱਥੇ ਜ਼ਿਆਦਾਤਰ ਕੁੜੀ ਨੂੰ ਮਾਰ ਦਿੱਤਾ ਜਾਂਦਾ ਸੀ। ਹੁਣ ਤਾਂ ਮਾਂ ਦੇ ਗਰਭ ’ਚ ਹੀ ਇਕ ਟੈਸਟ ਨਾਲ ਪਤਾ ਲੱਗ ਜਾਂਦਾ ਹੈ ਕਿ ਬੱਚਾ ਕੁੜੀ ਹੈ ਜਾਂ ਮੁੰਡਾ, ਜੇ ਕੁੜੀ ਹੋਵੇ ਤਾਂ ਉਸ ਦਾ ਗਰਭ ਵਿਚ ਹੀ ਗਲ਼ਾ ਘੁੱਟ ਦਿੱਤਾ ਜਾਂਦਾ ਹੈ। ਕੁੜੀਆਂ ਨੂੰ ਪਹਿਲਾਂ ਜ਼ਿਆਦਾ ਪੜ੍ਹਾਇਆ ਲਿਖਿਆਂ ਵੀ ਨਹੀਂ ਜਾਂਦਾ ਸੀ। ਛੋਟੀ ਉਮਰ ਹੀ ਬਾਲ-ਵਿਆਹ ਕਰ ਦਿੱਤਾ ਜਾਂਦਾ ਅਤੇ ਹਰ ਪੱਖ ’ਚ ਭੇਦਭਾਵ ਕੀਤਾ ਜਾਂਦਾ ਸੀ। ਔਰਤਾਂ ਨੂੰ ਇੰਨਾਂ ਹੀ ਦੁੱਖ ਨਹੀਂ ਸਹਿਣਾ ਪਿਆ ਬਲਕਿ ਇਸ ਤੋਂ ਵੀ ਦਰਦਨਾਕ ਉਸ ਨੂੰ ਆਪਣੇ ਪਤੀ ਦੇ ਮਰਨ ਉਪਰੰਤ ਜਿੰਦਾ ਜਲਾ ਦਿੱਤਾ ਜਾਂਦਾ ਸੀ ਭਾਵ ਕਿ ਸਤੀ ਪ੍ਰਥਾ ਦਾ ਸੰਤਾਪ ਭੋਗਣਾ ਪਿਆ। ਆਧੁਨਿਕ ਸਮੇਂ ਦੇ ਆਉਣ ਨਾਲ ਕੁਝ ਤਬਦੀਲੀ ਜ਼ਰੂਰੀ ਹੋਈ ਹੈ, ਹੁਣ ਇਹ ਪ੍ਰਥਾਵਾਂ ਬੰਦ ਹੋ ਗਈਆਂ ਹਨ। ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਬਰਾਬਰ ਕੰਮ ਕਰਨ ਲਈ ਖੜ੍ਹੀ ਹੈ। ਪੜ੍ਹ-ਲਿਖ ਕੇ ਨੌਕਰੀ ਕਰਨ ਲੱਗ ਪਈ ਹੈ। ਪਰ ਔਰਤ ’ਤੇ ਅੱਤਿਆਚਾਰ ਅੱਜ ਵੀ ਉਵੇਂ ਹੀ ਬਰਕਰਾਰ ਹੈ। ਉਸ ਨੂੰ ਹਰ ਮੋੜ ’ਤੇ ਆਪਣੀ ਅਗਨੀ ਪ੍ਰਖਿਆ ਦੇਣੀ ਪੈਂਦੀ ਹੈ। ਔਰਤ ਜੇ ਘਰ ਤੋਂ ਬਾਹਰ ਸਿੱਖਿਆ ਜਾਂ ਨੌਕਰੀ ਪ੍ਰਾਪਤੀ ਲਈ ਇੱਕਲੀ ਨਿਕਲਦੀ ਹੈ ਤਾਂ ਰਾਹ ਵਿਚ ਉਸ ’ਤੇ ਕਿਸੇ ਨਾ ਕਿਸੇ ਦੀ ਗਲਤ ਨਜ਼ਰ ਪੈ ਹੀ ਜਾਂਦੀ ਹੈ। ਕਈ ਵਾਰ ਤਾਂ ਉਸ ਨੂੰ ਜਬਰਦਸਤੀ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਇੱਥੇ ਹੀ ਬਸ ਨਹੀਂ ਔਰਤਾਂ ਨੂੰ ਗੀਤਾਂ, ਫਿਲਮਾਂ ਵਿਚ ਪਟੋਲੇ, ਪੁਰਜ਼ੇ ਵੀ ਕਹਿ ਕੇ ਉਸ ਉੱਤੇ ਗੀਤ ਲਿਖੇ ਜਾਂਦੇ ਹਨ। ਕਈ ਵਾਰ ਬਾਹਰ ਸੜਕਾਂ ਤੇ ਪੈਦਲ ਜਾਂਦੀਆਂ ਜਾਂ ਫਿਰ ਬੱਸ/ਗੱਡੀ ਵਿਚ ਆਪਣੇ ਆਪ ਨੂੰ ਇਕੱਲਤਾ ਮਹਿਸੂਸ ਕਰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਕਿ ਕਦੋਂ ਉਸ ਨਾਲ ਕੋਈ ਵਿਅਕਤੀ ਗਲਤ ਹਰਕਤ ਕਰ ਦੇਵੇ। ਔਰਤਾਂ ਨਾਲ ਹੋ ਰਹੇ ਸਰੀਰਕ ਸ਼ੋਸ਼ਣ ਦੀਆਂ ਖਬਰਾਂ ਅਕਸਰ ਸੁਣਨ-ਪੜ੍ਹਨ ਵਿਚ ਆਉਂਦੀਆਂ ਹਨ, ਜੋ ਦਿਲ ਨੂੰ ਅੰਦਰੋਂ ਅੰਦਰੀ ਝੰਜੋੜ ਕੇ ਰੱਖ ਦਿੰਦੀਆਂ ਹਨ। ਅਜਿਹੀ ਹੀ ਇਕ ਘਟਨਾ ਮੇਰੇ ਗੁਆਂਢ ਦੀ ਔਰਤ ਨਾਲ ਵਾਪਰੀ ਜਦੋਂ ਉਹ ਬਜ਼ਾਰ ਵਿਚ ਇਕੱਲੀ ਜਾ ਰਹੀ ਸੀ, ਪਹਿਲਾਂ ਤਾਂ ਉਸ ਵਿਅਕਤੀ ਨੇ ਉਸ ਦਾ ਪਿੱਛਾ ਕਰਦੇ ਹੋਏ ਉਸ ਨੂੰ ਕਿਹਾ ਕਿ ਚੱਲ ਜਿੱਥੇ ਜਾਣਾ ਮੈਂ ਛੱਡ ਆਉਂਦਾ, ਉਸ ਔਰਤ ਨੇ ਉਸ ਵਿਅਕਤੀ ਨੂੰ ਬਹੁਤ ਬੁਰਾ ਭਲਾ ਕਿਹਾ ਜਿਸ ਕਾਰਨ ਉਹ ਵਿਅਕਤੀ ਉੱਥੋਂ ਚਲਾ ਗਿਆ ਪਰ ਉਹ ਜਦੋਂ ਘਰੇ ਆਈ ਤਾਂ ਬਹੁਤ ਡਰੀ ਤੇ ਸਹਿਮੀ ਹੋਈ ਸੀ। ਉ ਬਾਹਰ ਇਕੱਲੀ ਜਾਣ ਲਈ ਕਤਰਾਉਣ ਲੱਗ ਪਈ।

ਅਜਿਹੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਔਰਤਾਂ ਨਾਲ ਪੈਰ-ਪੈਰ ’ਤੇ ਵਾਪਰਦੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਆਖਿਰ ਕਦੋਂ ਤਕ ਔਰਤਾਂ ਉੱਤੇ ਅੱਤਿਆਚਾਰ ਹੁੰਦੇ ਰਹਿਣਗੇ? ਇਕ ਮਰਦ ਕਦੋਂ ਸੋਚੇਗਾ ਕਿ ਔਰਤ ਨੂੰ ਵੀ ਜਿਊਣ ਦਾ ਪੂਰਾ ਹੱਕ ਹੈ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ’ਚ ਔਰਤਾਂ ਨੂੰ ਹੀ ਸ਼ਿਕਾਰ ਹੋਣਾ ਪੈਂਦਾ ਹੈ। ਉਹ ਔਰਤ ਵੀ ਕਿਸੇ ਦੀ ਮਾਂ, ਭੈਣ ਜਾਂ ਧੀ ਹੋ ਸਕਦੀ ਹੈ। ਸੋਚਣ ਵਿਚ ਇਹ ਵੀ ਆ ਜਾਂਦਾ ਹੈ ਕਿ ਜਦੋਂ ਸਾਡੇ ਘਰ ਦੀ ਕਿਸੇ ਔਰਤ ਜਾਂ ਕੁੜੀ ਨਾਲ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਅਸੀਂ ਉਸ ਵਿਅਕਤੀ ਨੂੰ ਮਾਰਨ ਤਕ ਜਾਂਦੇ ਹਾਂ ਪਰ ਜਦੋਂ ਅਸੀਂ ਕਿਸੇ ਹੋਰ ਔਰਤ ਨੂੰ ਗਲਤ ਨਜ਼ਰੀਏ ਨਾਲ ਦੇਖਦੇ ਹਾਂ ਤਾਂ ਉਸ ਪ੍ਰਤੀ ਸਾਡੀ ਸੋਚ ਕਿਉਂ ਬਦਲ ਜਾਂਦੀ ਹੈ। ਅਖਿਰ ਇਹ ਸਭ ਕਦੋਂ ਬਦਲੇਗਾ? ਜਿੱਥੇ ਅੱਜ ਕੋਈ ਮਰਦ ਕਿਸੇ ਔਰਤ ਨਾਲ ਗਲਤ ਵਿਵਹਾਰ ਕਰਦਾ ਹੈ, ਉਹ ਇਨਸਾਨ ਇਹ ਕਿਉਂ ਨਹੀਂ ਸੋਚਦਾ ਕਿ ਅੱਜ ਤੋਂ ਵੀਹ ਕੁ ਸਾਲਾਂ ਬਾਅਦ ਕੋਈ ਸਾਡੀ ਧੀ ਨਾਲ ਇਸੇ ਥਾਂ ’ਤੇ ਖੜ੍ਹ ਕੇ ਪੁੱਠੀ ਹਰਕਤ ਕਰ ਸਕਦਾ ਹੈ। ਕੋਈ ਅਜਿਹੀ ਸਿੱਖਿਆ ਜਾਂ ਨੀਤੀ ਹੋਣੀ ਚਾਹੀਦੀ ਹੈ ਜਿਸ ਨਾਲ ਮਰਦ ਔਰਤ ਨੂੰ ਪੈਰ ਦੀ ਜੁੱਤੀ ਨਾ ਸਮਝ ਕੇ ਬਰਾਬਰੀ ਦਾ ਹੱਕ, ਇੱਜ਼ਤ, ਮਾਣ-ਸਨਮਾਨ ਤੇ ਸਤਿਕਾਰ ਦੇਣ।

70875-18057



# ਬਜ਼ੁਰਗਾਂ ਦੀਆਂ ਅਸੀਸਾਂ

ਸੁਖਦੇਵ ਸਿੱਧੂ



ਅੱਜ ਕੱਲ੍ਹ ਅਸੀਂ ਆਮ ਹੀ ਵੇਖ ਰਹੇ ਹਾਂ ਕਿ ਬਜ਼ੁਰਗਾਂ ਦੀ ਬਹੁਤ ਬੇਕਦਰੀ ਹੋ ਰਹੀ ਹੈ ਬਹੁਤੇ ਪੁੱਤ ਆਪਣੇ ਮਾਪਿਆਂ ਦੀ ਸੇਵਾ ਕਰਨ ਤੋਂ ਕੰਨੀ ਕਤਰਾ ਰਹੇ ਹਨ ਮਾਪੇ ਆਪਣੇ ਪੁੱਤਾਂ ਦੀਆਂ ਖ਼ੁਸ਼ੀਆਂ ਲਈ ਆਪਣੀਆਂ ਖ਼ੁਸ਼ੀਆਂ ਵੀ ਕੁਰਬਾਨ ਕਰ ਦਿੰਦੇ ਹਨ ਤਾਂ ਕਿ ਸਾਡੇ ਪੁੱਤ ਵੱਡੇ ਹੋ ਕਿ ਆਪਣੇ ਪੈਰਾਂ ’ਤੇ ਖੜ੍ਹੇ ਜਾਣ ਪਰ ਬਹੁਤੇ ਪੁੱਤ ਵੱਡੇ ਹੋ ਕਿ ਚੰਗੇ ਅਹੁਦਿਆਂ ਜਾ ਆਪਣੇ ਪੈਰਾਂ ’ਤੇ ਖੜ੍ਹੇ ਹੋ ਕਿ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਭੁੱਲ ਜਾਂਦੇ ਹਨ ਕਿ ਸਾਡੇ ਮਾਪਿਆਂ ਨੇ ਸਾਡੇ ਖ਼ਾਤਰ ਕੀ ਕੀ ਦੁੱਖ ਤਕਲੀਫ਼ ਝੱਲੇ ਹਨ ਮੈਂ ਆਮ ਹੀਂ ਦੇਖਦਾ ਹਾਂ ਕਿ ਬਜ਼ੁਰਗਾਂ ਦਾ ਬੁਢਾਪਾ ਰੁਲ ਰਿਹਾਂ ਹੈ ਇਨ੍ਹਾਂ ਬਜ਼ੁਰਗ ਨੂੰ ਇਕੱਲੇਪਨ ਦਾ ਸੰਤਾਪ ਭੋਗਦਿਆਂ ਵੇਖ ਕਿ ਮਨ ਬੜਾ ਉਦਾਸ ਹੁੰਦਾ ਹੈ ਇਨ੍ਹਾਂ ਬਜ਼ੁਰਗਾਂ ਨੇ ਬੜੀ ਮਿਹਨਤ ਕਰ ਕੇ ਆਪਣੇ ਪੁੱਤਾਂ ਲਈ ਜਾਇਦਾਦ ਬਣਾਈ ਹੁੰਦੀ ਹੈ ਪਰ ਅਫ਼ਸੋਸ ਜਦੋਂ ਪੁੱਤ ਗੱਭਰੂ ਹੋ ਜਾਂਦੇ ਹਨ ਉਦੋਂ ਇਹ ਆਪਣੇ ਮਾਪਿਆਂ ਦੀ ਸੇਵਾ ਕਰਨ ਦੀ ਥਾਂ ਇਨ੍ਹਾਂ ਨੂੰ ਧੱਕੇ ਮਾਰਦੇ ਆਮ ਹੀ ਵੇਖੀਦਾ। ਕਈ ਬਜ਼ੁਰਗ ਤਾਂ ਰੋਟੀ ਵੀ ਆਪਣੀ ਆਪ ਬਣਾ ਕਿ ਖਾਂਦੇ ਹਨ ਉਨ੍ਹਾਂ ਨੂੰ ਰੋਟੀ ਵੀ ਨਹੀਂ ਦਿੱਤੀ ਜਾਂਦੀ ਜੋ ਸਾਡੇ ਲੋਕਾਂ ਦੇ ਮੱਥੇ ’ਤੇ ਇਹ ਇਕ ਕਲੰਕ ਹੈ ਸਾਡੇ ਕਈ ਲੋਕ ਉਂਜ ਤਾਂ ਸਾਧਾਂ-ਸੰਤਾਂ ਦੀ ਸੇਵਾ ਕਰਨ ਲਈ ਦੂਰ-ਦੂਰ ਜਾਂਦੇ ਹਨ ਪਰ ਘਰ ਵਿਚ ਬਜ਼ੁਰਗਾਂ ਨੂੰ ਪਾਣੀ ਦਾ ਗਲਾਸ ਦੇਣ ਲਈ ਵੀ ਬੋਝ ਸਮਝਦੇ ਹਨ। ਘਰ ਵਿਚ ਬਜ਼ੁਰਗ ਵੀ ਰੱਬ ਦਾ ਰੂਪ ਹੁੰਦੇ ਨੇ ਜੇ ਇਨ੍ਹਾਂ ਦੀ ਸੱਚੇ ਦਿਲੋਂ ਸੇਵਾ ਕੀਤੀ ਜਾਵੇਂ ਇਸ ਤੋਂ ਵੱਡਾ ਪੁੰਨ ਹੋਰ ਕੋਈ ਨਹੀਂ ਹੋ ਸਕਦਾ। ਕਈ ਬਜ਼ੁਰਗ ਤਾਂ ਆਪਣੇ ਪੁੱਤਾਂ ਵੱਲੋਂ ਘਰੋਂ ਬਿਰਧ ਆਸ਼ਰਮ ਵਿਚ ਰਹਿ ਰਹੇ ਹਨ ਜੋ ਆਪਣੀ ਜ਼ਿੰਦਗੀ ਜਿਊਣ ਦਾ ਹੌਸਲਾ ਵੀ ਹਾਰੀ ਬੈਠੇ ਹਨ। ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ। ਬਜ਼ੁਰਗ ਹੁੰਦੇ ਮਾੜੇ ਸਲੂਕ ਕਰਕੇ ਉਹ ਹੌਲੀ-ਹੌਲੀ ਮਾਨਸਿਕ ਸੰਤੁਲਨ ਗਵਾ ਬੈਠਦੇ ਹਨ ਬਜ਼ੁਰਗ ਘਰ ਦੇ ਜਿੰਦਰੇ ਹੁੰਦੇ ਨੇ ਇਨ੍ਹਾਂ ਨੂੰ ਗਵਾਉਣਾ ਨਹੀਂ ਚਾਹੀਦਾ ਇਨ੍ਹਾਂ ਨੂੰ ਸੰਭਾਲ ਕਿ ਰੱਖਣ ਦੀ ਲੋੜ ਹੈ। ਬਹੁਤੇ ਲੋਕ ਇਨ੍ਹਾਂ ਦੇ ਭੋਗਾਂ ’ਤੇ ਤਾਂ ਲੱਖਾਂ ਰੁਪਏ ਲਾ ਆਪਣੀ ਫੋਕੀ ਵਾਹ-ਵਾਹ ਖੱਟਣ ਲਈ ਮਿਠਾਈਆਂ ਬਣਾਉਂਦੇ ਹਨ ਤੇ ਇਹੀ ਲੋਕ ਜਿਉਂਦੇ ਮਾਪਿਆਂ ਨੂੰ ਪਾਣੀ ਦਾ ਗਲਾਸ ਵੀ ਨਹੀਂ ਫੜਾਉਂਦੇ।

ਬਜ਼ੁਰਗਾਂ ਦੇ ਭੋਗ ’ਤੇ ਹਜ਼ਾਰਾਂ ਲੋਕਾਂ ਨੂੰ ਲੱਖਾਂ ਰੁਪਏ ਦਾ ਭੋਜਨ ਛਕਾਇਆ ਜਾਂਦਾ ਹੈ ਪਰ ਇਕੱਲੇ ਬਜ਼ੁਰਗ ਨੂੰ ਰੋਟੀ ਦੇਣੀ ਬਹੁਤੇ ਲੋਕਾਂ ਨੂੰ ਦੇਣੀ ਔਖੀ ਲੱਗਦੀ ਹੈ। ਅਸੀਂ ਜਿਉਂਦੇ ਮਾਪਿਆਂ ਦੀ ਸੇਵਾ ਨਹੀਂ ਕਰ ਸਕਦੇ ਫੇਰ ਉਨ੍ਹਾਂ ਦੇ ਮਰਨ ਤੋਂ ਬਾਅਦ ਮਹਿੰਗੀਆਂ ਮਿਠਾਈਆਂ ਲੋਕਾਂ ਨੂੰ ਇਕ ਦਿਨ ਦੇ ਲਈ ਖਵਾਉਣ ਨਾਲ ਉਨ੍ਹਾਂ ਨੂੰ ਕੀ ਫਾਇਦਾ।

ਮਾਪਿਆਂ ਦੀਆਂ ਦਿੱਤੀਆਂ ਅਸੀਸਾਂ ਬੇਅਰਥ ਨਹੀਂ ਜਾਂਦੀਆਂ। ਇਹ ਬੁਢਾਪਾ ਸਭ ’ਤੇ ਆਉਣਾ ਹੈ ਜੇਕਰ ਅੱਜ ਅਸੀਂ ਆਪਣੇ ਮਾਪਿਆਂ ਦਾ ਸਤਿਕਾਰ ਨਹੀਂ ਕਰਦੇ ਤਾਂ ਆਉਣ ਵਾਲੇ ਸਮੇਂ ਵਿਚ ਆਪਾਂ ਵੀ ਧੀਆਂ-ਪੁੱਤਾਂ ਤੋਂ ਸਤਿਕਾਰ ਦੀ ਆਸ ਨਾ ਰੱਖੀਏ ਕਿਉਂ ਕਿ ਜਿਹੋ-ਜਿਹਾ ਤੁਸੀਂ ਆਪਣੇ ਮਾਪਿਆਂ ਨਾਲ ਸਲੂਕ ਕਰੋਗੇ, ਤੁਹਾਡੇ ਨਾਲ ਵੀ ਓਹੋ-ਜਿਹਾ ਹੀ ਹੋਵੇਗਾ। 94650 33331




ਕਿਰਨਪ੍ਰੀਤ ਕੌਰ

ਹਰ ਮਨੁੱਖ ਚਾਹੁੰਦਾ ਹੈ ਕਿ ਉਸ ਦੀ ਜ਼ਿੰਦਗੀ ਵਿਚ ਸਦਾ ਖ਼ੁਸ਼ੀਆਂ ਅਤੇ ਸੁੱਖ ਰਹੇ। ਉਸ ਦਾ ਪਰਿਵਾਰ ਹੱਸਦਾ-ਵੱਸਦਾ ਰਹੇ, ਉਹ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ। ਪਰ ਜਦੋਂ ਅਸਲ ਜੀਵਨ ਵਿਚ ਝਾਤ ਮਾਰ ਦੇ ਹਾਂ ਤਾਂ ਸੱਚਾਈ ਕੁਝ ਹੋਰ ਸਾਹਮਣੇ ਆਉਂਦੀ ਹੈ। ਜ਼ਿੰਦਗੀ ਵਿਚ ਦੁੱਖ ਤੇ ਤਕਲੀਫ਼ਾਂ ਦੋਵੇਂ ਆਉਂਦੀਆਂ ਹਨ। ਕਈ ਵਾਰ ਸਰੀਰਕ ਅਤੇ ਮਾਨਸਿਕ ਦੁੱਖ ਮਨੁੱਖ ’ਤੇ ਬਹੁਤ ਹਾਵੀ ਹੋ ਜਾਂਦੇ ਹਨ ਅਤੇ ਮਨੁੱਖ ਅੰਦਰੋਂ ਅੰਦਰੀ ਖ਼ਤਮ ਹੋਣ ਲੱਗ ਜਾਂਦਾ ਹੈ। ਇਸ ਲਈ ਸਾਡੀ ਸੋਚ ਦਾ ਇਸ ਗੱਲ ਨੂੰ ਸਵੀਕਾਰ ਕਰ ਲੈਣਾ ਬਹੁਤ ਜ਼ਰੂਰੀ ਹੈ ਕਿ ਜ਼ਿੰਦਗੀ ਸਿਰਫ਼ ਇਕ ਪਹਿਲੂ ’ਤੇ ਨਹੀਂ ਚੱਲਦੀ। ਇਸ ਵਿਚ ਸੁੱਖ ਅਤੇ ਦੁੱਖ ਦੋਵੇਂ ਹੀ ਆਉਣਗੇ ਅਤੇ ਸਾਨੂੰ ਦੋਵਾਂ ਨੂੰ ਹੀ ਸਵੀਕਾਰ ਕਰਨਾ ਪਵੇਗਾ।

ਜੇਕਰ ਕੋਈ ਕੰਮ ਸਾਡੀ ਇੱਛਾ ਮੁਤਾਬਿਕ ਹੋ ਰਿਹਾ ਹੈ ਤਾਂ ਅਸੀਂ ਉਸ ਨੂੰ ਸੁੱਖ ਸਮਝਦੇ ਹਾਂ ਅਤੇ ਖ਼ੁਸ਼ੀ ਦਾ ਅਨੁਭਵ ਕਰਦੇ ਹਾਂ ਪਰ ਜੇਕਰ ਧਿਆਨ ਨਾਲ ਦੇਖਿਆ ਜਾਵੇ ਤਾਂ ਜਿਸ ਨੂੰ ਅਸੀਂ ਦੁੱਖ ਕਹਿ ਰਹੇ ਹਾਂ, ਅਸਲ ’ਚ ਉਹ ਵੀ ਸੁੱਖ ਹੀ ਹੈ। ਹੁਣ ਤੁਸੀਂ ਕਹੋਗੇ ਉਹ ਕਿਵੇਂ ?

ਦਰਅਸਲ ਵਿਚ ਜਦੋਂ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ ਜਾਂ ਮੁਸੀਬਤ ਆਉਂਦੀ ਹੈ, ਉਦੋਂ ਅਸੀਂ ਜ਼ਿੰਦਗੀ ਦੀ ਅਸਲ ਜਾਚ ਸਿਖਦੇ ਹਾਂ। ਸਾਨੂੰ ਸਾਡੇ ਸਹੀ-ਗ਼ਲਤ ਦਾ ਪਤਾ ਲੱਗਦਾ ਹੈ, ਨਾਲ ਹੀ ਨਾਲ ਤੁਹਾਡੇ ਰਿਸ਼ਤਿਆਂ ਅਤੇ ਤੁਹਾਡਾ ਅਸਲ ਸਾਥ ਨਿਭਾਉਣ ਵਾਲਿਆਂ ਦੇ ਵੀ ਭੇਦ ਖੁੱਲ੍ਹ ਜਾਂਦੇ ਹਨ। ਦੁੱਖ ਵੇਲੇ ਕੌਣ ਤੁਹਾਡੇ ਨਾਲ ਹੈ ਅਤੇ ਕੌਣ ਦੂਰ, ਇਸ ਨਾਲ ਤੁਸੀਂ ਆਪਣੇ ਸੱਚੇ ਸਾਥੀਆਂ ਦਾ ਪਤਾ ਕਰ ਸਕਦੇ ਹੋ।

ਇਹ ਤਾਂ ਸਮਾਜਿਕ ਪੱਖੋਂ ਗੱਲ ਹੋਈ, ਜਿਸ ਵਿਚ ਅਸੀਂ ਇਹ ਜਾਣਿਆ ਕਿ ਦੁੱਖ ਸਾਡੇ ਲਈ ਚੰਗੇ ਹੀ ਹਨ ਪਰ ਇਸ ਦਾ ਮਾਨਸਿਕ ਪੱਧਰ ’ਤੇ ਵੀ ਕਾਫ਼ੀ ਵੱਡਾ ਰੋਲ ਹੈ। ਇਹ ਵਿਸ਼ਾ ਥੋੜ੍ਹਾ ਗੰਭੀਰ ਹੈ। ਹੱਦੋਂ ਵੱਧ ਮਾਨਸਿਕ ਦੁੱਖ ਤੁਹਾਨੂੰ ਤਨਾਅ ਦਾ ਸ਼ਿਕਾਰ ਵੀ ਬਣਾ ਸਕਦਾ ਹੈ ਜੋ ਅੱਜ-ਕੱਲ੍ਹ ਆਮ ਪਰ ਖ਼ਤਰਨਾਕ ਬਿਮਾਰੀ ਹੈ। ਇਸ ਲਈ ਸਾਨੂੰ ਇਸ ਨਾਲ ਪਹਿਲਾਂ ਹੀ ਨਜਿੱਠਣਾ ਪਵੇਗਾ। ਦੁੱਖਾਂ ਤੇ ਚਿੰਤਾਵਾਂ ਨਾਲ ਜੇਕਰ ਤੁਸੀਂ ਪਹਿਲੇ ਹੀ ਪੜਾਅ ’ਤੇ ਖ਼ੁਦ ਨੂੰ ਮਜ਼ਬੂਤ ਬਣਾ ਅੱਗੇ ਵਧੋਗੇ ਤਾਂ ਤੁਸੀਂ ਦੇਖੋਗੇ ਕਿ ਇਸ ਨਾਲ ਤੁਹਾਡੇ ਅੰਦਰ ਹਿੰਮਤ, ਮੁਸੀਬਤ ਨਾਲ ਲੜਨ ਦੀ ਸ਼ਕਤੀ ਅਤੇ ਤੁਹਾਡੀ ਸੂਝ-ਬੂਝ ਵਿਚ ਵਾਧਾ ਹੋਇਆ ਹੈ। ਹਰ ਕੋਈ ਆਪਣੇ ਦੁੱਖ ਨੂੰ ਤਿਆਗਣਾ ਅਤੇ ਉਸ ਤੋਂ ਦੂਰ ਜਾਣਾ ਪਸੰਦ ਕਰਦਾ ਹੈ ਪਰ ਜਦੋਂ ਤੁਸੀਂ ਖ਼ੁਦ ਨੂੰ ਆਤਮਿਕ ਸ਼ਕਤੀ ਨਾਲ ਭਰ ਕੇ ਆਪਣੇ ਦੁੱਖਾਂ ਨੂੰ ਦੂਰ ਕਰਨ ਦਾ ਯਤਨ ਕਰੋਗੇ ਤਾਂ ਤੁਸੀਂ ਮਾਨਸਿਕ ਤੌਰ ’ਤੇ ਆਪਣੇ ਆਪ ਵਿਚ ਵੱਡੀ ਤਬਦੀਲੀ ਮਹਿਸੂਸ ਕਰੋਗੇ। ਤੁਸੀਂ ਆਪਣੇ ਆਪ ਨੂੰ ਵਧੇਰੇ ਹਿੰਮਤ ਵਾਲਾ ਦੇਖੋਗੇ। ਇੱਥੇ ਜ਼ਰੂਰੀ ਇਹ ਹੈ ਕਿ ਤੁਸੀਂ ਆਪਣੇ ਦੁੱਖ ਦੂਰ ਕਰਨ ਦੀ ਕੋਸ਼ਿਸ਼ ਕਰੋ। ਮਨੁੱਖ ਵੱਡੇ ਤੋਂ ਵੱਡੇ ਤਨਾਅ ਵਿੱਚੋਂ ਵੀ ਬਾਹਰ ਆ ਜਾਂਦਾ ਹੈ। ਲੋੜ ਹੈ ਮਿਹਨਤ ਨਾਲ ਕੋਸ਼ਿਸ਼ ਕਰਨ ਦੀ। ਫਿਰ ਉਹ ਦੁੱਖ ਵੀ ਦੁੱਖ ਨਹੀਂ ਰਹਿੰਦਾ। ਉਹ ਤੁਹਾਡੀ ਹਿੰਮਤ ਅਤੇ ਗੁਣ ਬਣ ਜਾਂਦਾ ਹੈ।



ਮੇਰੇ ਵਿਚਾਰ ਅਨੁਸਾਰ ਜੇਕਰ ਸਾਡੇ ਜੀਵਨ ਵਿਚ ਦੁੱਖ-ਤਕਲੀਫ਼ਾਂ ਨਾ ਆਉਣ ਤਾਂ ਜੀਵਨ ਬੇਰਸ ਜਿਹਾ ਹੋ ਜਾਵੇਗਾ ਅਤੇ ਮਨੁੱਖ ’ਚ ਸਿੱਖਣ ਅਤੇ ਸਮਝਣ ਦੀ ਸੂਝ-ਬੂਝ ਮਿਟਣੀ ਸ਼ੁਰੂ ਹੋ ਜਾਵੇਗੀ। ਇਸ ਲਈ ਦੁੱਖ-ਤਕਲੀਫ਼ਾਂ ਦਾ ਜ਼ਿੰਦਗੀ ’ਚ ਆਉਣਾ ਜ਼ਰੂਰੀ ਹੈ। ਅਸਲ ਵਿਚ ਜਦ ਦੁੱਖਾਂ ਨੂੰ ਅਸੀਂ ਇਕ ਸਮੱਸਿਆ ਹੀ ਸਮਝਾਂਗੇ ਤਾਂ ਇਸ ਤੋਂ ਬਾਹਰ ਨਿਕਲਣਾ ਹੋਰ ਵੀ ਆਸਾਨ ਹੋ ਜਾਵੇਗਾ, ਕਿਉਂਕਿ ਫਿਰ ਅਸੀਂ ਮੁਸੀਬਤ ਦੇ ਹੱਲ ਨੂੰ ਲੱਭਣਾ ਸ਼ੁਰੂ ਕਰ ਦਿਆਂਗੇ ਅਤੇ ਹਰ ਮੁਸੀਬਤ ਦਾ ਕੋਈ ਨਾ ਕੋਈ ਹੱਲ ਹੁੰਦਾ ਹੈ। ਜੇ ਹੈ ਤਾਂ ਕਮੀ ਸਾਡੇ ਵਿਚ ਹੀ ਉਸ ਦਾ ਰਾਹ ਲੱਭਣ ਵਿਚ ਹੁੰਦੀ ਹੈ। ਦੁੱਖ ਤਾਂ ਸਾਡੀ ਜ਼ਿੰਦਗੀ ਵਿਚ ਦਵਾ ਜਿਹਾ ਕੰਮ ਕਰਦੇ ਹਨ। ਫਿਰ ਦੁੱਖਾਂ ਤੋਂ ਡਰਨ ਦੀ ਕੀ ਲੋੜ? ਜਿਸ ਦਿਨ ਅਸੀਂ ਆਪਣੇ ਇਸ ਡਰ ’ਤੇ ਕਾਬੂ ਪਾ ਲਿਆ ਤਾਂ ਦੁੱਖ ਮਹਿਸੂਸ ਹੋਣਾ ਵੀ ਖ਼ਤਮ ਹੋ ਜਾਵੇਗਾ। ਸੋ ਜ਼ਿੰਦਗੀ ਦੇ ਇਨ੍ਹਾਂ ਦੋਵੇਂ ਹੀ ਪੱਖਾਂ (ਸੁੱਖ-ਦੁੱਖ) ਨੂੰ ਦਿਲੋਂ ਸਵੀਕਾਰ ਕਰ ਕੇ ਜ਼ਿੰਦਗੀ ਨੂੰ ਸੁਚੱਜੇ ਅਤੇ ਬਿਹਤਰ ਤਰੀਕੇ ਨਾਲ ਜਿਊਣਾ ਚਾਹੀਦਾ ਹੈ। •

# ਓਟ ਕਲੀਨਿਕ, ਨਸ਼ਾ ਛੱਡਣ ਦੇ ਚਾਹਵਾਨ ਮਰੀਜ਼ਾਂ ਲਈ ਹੋ ਰਹੇ ਹਨ ਵਰਦਾਨ ਸਿੱਧ : ਜਸਪ੍ਰੀਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਾ ਛੁਡਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਸ ਦੇ ਲਈ ਵਾਰਡ ਅਤੇ ਪਿੰਡ, ਡਿਫੈਂਸ ਕਮੇਟੀਆਂ ਵੱਲੋਂ ਚੁਸਤ ਦਰੁਸਤ ਹੋ ਕੇ ਆਪਣੇ ਇਲਾਕਿਆਂ ਵਿਚ ਜਾਗਰੂਕਤਾ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਯੁੱਧ ਨਸ਼ਿਆ ਵਿਰੁੱਧ ਮੁਹਿੰਮ ਪਿੰਡਾਂ ਤੇ ਸ਼ਹਿਰਾ ਵਿਚ ਬਹੁਤ ਹੀ ਅਸਰਦਾਰ ਢੰਗ ਨਾਲ ਚਲਾ ਕੇ ਆਮ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ ਅਤੇ ਨਸ਼ਿਆਂ ਵਿਰੁੱਧ ਇੱਕ ਸੁਰ ਵਿਚ ਆਵਾਜ ਬੁਲੰਦ ਕੀਤੀ ਹੈ, ਜਿਸ ਦਾ ਅਸਰ ਹਰ ਖੇਤਰ ਵਿਚ ਨਜ਼ਰ ਆ ਰਿਹਾ ਹੈ।

ਇਹ ਪ੍ਰਗਟਾਵਾ ਜਸਪ੍ਰੀਤ ਸਿੰਘ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਓਟ ਕਲੀਨਿਕ/ ਨਸ਼ਾ ਛੁਡਾਊ ਕੇਂਦਰ ਦਾ ਦੌਰਾ ਕਰਨ ਮੌਕੇ ਕੀਤਾ। ਉਨ੍ਹਾਂ ਦੇ ਨਾਲ ਨੋਡਲ ਅਫਸਰ ਕਮ ਕਾਰਜਕਾਰੀ ਸੀਨੀ ਮੈਡੀਕਲ ਅਫਸਰ ਡਾ.ਕੇ.ਪੀ ਸਿੰਘ ਅਤੇ ਸਿਹਤ ਵਿਭਾਗ ਦੀ ਟੀਮ ਵੀ ਮੌਜੂਦ ਸੀ। ਐਸ.ਡੀ.ਐਮ ਨੇ ਨਸ਼ਾ ਛੁਡਾਊ ਕੇਂਦਰ ਵਿਚ ਦਾਖਲ ਮਰੀਜ਼ ਨਾਲ ਹਮਦਰਦੀ ਗੱਲਬਾਤ ਕਰਕੇ ਉਸ ਦੇ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਉਸ ਵੱਲੋਂ ਸਾਧਾਰਨ ਨਾਗਰਿਕ ਬਣ ਕੇ ਆਪਣਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ।

ਜਿਕਰਯੋਗ ਹੈ ਕਿ ਪੰਜਾਬ ਵਿੱਚੋਂ ਨਸ਼ਿਆ ਦੇ ਖਾਤਮੇ ਲਈ ਪਿੰਡ ਪਿੰਡ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਮਾਜ ਸੇਵੀ ਸੰਗਠਨ, ਧਾਰਮਿਕ ਜਥੇਬੰਦੀਆਂ, ਇਸ ਵਿਚ ਸਹਿਯੋਗ ਕਰ ਰਹੀਆਂ ਹਨ। ਵਿਲੇਜ ਡਿਫੈਂਸ ਕਮੇਟੀਆਂ ਵੱਲੋਂ ਹਰ ਪਿੰਡ ਵਿਚ ਪ੍ਰੋਗਰਾਮ ਉਲੀਕੇ ਗਏ ਹਨ, ਜਿੱਥੇ ਨਸ਼ਿਆ ਵਿਰੁੱਧ ਡੱਟਣ ਦੀ ਸਹੁੰ ਚੁਕਾਈ ਜਾ ਰਹੀ ਹੈ। ਇਸ ਦੀ ਅਗਵਾਈ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿਚ ਖੁੱਦ ਕੈਬਨਿਟ ਮੰਤਰੀ ਪੰਜਾਬ ਸ.ਹਰਜੋਤ ਸਿੰਘ ਬੈਂਸ ਕਰ ਰਹੇ ਹਨ। ਉਨ੍ਹਾਂ ਵੱਲੋਂ ਆਮ ਲੋਕਾਂ ਨੂੰ ਨਸ਼ਿਆ ਦੀ ਗ੍ਰਿਫਤ ਵਿਚ ਫਸੇ ਮਰੀਜਾ ਨਾਲ ਹਮਦਰਦੀ ਵਾਲਾ ਵਤੀਰਾ ਅਪਨਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਨਸ਼ਾ ਤਸਕਰਾਂ ਨੂੰ ਕਾਬੂ ਕਰਨ ਵਿੱਚ ਸਰਕਾਰ ਅਤੇ ਪੁਲਿਸ ਪ੍ਰਸਾਸ਼ਨ ਵੱਲੋਂ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਸ਼ਿਆ ਦੇ ਸੌਦਾਗਰ ਜੇਲ੍ਹਾ ਵਿਚ ਡੱਕੇ ਜਾ ਰਹੇ ਹਨ ਅਤੇ ਉਨ੍ਹਾਂ ਦੀਆਂ ਜਾਇਦਾਦਾ ਢਹਿ ਢੇਰੀ ਕੀਤੀਆ ਜਾ ਰਹੀਆਂ ਹਨ, ਇਹ ਕਾਰਵਾਈ ਬਹੁਤ ਹੀ ਸਾਰਥਕ ਸਿੱਧ ਹੋਈ ਹੈ, ਅਧਿਕਾਰੀ ਇਨ੍ਹਾਂ ਡੀ ਅਡੀਕਸ਼ਨ ਸੈਂਟਰਾਂ ਦਾ ਦੌਰਾ ਕਰਕੇ ਪ੍ਰਭਾਵਿਤ ਹੋਏ ਲੋਕਾਂ ਨੂੰ ਸਰੀਰਿਕ ਤੇ ਮਾਨਸਿਕ ਤੌਰ ਤੇ ਵੀ ਨਸ਼ਿਆ ਦੀ ਗ੍ਰਿਫਤ ਵਿਚ ਆਏ ਲੋਕਾਂ ਨੂੰ ਨਸ਼ੇ ਛੱਡਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

# ਟਰੇਨਿੰਗ 'ਤੇ ਗਏ ਬਠਿੰਡਾ ਪੁਲਿਸ ਦੇ 2 ਭੂਤਰੇ ਸਬ ਇੰਸਪੈਕਟਰਾਂ ਨੇ ਕੀਤੀ ਗੁੰਡਾ ਗਰਦੀ, ਬਟਾਲੇ ਵਿੱਚ ਪੱਤਰਕਾਰ ਨੂੰ ਬੁਰੀ ਤਰਾਂ ਕੁੱਟਿਆ

**ਬਠਿੰਡਾ 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅੰਦਰ ਪਿੰਡਾ ਦੀਆਂ ਸੱਥਾਂ ਚੋਂ ਚੱਲਣ ਅਤੇ ਆਮ ਲੋਕਾਂ ਦੀ ਸਰਕਾਰ ਦੇ ਦਾਅਵੇ ਕਰਨ ਵਾਲ ?ੀ ਪੰਜਾਬ ਸਰਕਾਰ ਆਪਣੀ ਪੁਲਿਸ ਨੂੰ ਨੱਥ ਪਾਉਣ ਚ ਬੁਰੀ ਤਰਾਂ ਫੇਲ ਹੋ ਚੁੱਕੀ ਹੈ। ਭਾਵੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਗ੍ਰਹਿ ਵਿਭਾਗ ਵੀ ਹੈ ਪਰ ਫਿਰ ਵੀ ਪੰਜਾਬ ਪੁਲਿਸ ਨੂੰ ਜਾਂ ਤਾਂ ਉਹਨਾਂ ਦਾ ਡਰ ਨਹੀਂ ਜਾਂ ਫੇਰ ਉਹਨਾਂ ਵੱਲੋਂ ਪੰਜਾਬ ਪੁਲਿਸ ਦੀਆਂ ਲਗਾਮਾਂ ਖੁੱਲੀਆਂ ਛੱਡੀਆਂ ਗਈਆਂ ਹਨ। ਭਾਵੇਂ ਪਿਛਲੇ ਦਿਨੀਂ ਪੰਜਾਬ ਪੁਲਿਸ ਦੇ ਕੁੱਝ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਬਠਿੰਡਾ ਨਹਿਰ ਚ ਡਿੱਗੀ ਇੱਕ ਕਾਰ ਵਿੱਚੋਂ ਦਰਜ਼ਨ ਦੇ ਕਰੀਬ ਪਰਿਵਾਰਿਕ ਮੈਂਬਰਾਂ ਨੂੰ ਬਚਾਅ ਕੇ ਬੜਾ ਨੇਕ ਕੰਮ ਕੀਤਾ ਗਿਆ ਸੀ ਪਰ। ਪੰਜਾਬ ਪੁਲਸ ਚ ਅਜਿਹੇ ਮੁਲਾਜ਼ਮਾਂ ਦੀ ਗਿਣਤੀ ਆਟੇ ਚ ਲੂਣ ਵਾਂਗ ਹੈ।ਜੇਕਰ ਜਿਆਦਾਤਰ ਪੰਜਾਬ ਪੁਲਿਸ ਦੀ ਗੱਲ ਕਰੀਏ ਤਾਂ 1985 ਤੋਂ ਲੈ ਕੇ ਅੱਜ ਤੱਕ ਖਾਕੀ ਨਾਲ ਬਹੁਤ ਵਿਵਾਦ ਜੁੜੇ ਹਨ



ਤੇ ਉਸੇ ਤਹਿਤ ਹੀ ਹੁਣ ਫਿਰ ਬਠਿੰਡਾ ਪੁਲਿਸ ਨਾਲ ਸੰਬੰਧਤ 2 ਸਬ ਇੰਸਪੈਕਟਰਾਂ ਨੇ ਵਰਦੀ ਦੇ ਨਸ਼ੇ ਚ ਚੂਰ ਹੋ ਬਟਾਲਾ ਵਿੱਚ ਇੱਕ ਪੱਤਰਕਾਰ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ।

ਜਾਣਕਾਰੀ ਦੇ ਮੁਤਾਬਿਕ ਜਹਾਨਖੇਲਾ (ਹੁਸ਼ਿਆਰਪੁਰ) ਵਿਖੇ ਟਰੇਨਿੰਗ ਕਰ ਰਹੇ 2 ਸਬ ਇੰਸਪੈਕਟਰ ਮਨਦੀਪ ਸਿੰਘ ਤੇ ਸੁਰਜੀਤ ਕੁਮਾਰ ਜੋ ਕਿ ਬਟਾਲਾ ਵਿਖੇ ਆਏ ਹੋਏ ਸਨ, ਪਛਾਣ ਦੇ ਤੌਰ 'ਤੇ ਜਦੋਂ ਬਲਜੀਤ ਸਿੰਘ ਨਾਮਕ ਪੱਤਰਕਾਰ ਨੇ ਉਹਨਾਂ ਤੋਂ ਉਹਨਾ ਦੀ ਪਹਿਚਾਣ ਬਾਰੇ ਪੁੱਛਿਆ ਤਾਂ ਤੈਸ਼ ਵਿੱਚ ਆਏ ਉਕਤ ਭੂਤਰੇ ਪੁਲਿਸ ਅਧਿਕਾਰੀਆਂ ਨੇ ਉਸਨੂੰ ਬੁਰੀ ਤਰ੍ਹਾਂ ਕੁੱਟਿਆ ਤੇ ਧਰਤੀ ਤੇ ਸੁੱਟ ਕੇ ਠੁੱਡੇ ਤੱਕ ਵੀ ਮਾਰੇ। ਹਰ ਵਾਰ ਦੀ ਤਰ੍ਹਾਂ ਪਹਿਲਾਂ ਤਾਂ ਪੰਜਾਬ ਪੁਲਿਸ ਨੇ ਇਸ ਮਾਮਲੇ ਨੂੰ ਵੀ ਟਾਲਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਪੱਤਰਕਾਰ ਭਾਈਚਾਰੇ ਨੇ ਇਸ ਬਾਰੇ ਤਿੱਖਾ ਸੰਘਰਸ਼ ਵਿੱਢਣ ਦੀ ਗੱਲ ? ਕੀਤੀ ਤਾਂ ਡੀਜੀਪੀ ਪੰਜਾਬ ਦੇ ਦਖ਼ਲ ਤੋਂ ਬਾਅਦ ਇਹਨਾਂ ਦੋਨਾਂ ਗੁੰਡੇ ਦੋਨਾਂ ਅਧਿਕਾਰੀਆਂ ਮਨਦੀਪ ਸਿੰਘ ਤੇ ਸੁਰਜੀਤ ਕੁਮਾਰ ਦੇ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ।

ਇਸ ਮਾਮਲੇ ਬਾਰੇ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ(ਰਜਿ.)ਨੇ ਤਿੱਖਾ ਪ੍ਰਤੀਕਰਮ ਦਿੱਤਾ ਹੈ ।ਪ੍ਰਧਾਨ ਗੁਰਜੀਤ ਚੌਹਾਨ ਨੇ ਕਿਹਾ ਕਿ ਪੁਲਿਸ ਵਰਦੀ ਦੇ ਰੂਪ ਵਿੱਚ ਲੁਕੇ ਹੋਏ ਅਜਿਹੇ ਗੁੰਡੇ ਅਨਸਰਾਂ ਨੂੰ ਨੱਥ ਪਾਉਣੀ ਚਾਹੀਦੀ ਹੈ ਕਿਉਂਕਿ ਜਿੱਥੇ ਇਹ ਸ਼ਰੇਆਮ ਸੰਵਿਧਾਨ ਤੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹਨ, ਉਥੇ ਹੀ ਲੋਕਾਂ ਦੇ ਵਿੱਚ ਪੰਜਾਬ ਪੁਲਿਸ ਤੇ ਪੰਜਾਬ ਸਰਕਾਰ ਦਾ ਅਕਸ ਬਹੁਤ ਜਿਆਦਾ ਖਰਾਬ ਹੁੰਦਾ ਹੈ। ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ ਨੇ ਕਿਹਾ ਕਿ ਇੱਕ ਪੱਤਰਕਾਰ ਤੇ ਹਮਲਾ ਕਰਨਾ ਬੜੀ ਸ਼ਰਮਨਾਕ ਘਟਨਾ ਹੈ ਪੁਲਸ ਦੀ ਵਰਦੀ ਵਿੱਚ ਛੁਪੇ ਐਸੇ ਗੁੰਡੇ ਅਨਸਰਾਂ ਨੂੰ ਪੰਜਾਬ ਸਰਕਾਰ ਨੱਥ ਪਾਵੇ। ਉਹਨਾਂ ਇਹ ਵੀ ਕਿਹਾ ਕਿ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ (ਰਜਿ.) ਹਰੇਕ ਪੱਤਰਕਾਰ ਨਾਲ ਚੱਟਾਨ ਵਾਂਗ ਖੜ੍ਹਾ ਹੈ ।ਇਸ ਘਟਨਾ ਨੂੰ ਲੈ ਕੇ ਕਲੱਬ ਦੇ ਸਰਪ੍ਰਸਤ ਭਾਈ ਜਸਕਰਨ ਸਿੰਘ ਸਿਵੀਆਂ, ਜਰਨਲ ਸਕੱਤਰ ਸੁਰਿੰਦਰ ਪਾਲ ਸਿੰਘ ਬੱਲੂਆਣਾ, ਖਜਾਨਚੀ ਰਾਜਦੀਪ ਜੋਸ਼ੀ, ਸੀਨੀਅਰ ਪੱਤਰਕਾਰ ਸੱਤਪਾਲ ਮਾਨ, ਨਸੀਬ ਚੰਦ ਸ਼ਰਮਾ, ਪ੍ਰੈੱਸ ਸਕੱਤਰ, ਗੁਰਸੇਵਕ ਸਿੰਘ ਚੁੱਘੇ ਖੁਰਦ,ਜਸਵੀਰ ਸਿੰਘ ਕਟਾਰ ਸਿੰਘ ਵਾਲਾ, ਗੁਰਪ੍ਰੀਤ ਸਿੰਘ ਗੋਪੀ, ਪ੍ਰਿੰਸ ਕੁਮਾਰ ਸੇਖੂ , ਜਸ਼ਨਜੀਤ ਸਿੰਘ, ਨਵਦੀਪ ਗਰਗ, ਇਕਬਾਲ ਸਿੰਘ, ਸੀਨੀਅਰ ਪੱਤਰਕਾਰ ਮਨੋਜ ਚਰਖੀਵਾਲ ਆਦਿ ਵੱਲੋਂ ਵੀ ਇਹਨਾਂ ਪੁਲਿਸ ਅਧਿਕਾਰੀਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

# ਐਸ.ਡੀ.ਐਮ ਨੇ ਨਸ਼ਾ ਛੁਡਾਓ ਕੇਂਦਰ ਦਾ ਕੀਤਾ ਦੌਰਾ, ਪ੍ਰਬੰਧਾਂ ਦਾ ਲਿਆ ਜਾਇਜ਼ਾ

**ਫਾਜ਼ਿਲਕਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤੇ ਐਸਡੀਐਮ ਫਾਜ਼ਿਲਕਾ ਮੈਡਮ ਵੀਰਪਾਲ ਕੌਰ ਲਗਾਤਾਰ ਪਿੰਡਾਂ ਵਿਚ ਜਾ ਕੇ ਬਾਰਿਸ਼ਾਂ ਕਰਕੇ ਪੈਦਾ ਹੋਈ ਸਥਿਤੀ ਦਾ ਜਾਇਜਾ ਲੈ ਕੇ ਰਹੇ ਹਨ ਤੇ ਜਲ ਨਿਕਾਸੀ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਜਲਦ ਤੋਂ ਜਲਦ ਸਥਿਤੀ ਨੂੰ ਕਾਬੂ ਪਾਇਆ ਜਾ ਸਕੇ। ਇਸ ਮੌਕੇ ਵਿਧਾਇਕ ਫਾਜਿਲਕਾ ਦੇ ਪਿਤਾ ਖਜਾਨ ਸਿੰਘ, ਚੇਅਰਮੈਨ ਪਰਮਜੀਤ ਸਿੰਘ ਨੂਰਸ਼ਾਹ ਤੇ ਉਨ੍ਹਾਂ ਦੀ ਟੀਮ ਨਾਲ ਮੌਜੂਦ ਸੀ।



ਪਿੰਡ ਸਾਬੂਆਣਾ, ਲੱਖੇ ਵਾਲੀ ਢਾਬ, ਬਾਰੇਕਾ ਅਤੇ ਹੋਰ ਪਿੰਡਾਂ ਵਿੱਚ ਦੌਰੇ ਦੌਰਾਨ ਐਸ.ਡੀ.ਐਮ. ਨੇ ਕਿਹਾ ਕਿ ਡਰੇਨਜ ਵਿਭਾਗ ਦੀਆਂ ਟੀਮਾਂ ਲਗਾਤਾਰ ਪਾਣੀ ਕੱਢਣ ਦਾ ਕਾਰਜ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਥਿਤੀ ਨੂੰ ਆਮ ਵਾਂਗ ਕਰਨ ਲਈ ਪ੍ਰਸ਼ਾਸਨ ਲਗਾਤਾਰ ਉਪਰਾਲੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਵਿਚ ਪਾਣੀ ਦੀ ਸਪਲਾਈ ਵੀ ਪਿਛੋ ਰੋਕ ਦਿੱਤੀ ਗਈ ਹੈ ਤਾਂ ਜੋ ਪਹਿਲਾਂ ਖੜੇ ਪਾਣੀ ਦੀ ਨਿਕਾਸੀ ਹੋ ਸਕੇ।

ਉਨ੍ਹਾਂ ਪਿੰਡਾਂ ਦਾ ਜਾਇਜਾ ਲੈਣ ਮੌਕੇ ਕਿਸਾਨਾਂ ਨਾਲ ਵੀ ਗਲਬਾਤ ਕੀਤੀ ਅਤੇ ਭਰੋਸਾ ਦਵਾਇਆ ਕਿ ਕਿਸਾਨਾਂ ਦਾ ਹਰ ਪੱਖੋਂ ਸਹਿਯੋਗ ਕੀਤਾ ਜਾਵੇਗਾ।

# ਨਗਰ ਕੌਂਸਲ ਵੱਲੋਂ ਪ੍ਰਾਪਰਟੀ ਟੈਕਸ ਭਰਨ ਲਈ 15 ਅਗਸਤ ਕੀਤਾ ਗਿਆ ਵਾਧਾ

**ਰੂਪ ਨਗਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰਡੈਂਟ ਨਗਰ ਕੌਂਸਲ ਰੂਪਨਗਰ ਭਾਵਨਾ ਸੇਤੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਜਿਨ੍ਹਾਂ ਪ੍ਰਾਪਰਟੀ ਮਾਲਕਾਂ ਵੱਲੋਂ ਟੈਕਸ ਨਹੀਂ ਭਰਿਆ ਗਿਆ ਸੀ ਜਾਂ ਅਧੂਰਾ ਭਰਿਆ ਗਿਆ ਸੀ, ਨੂੰ ਇੱਕ ਟਾਈਮ ਨਿਪਟਾਰਾ ਯੋਜਨਾ ਅਧੀਨ ਬਿਨ੍ਹਾਂ ਕਿਸੇ ਪੈਨਲਟੀ/ ਵਿਆਜ ਤੋਂ ਕੇਵਲ ਮੂਲ ਰਕਮ ਮਿਤੀ 31 ਜੁਲਾਈ 2025 ਤੱਕ ਭਰਨ ਦੀ ਛੋਟ ਦਿੱਤੀ ਗਈ ਸੀ, ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਚਲਾਈ ਗਈ ਇਸ ਸਕੀਮ ਵਿੱਚ 15 ਅਗਸਤ 2025 ਤੱਕ ਵਾਧਾ ਕੀਤਾ ਗਿਆ ਹੈ

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਗਈ ਇਹ ਸਕੀਮ ਜਨਤਾ ਨੂੰ ਰਾਹਤ ਦੇਣ ਅਤੇ ਸ਼ਹਿਰੀ ਸਥਾਨਕ ਇਕਾਈਆਂ ਵਾਸਤੇ ਆਮਦਨ ਵਿੱਚ ਵਾਧਾ ਕਰਨ ਲਈ ਬਣਾਈ ਗਈ ਹੈ।

ਸੁਪਰਡੈਂਟ ਨਗਰ ਕੌਂਸਲ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਆਪਣੀ ਮੂਲ ਰਕਮ 15 ਅਗਸਤ 2025 ਤੱਕ ਇੱਕ ਟਾਈਮ ਰਕਮ ਨਗਰ ਕੌਂਸਲ ਵਿਖੇ ਭਰਦਾ ਹੈ, ਤਾਂ ਉਸ ਉੱਤੇ ਲਾਗੂ ਸਾਰਾ ਜੁਰਮਾਨਾ ਅਤੇ ਵਿਆਜ ਮਾਫ ਕਰ ਦਿੱਤਾ ਜਾਵੇਗਾ। ਜੇਕਰ ਮੂਲ ਰਕਮ 15 ਅਗਸਤ 2025 ਤੋਂ ਬਾਅਦ ਪਰ 31 ਅਕਤੂਬਰ 2025 ਤੋਂ ਪਹਿਲਾਂ ਅਦਾ ਕੀਤੀ ਜਾਂਦੀ ਹੈ, ਤਾਂ ਲਾਗੂ ਜੁਰਮਾਨਾ ਅਤੇ ਵਿਆਜ ਦਾ 50 ਫ਼ੀਸਦੀ ਮਾਫ ਕੀਤਾ ਜਾਵੇਗਾ। ਸਕੀਮ ਦੀ ਮਿਆਦ ਖਤਮ ਹੋਣ ਦੇ ਬਾਅਦ, ਅਰਥਾਤ 31 ਅਕਤੂਬਰ 2025 ਤੋਂ ਬਾਅਦ, ਸਾਰੀ ਬਕਾਇਆ/ਰਕਮ ਉੱਤੇ ਪੂਰਾ ਜੁਰਮਾਨਾ ਅਤੇ ਵਿਆਜ ਲਾਗੂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਆਮ ਜਨਤਾ ਨੂੰ ਇਸ ਦਿੱਤੇ ਗਏ ਸੁਨਿਹਰੀ ਮੌਕੇ ਦਾ ਲਾਭ ਲੈਣਾ ਚਾਹੀਦਾ ਹੈ ਕਿ ਉਹ ਆਪਣੇ ਬਕਾਇਆ ਟੈਕਸ ਨੂੰ ਰਾਹਤ ਰਾਹੀਂ ਨਿਪਟਾ ਸਕਣ। ਸਾਰੇ ਪ੍ਰੋਪਰਟੀ ਮਾਲਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਮੌਕੇ ਦੀ ਲਾਭ ਉਠਾਉਣ।ਉਨ੍ਹਾਂ ਕਿਹਾ ਕਿ ਇਸ ਸੰਬਧੀ ਹੋਰ ਜਾਣਕਾਰੀ ਲਈ ਆਪਣੇ ਨਜ਼ਦੀਕੀ ਮਿਊਸਿਪਲ ਕੌਂਸਲ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵਿਧਾਇਕ ਫਾਜ਼ਿਲਕਾ ਦੇ ਪਿਤਾ ਖਜਾਨ ਸਿੰਘ ਵੱਲੋਂ ਮੀਂਹ ਪ੍ਰਭਾਵਿਤ ਪਿੰਡਾਂ ਦਾ ਦੌਰਾ



**ਫਾਜ਼ਿਲਕਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁੱਝ ਦਿਨ ਹਲਕੇ ਤੋਂ ਬਾਹਰ ਹੋਣ ਕਰਕੇ ਵਿਧਾਇਕ ਫਾਜ਼ਿਲਕਾ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਦੇ ਦਿਸ਼ਾ ਨਿਰਦੇਸ਼ਾ ਹੇਠ ਵਿਧਾਇਕ ਦੇ ਪਿਤਾ ਖਜਾਨ ਸਿੰਘ ਭਾਰੀ ਮੀਂਹ ਨਾਲ ਪ੍ਰਭਾਵਿਤ ਪਿੰਡ ਖੁਈਖੇੜਾ,ਬਾਰੇਕਾ, ਸਾਬੂਆਣਾ ਤੇ ਲੱਖੇਵਾਲੀ ਢਾਬ ਦੇ ਲੋਕਾਂ ਦਾ ਹਾਲ ਜਾਣਨ ਪਹੁੰਚੇ ਤੇ ਉਨ੍ਹਾਂ ਦੀਆਂ ਫਸਲਾਂ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸਡੀਐਮ ਮੈਡਮ ਵੀਰਪਾਲ ਕੌਰ, ਚੇਅਰਮੈਨ ਮਾਰਕੀਟ ਕਮੇਟੀ ਪਰਮਜੀਤ ਸਿੰਘ ਨੂਰਸ਼ਾਹ ਅਤੇ ਸੀਨੀਅਰ ਆਪ ਆਗੂ ਹਰਮੰਦਰ ਸਿੰਘ ਵੀ ਹਾਜ਼ਰ ਸਨ।

ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਦੇ ਪਿਤਾ ਨੇ ਪਿੰਡ ਵਾਸੀਆਂ ਦੀਆਂ ਮੁਸਕਲਾਂ ਸੁਣਦਿਆਂ ਕਿਹਾ ਕਿ ਸਾਡੀ ਆਮ ਆਦਮੀ ਦੀ ਪਾਰਟੀ ਮੀਂਹ ਪ੍ਰਭਾਵਿਤ ਲੋਕਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਉਹ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਜਾ ਕੇ ਬਾਰਿਸ਼ਾਂ ਕਰਕੇ ਪੈਦਾ ਹੋਈ ਸਥਿਤੀ ਦਾ ਜਾਇਜਾ ਲੈ ਕੇ ਰਹੇ ਹਨ ਤੇ ਜਲ ਨਿਕਾਸੀ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਜਲਦ ਤੋਂ ਜਲਦ ਸਥਿਤੀ ਨੂੰ ਕਾਬੂ ਪਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਡਰੇਨਜ ਵਿਭਾਗ ਦੀਆਂ ਟੀਮਾਂ ਲਗਾਤਾਰ ਪਾਣੀ ਕੱਢਣ ਦਾ ਕਾਰਜ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਥਿਤੀ ਨੂੰ ਆਮ ਵਾਂਗ ਕਰਨ ਲਈ ਪ੍ਰਸ਼ਾਸਨ ਲਗਾਤਾਰ ਉਪਰਾਲੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਵਿਚ ਪਾਣੀ ਦੀ ਸਪਲਾਈ ਵੀ ਪਿਛੋ ਰੋਕ ਦਿੱਤੀ ਗਈ ਹੈ ਤਾਂ ਜੋ ਪਹਿਲਾਂ ਖੜੇ ਪਾਣੀ ਦੀ ਨਿਕਾਸੀ ਹੋ ਸਕੇ ।ਉਨ੍ਹਾਂ ਪਿੰਡਾਂ ਦਾ ਜਾਇਜਾ ਲੈਣ ਮੌਕੇ ਕਿਸਾਨਾਂ ਨਾਲ ਵੀ ਗਲਬਾਤ ਕੀਤੀ ਅਤੇ ਭਰੋਸਾ ਦਵਾਇਆ ਕਿ ਕਿਸਾਨਾਂ ਦਾ ਹਰ ਪੱਖੋਂ ਸਹਿਯੋਗ ਕੀਤਾ ਜਾਵੇਗਾ।

# ਇਸ ਵਾਰ ਜ਼ਿਲ੍ਹੇ ਵਿੱਚ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜ਼ੀਰੋ ਕੀਤਾ ਜਾਵੇਗਾ : ਡਿਪਟੀ ਕਮਿਸ਼ਨਰ



**ਗੁਰਦਾਸਪੁਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਅਧਿਕਾਰੀਆਂ ਨਾਲ ਫ਼ਸਲੀ ਰਹਿੰਦ-ਖੂੰਹਦ (ਸਟੱਬਲ ਬਰਨਿੰਗ) ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਕੀਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਸ ਵਾਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜ਼ੀਰੋ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਪਿੰਡ ਤੱਕ ਪਹੁੰਚ ਬਣਾਉਣ ਲਈ ਹਰੇਕ ਪਿੰਡ ਨੂੰ ਵੱਖ-ਵੱਖ ਜ਼ੋਨਾਂ ਵਿੱਚ ਵੰਡ ਕੇ ਨੋਡਲ ਅਫ਼ਸਰ ਲਗਾਏ ਜਾਣਗੇ ਅਤੇ ਹਰ 20 ਪਿੰਡਾਂ ਪਿੱਛੇ ਇੱਕ ਕਲਸਟਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਫ਼ਸਲੀ ਰਹਿੰਦ-ਖੂੰਹਦ ਦੀ ਅੱਗ ਨੂੰ ਰੋਕਣ ਲਈ ਜੋ ਟੀਮਾਂ ਬਣਾਈਆਂ ਜਾਣਗੀਆਂ ਉਸ ਵਿੱਚ ਸਰਕਾਰੀ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਨਾਲ ਸਰਪੰਚ, ਪੰਚ ਅਤੇ ਨੰਬਰਦਾਰਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਜੇਕਰ ਕਿਸੇ ਸਰਕਾਰੀ ਮੁਲਾਜ਼ਮ ਨੇ ਆਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਈ ਜਾਂ ਉਨ੍ਹਾਂ ਦੀ ਮਾਲਕੀ ਵਾਲੇ ਠੇਕੇ 'ਤੇ ਦਿੱਤੇ ਖੇਤਾਂ ਵਿੱਚ ਵੀ ਪਰਾਲੀ ਨੂੰ ਅੱਗ ਲੱਗੀ ਤਾਂ ਇਸ ਦਾ ਜ਼ਿੰਮੇਵਾਰ ਉਹ ਮੁਲਾਜ਼ਮ ਹੀ ਹੋਵੇਗਾ। ਉਨ੍ਹਾਂ ਕਿਹਾ ਪਰਾਲੀ ਨੂੰ ਅੱਗ ਲਗਾਉਣ ਵਾਲੇ ਅਜਿਹੇ ਸਰਕਾਰੀ ਮੁਲਾਜ਼ਮਾਂ ਖ਼ ?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਪੰਚਾਇਤੀ ਵਿਭਾਗ ਦੀਆਂ ਬੋਲੀ ਵਾਲੀਆਂ ਜ਼ਮੀਨਾਂ ਵਿੱਚ ਵੀ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀ ਕੋਈ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਬੋਲੀ ਦੇਣ ਵਾਲੇ ਵਿਅਕਤੀ ਨੇ ਪੰਚਾਇਤੀ ਜ਼ਮੀਨ ਵਿੱਚ ਪਰਾਲੀ ਨੂੰ ਅੱਗ ਲਗਾਈ ਤਾਂ ਉਸ ਵਿਅਕਤੀ ਖ਼ ?ਲਾਫ਼ ਕਾਨੂੰਨੀ ਕਾਰਵਾਈ ਕਰਨ ਦੇ ਨਾਲ ਉਸ ਨੂੰ ਅੱਗੇ ਤੋਂ ਪੰਚਾਇਤੀ ਜ਼ਮੀਨ ਦੀ ਬੋਲੀ ਦੇਣ ਤੋਂ ਵੀ ਡੀ-ਬਾਰ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਹੁਣ ਤੋਂ ਹੀ ਹਰ ਕਿਸਾਨ ਤੱਕ ਆਪਣੀ ਪਹੁੰਚ ਕਰਕੇ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਨ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਚਾਇਤ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ ਉਹ ਹਰ ਪਿੰਡ ਤੱਕ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਸੁਨੇਹਾ ਲੈ ਕੇ ਜਾਣ। ਸਿੱਖਿਆ ਵਿਭਾਗ ਨੂੰ ਸਕੂਲੀ ਬੱਚਿਆਂ ਨੂੰ ਵੀ ਪਰਾਲੀ ਨੂੰ ਅੱਗ ਲੱਗਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਕਿਹਾ ਗਿਆ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ ਅਤੇ ਇਸ ਵਿੱਚ ਕਿਸੇ ਤਰਾਂ ਦੀ ਢਿੱਲ-ਮੱਠ ਜਾਂ ਲਾਪਰਵਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਸਬਸਿਡੀ ਉੱਪਰ ਖੇਤੀ ਸੰਦ ਪਿਛਲੇ ਸਮੇਂ ਵਿੱਚ ਵੀ ਦਿੱਤੇ ਗਏ ਹਨ ਅਤੇ ਹੁਣ ਵੀ ਦਿੱਤੇ ਜਾ ਰਹੇ ਹਨ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਖੇਤੀ ਸੰਦਾਂ ਦੀ ਪਿੰਡ ਵਾਈਜ਼ ਤੇ ਕਿਸਾਨ ਵਾਈਜ਼ ਮੈਪਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਕਿਸੇ ਵਿਅਕਤੀ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਤਾਂ ਨਿਯਮਾਂ ਅਨੁਸਾਰ ਉਸ ਵਿਅਕਤੀ ਖ਼ ?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਵਿਭਾਗ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ. ਗੁਰਦਾਸਪੁਰ ਸ. ਮਨਜੀਤ ਸਿੰਘ ਰਾਜਲਾ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਈਜ਼ੀ ਰਜਿਸ਼ਟਰੇਸ਼ਨ ਰਾਹੀਂ ਲੋਕਾਂ ਦੀ ਖੱਜਲ-ਖੁਆਰੀ ਹੋਈ ਖਤਮ



**ਬਟਾਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਲੋਕਾਂ ਨੂੰ ਖੱਜਲ ਖੁਆਰੀ ਤੋਂ ਨਿਜਾਤ ਮਿਲੀ ਹੈ।

ਸ੍ਰੀਮਤੀ ਜਯੋਤਸਨਾ ਸਿੰਘ ਐਸ.ਡੀ.ਐਮ ਫਤਿਹਗੜ੍ਹ ਚੂੜੀਆਂ ਅਤੇ ਕਲਾਨੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ 'ਈਜ਼ੀ ਰਜਿਸਟਰੀ' ਪ੍ਰਣਾਲੀ ਰਾਹੀਂ ਸੇਵਾਵਾਂ ਲੋਕਾਂ ਨੂੰ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਈਜ਼ੀ ਰਜਿਸਟਰੀ ਨਾਲ ਜਿੱਥੇ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆ ਰਹੀ ਉਥੇ ਹੀ ਉਨ੍ਹਾਂ ਦੇ ਸਮੇਂ ਦੀ ਵੀ ਬਹੁਤ ਬੱਚਤ ਹੋ ਰਹੀ ਹੈ।

ਈ.ਜ਼ੀ ਰਜਿਸਟਰੀ ਪ੍ਰਣਾਲੀ ਨਾਲ ਨਾਲ ਰਜਿਸਟਰੀ ਕਰਵਾਉਣ ਲਈ ਤਹਿਸੀਲ ਦਫਤਰ ਕਲਾਨੌਰ ਵਿਖੇ ਪਹੁੰਚੇ ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬਹੁਤ ਹੀ ਸੌਖੇ ਤੇ ਸਹੀ ਢੰਗ ਨਾਲ ਰਜਿਸਟਰੀ ਹੋਈ ਹੈ, ਕੋਈ ਖੱਜਲ ਖੁਆਰੀ ਨਹੀਂ ਹੋਈ ਅਤੇ ਬਣਦੀ ਫੀਸ ਹੀ ਲਈ ਗਈ ਹੈ। ਉਨਾਂ ਕਿਹਾ ਕਿ ਕੋਈ ਵਾਧੂ ਖਰਚਾ ਨਹੀਂ ਲਿਆ ਗਿਆ ਅਤੇ ਉਹ ਸਰਕਾਰ ਵਲੋਂ ਲੋਕਾਂ ਦੀ ਭਲਾਈ ਲਈ ਚੁੱਕੇ ਇਸ ਕਦਮ ਲਈ ਬਹੁਤ ਖੁਸ਼ ਹਨ।

ਇਸ ਤਰਾਂ ਰਜਿਸਟਰੀ ਕਰਵਾਉਣ ਆਏ ਗੁਰਦੇਵ ਸਿੰਘ ਨੇ ਦੱਸਿਆ ਕਿ ਤਹਿਸੀਲ ਦਫਤਰ ਦੇ ਸਟਾਫ ਵਲੋਂ ਪੂਰਾ ਸਹਿਯੋਗ ਕੀਤਾ ਗਿਆ ਅਤੇ ਕਾਗਜਾਂ ਦੀ ਘੋਖ ਪੜਤਾਲ ਕਰਨ ਉਪਰੰਤ ਅੱਧੇ ਘੰਟੇ ਵਿੱਚ ਹੀ ਈਜ਼ੀ ਰਜਿਸਟਰੀ ਪ੍ਰਣਾਲੀ ਨਾਲ ਉਨਾਂ ਨੇ ਰਜਿਸਟਰੀ ਕਰਵਾਈ ਹੈ।

ਉਨਾਂ ਕੋਲੋਂ ਬਣਦੀ ਫੀਸ ਹੀ ਲਈ ਗਈ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਦਫਤਰ ਵਿੱਚ ਦਾਖ਼ਲ ਹੋਣ ਤੋਂ ਲੈ ਕੇ ਰਜਿਸਟ ?ਰੇਸਨ ਪੂਰੀ ਹੋਣ ਅਤੇ ਰਜਿਸਟਰੀ ਦਸਤਾਵੇਜ ਪ੍ਰਾਪਤ ਕਰਨ ਤੱਕ ਦੀ ਸਮੁੱਚੀ ਪ੍ਰਕਿਰਿਆ ਵਿੱਚ ਕਰੀਬ ਅੱਧੇ ਘੰਟੇ ਦਾ ਹੀ ਸਮਾਂ ਲੱਗਿਆ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਈ.ਜ਼ੀ ਰਜਿਸਟਰੀ ਪ੍ਰਣਾਲੀ ਦਾ ਲਾਭ ਉਠਾਉਣ, ਇਸ ਨਾਲ ਸਮੇਂ ਦੀ ਬਹੁਤ ਬੱਚਤ ਹੁੰਦੀ ਹੈ।

ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਰੇਸ਼ਮ ਸਿੰਘ ਪਨੂੰ ਨੇ ਦੱਸਿਆ ਕਿ ਉਨਾਂ ਨੂੰ ਸਰਕਾਰ ਵਲੋਂ ਲੋਕਾਂ ਦੀ ਸਹੂਲਤ ਲਈ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਇਥੇ ਬੈਠਦੇ ਹਨ। ਉਨਾਂ ਦੱਸਿਆ ਕਿ ਰਜਿਸਟਰੀ ਕਰਨ ਤੋਂ ਪਹਿਲਾਂ ਸਾਰੇ ਕਾਗਜ਼ਾਂ ਦੀ ਜਾਂਚ ਪੜਤਾਲ ਕਰਨ ਉਪਰੰਤ ਹੀ ਰਜਿਸਟਰੀ ਕਰਵਾਈ ਜਾਂਦੀ ਹੈ, ਜਿਸ ਨਾਲ ਲੋਕਾਂ ਨੂੰ ਇਧਰ ਓਧਰ ਭਟਕਣਾ ਨਹੀਂ ਪੈਂਦਾ ਹੈ।

ਇਸ ਮੌਕੇ ਗੱਲ ਕਰਦਿਆਂ ਤਹਿਸੀਲਦਾਰ ਰਜਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਈਜ਼ੀ ਰਜਿਸ਼ਟਰੇਸ਼ਨ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਜਿਸ ਵੀ ਵਿਅਕਤੀ ਨੇ ਰਜਿਸਟਰੀ ਲਿਖਵਾਉਣੀ ਹੁੰਦੀ ਹੈ, ਉਹ ਸਰਕਾਰ ਵਲੋਂ ਰੱਖੇ ਵਕੀਲ ਰਾਹੀਂ ਕਾਗਜ਼ ਲਿਖਵਾਉਂਦੇ ਹਨ ਅਤੇ ਸਾਰੇ ਕਾਗਜ਼ ਕੰਪਲੀਟ ਕਰਨ ਉਪਰੰਤ ਸਰਕਾਰੀ ਫੀਸ ਭਰਨ ਨਾਲ ਰਜਿਸਟਰੀ ਪੇਸ਼ ਕੀਤੀ ਜਾਂਦੀ ਹੈ ਅਤੇ ਇੱਕ ਘੰਟੇ ਦੇ ਅੰਦਰ ਰਜਿਸਟਰੀ ਪ੍ਰਕਿਰਿਆ ਮੁਕੰਮਲ ਕਰ ਦਿੱਤੀ ਜਾਂਦੀ ਹੈ। ਉਨਾਂ ਦੱਸਿਆ ਕਿ 'ਈਜ਼ੀ ਰਜਿਸਟਰੀ' ਤਹਿਤ 10 ਰਜਿਸਟਰੀਆਂ ਕੀਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਸੁਚਾਰੂ, ਨਿਰਵਿਘਨ ਰਜਿਸਟ ?ਰੇਸ਼ਨ ਪ੍ਰਕਿਰਿਆ ਦਾ ਉਦੇਸ਼ ਲੋਕਾਂ ਨੂੰ ਬੇਲੋੜੀਆਂ ਪ੍ਰੇਸ਼ਾਨੀਆਂ ਤੋਂ ਮੁਕਤ ਕਰਨਾ ਹੈ।

ਇਸ ਨਾਲ ਲੁਕਵੇਂ ਖ਼ਰਚੇ ਖ਼ਤਮ ਹੋਏ ਹਨ ਅਤੇ ਵਿਚੋਲਿਆਂ 'ਤੇ ਨਿਰਭਰਤਾ ਘਟਦੀ ਹੈ। ਉਨਾਂ ਅੱਗੇ ਕਿਹਾ ਕਿ ਸਰਕਾਰ ਵਲੋਂ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਜੇਕਰ ਕੋਈ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਉਸਦੀ ਜਾਣਕਾਰੀ ਜਰੂਰ ਦਿੱਤੀ ਜਾਵੇ।

# ਪੁਲਿਸ ਨੇ ਭੁੱਚੋ ਤੇ ਫੂਲ ਦੇ ਸ਼ੱਕੀ ਇਲਾਕਿਆਂ 'ਚ ਚਲਾਇਆ ਸਰਚ ਅਭਿਆਨ



**ਬਠਿੰਡਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਦੇ ਤਹਿਤ ਪੁਲਿਸ ਵਲੋਂ ਭੁੱਚੋ ਅਤੇ ਫੂਲ ਦੇ ਸ਼ੱਕੀ ਇਲਾਕਿਆਂ ਵਿੱਚ ਨਸ਼ੇ ਵਿਰੁੱਧ ਇੱਕ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ। ਇਸ ਦੌਰਾਨ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਮਕਸਦ ਨਸ਼ੇ ਨਾਲ ਸਬੰਧਤ ਗਤੀਵਿਧੀਆਂ ਨੂੰ ਜੜ੍ਹ ਤੋਂ ਖਤਮ ਕਰਨਾ ਅਤੇ ਮਾੜੇ ਅਨਸਰਾਂ ਉੱਤੇ ਨਕੇਲ ਕੱਸਣਾ ਹੈ।

ਇਸ ਮੌਕੇ ਐਸਐਸਪੀ ਨੇ ਕਿਹਾ ਕਿ ਬਠਿੰਡਾ ਪੁਲਿਸ ਨਸ਼ਾ ਮੁਕਤ ਸਮਾਜ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਨਿਰੰਤਰ ਯਤਨ ਕਰ ਰਹੀ ਹੈ।

# ਕੈਬਨਿਟ ਮੰਤਰੀ ਲਾਲਜੀਤ ਭੁੱਲਰ ਨੇ ਪਿੰਡ ਬੁਰਜ ਵਿਖੇ 2 ਕਰੋੜ 25 ਲੱਖ ਨਾਲ ਬਣ ਰਹੇ ਖੇਡ ਗਰਾਂਊਡ ਦਾ ਕੀਤਾ ਦੌਰਾ

**ਪੱਟੀ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਖੇਡ ਗਰਾਊਂਡਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਇਸ ਲੜੀ ਤਹਿਤ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਹਲਕਾ ਪੱਟੀ ਦੇ ਪਿੰਡ ਬੁਰਜ਼ ਰਾਏ ਕੇ ਵਿਖੇ ਸਰਹਾਲੀ ਰੋਡ ਉੱਤੇ 2 ਕਰੋੜ 25 ਲੱਖ ਦੀ ਲਾਗਤ ਨਾਲ 9 ਏਕੜ ਜ਼ਮੀਨ ਵਿੱਚ ਬਣਾਏ ਜਾ ਰਹੇ ਨਵੇਂ ਖੇਡ ਗਰਾਊਂਡ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੱਤਰਕਾਰਾ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਹਲਕਾ ਪੱਟੀ ਦੇ ਪਿੰਡ ਬੁਰਜ਼ ਰਾਏ ਕੇ ਸਰਹਾਲੀ ਰੋਡ ਉੱਤੇ ਬਣ ਰਹੇ 9 ਏਕੜ ਜ਼ਮੀਨ ਵਿੱਚ ਨਵੇਂ ਖੇਡ ਗਰਾਊਂਡ ਦਾ ਦੌਰਾ ਕਰਕੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਹ ਗਰਾਊਂਡ 2 ਕਰੋੜ 25 ਲੱਖ ਦੀ ਲਾਗਤ ਨਾਲ ਬਣਕੇ ਤਿਆਰ ਹੋਵੇਗਾ, ਜਿਸ ਵਿੱਚ ਬੱਚਿਆ ਦੇ ਦੌੜਨ ਲਈ 400 ਮੀਟਰ ਦਾ ਟਰੈਕ, ਗਰਾਊਂਡ ਵਿੱਚ ਓਪਨ ਜਿੰਮ, ਸਵਿਮਿੰਗ ਪੂਲ, ਐਥਲੈਟਿਕ ਟਰੈਕ, ਫੁੱਟਬਾਲ ਗਰਾਊਂਡ, ਜੈਵਲਿਨ ਅਤੇ ਡਿਸਕਸ ਥਰੋਅ, ਬਾਸਕਟਬਾਲ ਗਰਾਊਂਡ, ਇੰਨਡੋਰ ਜਿੰਮ, ਵਾਲੀਬਾਲ ਗਰਾਊਂਡ, ਹੈਂਡਬਾਲ ਗਰਾਊਂਡ, ਬੈਡਮਿੰਟਨ ਗਰਾਊਂਡ, ਕਬੱਡੀ ਗਰਾਊਂਡ ਤੇ ਕ੍ਰਿਕਟ ਗਰਾਊਂਡ ਸਮੇਤ ਵੱਖ-ਵੱਖ ਖੇਡਾਂ ਲਈ ਅਤਿ-ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਜਾਵੇਗਾ।



ਇਸ ਮੌਕੇ ਉਹਨਾਂ ਕਿਹਾ ਕਿ ਹਲਕੇ ਨਿਵਾਸੀਆ ਨੂੰ ਬਹੁਤ ਜਲਦ ਬਹੁਤ ਵੱਡੀ ਸੌਗਾਤ ਮਿਲੇਗੀ।

ਉਹਨਾ ਕਿਹਾ ਕਿ ਇਸ ਨਾਲ ਸਾਡੇ ਬੱਚਿਆਂ ਨੂੰ ਖੇਡਣ ਲਈ ਅਤੇ ਬੁਜ਼ਰਗਾਂ ਨੂੰ ਸੈਰ ਕਰਨ ਲਈ ਵਧੀਆਂ ਖੁੱਲੀ ਹਵਾ ਅਤੇ ਆਕਸੀਜਨ ਭਰਪੂਰ ਇਹ ਗਰਾਊਂਡ ਮਿਲੇਗਾ, ਜਿਸ ਨਾਲ ਹੋਰ ਨਾਲ ਲਗਦੇ 10 ਤੋਂ 15 ਪਿੰਡਾਂ ਨੂੰ ਅਤੇ ਪੱਟੀ ਸ਼ਹਿਰ ਨੂੰ ਵੀ ਫ਼ਾਇਦਾ ਹੋਵੇਗਾ । ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਨੌਜਵਾਨਾਂ ਨੂੰ ਖੇਡ ਗਰਾਊਂਡਾਂ ਨਾਲ ਜੁੜਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਪੀ. ਏ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋ, ਸ਼ੋਸ਼ਲ ਮੀਡੀਆ ਇੰਚਾਰਜ ਮੋਹਿਤ ਅਰੋੜਾ, ਏਡੀਸੀ ਸੰਜੀਵ ਕੁਮਾਰ, ਡੀ ਡੀ ਪੀ ਓ ਗੁਰਜੀਤ ਸਿੰਘ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਤਲਵਿੰਦਰ ਸਿੰਘ ਸੈਦੋ, ਸਰਪੰਚ ਗੁਰਪ੍ਰੀਤ ਸਿੰਘ, ਸਰਪੰਚ ਗੁਰਪ੍ਰਤਾਪ ਸਿੰਘ ਬੁਰਜ, ਸਰਪੰਚ ਗੁਰਵਿੰਦਰ ਸਿੰਘ ਸਮੇਤ ਵੱਖ ਵੱਖ ਪਿੰਡ ਦੇ ਮੋਹਤਬਰ ਆਗੂ ਅਤੇ ਪ੍ਰਸ਼ਾਸਨ ਅਧਿਕਾਰੀ ਮੌਜੂਦ ਸਨ।

# ਸਤਲੁਜ ਈਕੋ ਕਲੱਬ ਨੇ ਵਿਦਿਆਰਥੀਆਂ ਨੂੰ ਬੂਟੇ ਵੰਡੇ

**ਸ਼ਾਹਬਾਦ ਮਾਰਕੰਡਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਲੁਜ ਈਕੋ ਕਲੱਬ ਵੱਲੋਂ ਸਤਲੁਜ ਸੀਨੀਅਰ ਸੈਕੰਡਰੀ ਸਕੂਲ ਵਿਚ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਤਹਿਤ ਪੌਦੇ ਲਗਾਏ ਗਏ। ਇਸ ਦੌਰਾਨ ਸਕੂਲ ਦੇ ਲਗਪਗ 150 ਬੱਚਿਆਂ ਨੂੰ ਵੱਖ-ਵੱਖ ਕਿਸਮਾਂ ਦੇ ਪੌਦੇ ਵੰਡੇ ਗਏ ਤੇ ਸਕੂਲ ਮੈਦਾਨ ਵਿੱਚ 20 ਪੌਦੇ ਲਗਾਏ ਗਏ। ਸਕੂਲ ਦੇ ਪ੍ਰਿੰਸੀਪਲ ਡਾ. ਆਰਐੱਸ ਘੁੰਮਣ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਧਰਤੀ ਨੂੰ ਹਰਾ ਭਰਾ ਬਣਾਉਣ ਲਈ ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰੁੱਖ ਸਾਡੇ ਜੀਵਨ ਦਾ ਆਧਾਰ ਹਨ ਜਿਨ੍ਹਾਂ ਤੋਂ ਬਿਨਾਂ ਧਰਤੀ 'ਤੇ ਜੀਵਨ ਸੰਭਵ ਨਹੀਂ ਹੈ। ਡਾ. ਘੁੰਮਣ ਨੇ ਕਿਹਾ ਕਿ ਅੱਜ ਦੇ ਯੁੱਗ ਵਿਚ ਰੁੱਖਾਂ ਦੀ ਮਹੱਤਤਾ ਦੀ ਅਣਦੇਖੀ ਕੀਤੀ ਜਾ ਰਹੀ ਹੈ ਤੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਅੱਜ ਮਨੁੱਖ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਡੀ.ਬੀ.ਈ.ਈ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ ਉਮੀਦਵਾਰ : ਰਮਨਦੀਪ ਕੌਰ

**ਹੁਸ਼ਿਆਰਪੁਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵੱਲੋਂ ਬੇਰੋਜ਼ਗਾਰ ਪ੍ਰਾਰਥੀਆਂ ਦੇ ਰੋਜ਼ਗਾਰ ਸਬੰਧੀ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ। ਬਿਊਰੋ ਵਿਖੇ ਮੁਫ਼ਤ ਇੰਟਰਨੈੱਟ ਦੀ ਸਹੂਲਤ ਦਿੱਤੀ ਜਾ ਰਹੀ ਹੈ। ਜਿਨ੍ਹਾਂ ਪ੍ਰਾਰਥੀਆਂ ਵੱਲੋਂ ਕੋਈ ਦਾਖਲੇ ਸਬੰਧੀ ਜਾਂ ਨੌਕਰੀ ਸਬੰਧੀ ਅਪਲਾਈ ਕਰਨਾ ਹੁੰਦਾ ਹੈ, ਤਾਂ ਉਹ ਪ੍ਰਾਰਥੀ ਮੁਫ਼ਤ ਇੰਟਰਨੈੱਟ ਦੀ ਸਹੂਲਤ ਰਾਹੀਂ ਅਪਲਾਈ ਕਰ ਸਕਦੇ ਹਨ ਇਸ ਤੋਂ ਇਲਾਵਾ ਜਿਹੜੇ ਪ੍ਰਾਰਥੀ ਭਵਿੱਖ ਦੇ ਕਰੀਅਰ ਸਬੰਧੀ ਜਾਣਕਾਰੀ ਲੈਣੀ ਚਾਹੁੰਦੇ ਹਨ, ਉਨ੍ਹਾਂ ਨੂੰ ਮੁਫ਼ਤ ਕਰੀਅਰ ਕਾਊਂਸਲਿੰਗ ਕੀਤੀ ਜਾਂਦੀ ਹੈ। ਜੋ ਪ੍ਰਾਰਥੀ ਨੌਕਰੀਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਦਫ਼ਤਰ ਦੇ ਪਲੇਸਮੈਂਟ ਸੈੱਲ ਦੁਆਰਾ ਨੌਕਰੀਆਂ ਦੇਣ ਦੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਜੋ ਪ੍ਰਾਰਥੀ ਸਵੈ-ਰੋਜ਼ਗਾਰ ਸਕੀਮਾਂ ਤਹਿਤ ਲੋਨ ਲੈ ਕੇ ਆਪਣਾ ਕਾਰੋਬਾਰ ਸ਼ੁਰੂ ਕਰਨਾ ਚਾਹੰਦੇ ਹਨ। ਉਨ੍ਹਾਂ ਨੂੰ ਸਵੈ-ਰੋਜ਼ਗਾਰ ਸਕੀਮਾਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਇਸ ਦਫ਼ਤਰ ਵਿਖੇ ਲੋਨ ਦੇਣ ਵਾਲੇ ਵਿਭਾਗ ਵੱਖੋ-ਵੱਖ ਦਿਨਾਂ ਵਿਚ ਰੋਸਟਰ ਅਨੁਸਾਰ ਬੈਠਦੇ ਹਨ ਅਤੇ ਉਨ੍ਹਾਂ ਵੱਲੋਂ ਬਿਊਰੋ ਵਿਖੇ ਵਿਜ਼ਟ ਕਰਨ ਵਾਲੇ ਪ੍ਰਾਰਥੀਆਂ ਨੂੰ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੇ ਸਟਾਫ ਵੱਲੋਂ ਸਰਕਾਰ ਵੱਲੋਂ ਕਰਵਾਏ ਜਾਂਦੇ ਮੁਫ਼ਤ ਸਕਿੱਲ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਰੋਜ਼ਗਾਰ ਬਿਊਰੋ ਦੀ ਰੋਜ਼ਗਾਰ ਮੋਬਾਇਲ ਐਪ ਡੀ.ਬੀ.ਈ.ਈ ਹੁਸ਼ਿਆਰਪੁਰ ਨੂੰ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਪ੍ਰਾਰਥੀ ਇਸ ਐਪ ਰਾਹੀਂ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈ ਸਕਦੇ ਹਨ। ਜਿਲ੍ਹਾ ਰੋਜ਼ਗਾਰ ਅਫਸਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਮ.ਐਸ.ਡੀ.ਸੀ. ਬਿਲਡਿੰਗ, ਪਹਿਲੀ ਮੰਜ਼ਿਲ, ਸਰਕਾਰੀ ਆਈ.ਟੀ.ਆਈ. ਕੰਪਲੈਕਸ, ਜਲੰਧਰ ਰੋਡ, ਹੁਸ਼ਿਆਰਪੁਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਵਿਜ਼ਟ ਕਰਕੇ ਇਨ੍ਹਾਂ ਸਾਰੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

# ਐਕਸ਼ਨ ਫ਼ਿਲਮਾਂ ਦੀ ਗੱਲ ਕਰਦਿਆਂ......

**-ਸੁਰਜੀਤ ਜੱਸਲ**

ਸਿਨੇਮਾ ਮਨੁੱਖੀ ਭਾਵਨਾਵਾਂ, ਰੋਜ਼ਮੱਰਾ ਜ਼ਿੰਦਗੀ ਦੀ ਪੇਸ਼ਕਾਰੀ ਦਾ ਇੱਕ ਅਨੋਖਾ ਸਾਧਨ ਹੈ। ਕਿਸੇ ਘਟਨਾ ਜਾਂ ਕਹਾਣੀ ਨੂੰ ਪਾਤਰਾਂ ਜ਼ਰੀਏ ਪਰਦੇ ਉਪਰ ਪੇਸ਼ ਕਰਨ ਦੀ ਕਲਾ ਹੀ ਇੱਕ ਅਸਲ ਸਿਨੇਮਾ ਹੈ। ਜੋ ਸਾਡੇ ਸਮਾਜ ਦੇ ਹਰ ਚੰਗੇ ਮਾੜੇ ਪੱਖ ਨੂੰ ਆਮ ਲੋਕਾਂ ਨਾਲ ਸਾਂਝਾ ਕਰਦਾ ਹੈ। ਦੋ ਢਾਈ ਘੰਟਿਆਂ ਦੀ ਇਸ ਪੇਸ਼ਕਾਰੀ ਵਿਚ ਜਿੱਥੇ ਗੀਤ ਸੰਗੀਤ, ਕਾਮੇਡੀ, ਸਮਾਜਕ ਜਾਗਰੂਕਤਾ, ਵਿਅਕਤੀਗਤ ਪ੍ਰਭਾਵਾਂ ਦੀ ਚੇਤਨਾ ਦਾ ਪ੍ਰਗਟਾਵਾ ਹੁੰਦਾ ਹੈ, ਉੱਥੇ ਕਹਾਣੀ ਦੀ ਲੋੜ ਮੁਤਾਬਿਕ ਗ਼ੁੱਸੇ ਅਤੇ ਬਦਲੇ ਦੀ ਭਾਵਨਾ ਨੂੰ ਪੇਸ਼ ਕਰਨ ਲਈ ਮਾਰ ਧਾੜ ਹੋਣੀ ਵੀ ਜ਼ਰੂਰੀ ਹੈ। ਜਿਸ ਨੂੰ ਫ਼ਿਲਮੀ ਭਾਸ਼ਾ ਵਿਚ ਐਕਸ਼ਨ ਕਹਿੰਦੇ ਹਨ। ਫ਼ਿਲਮ ਚਾਹੇ ਕਿਸੇ ਭਾਸ਼ਾ, ਧਰਮ ਜਾਂ ਵਿਸ਼ੇ ਦੀ ਹੋਵੇ ਐਕਸ਼ਨ ਜ਼ਰੂਰ ਹੁੰਦਾ ਹੈ। ਰੁਮਾਂਟਿਕ ਲਹਿਜ਼ੇ ਵਾਲੀਆਂ ਫ਼ਿਲਮਾਂ ਵਿਚ ਐਕਸ਼ਨ ਨਾ ਮਾਤਰ ਹੀ ਹੁੰਦਾ ਹੈ। ਕਿਉਂਕਿ ਲੇਖਕ ਤੇ ਨਿਰਦੇਸ਼ਕ ਦੀ ਸੋਚ ਫ਼ਿਲਮ ਦੀ ਕਹਾਣੀ ਨੂੰ ਰੁਮਾਂਟਿਕ ਡਾਇਲਾਗ, ਗੀਤਾਂ ਅਤੇ ਦ੍ਰਿਸ਼ਾਂ ਤੱਕ ਹੀ ਸੀਮਿਤ ਰੱਖਣਾ ਹੁੰਦਾ ਹੈ, ਜਦਕਿ ਐਕਸ਼ਨ ਫ਼ਿਲਮ ਦੀ ਕਹਾਣੀ ਵਿਚ ਬਦਲੇ ਦੀ ਭਾਵਨਾ ਅਤੇ ਮਾਰ-ਧਾੜ ਨੂੰ ਜਾਰੀ ਰੱਖਣਾ ਹੁੰਦਾ ਹੈ। ਬਾਲੀਵੁੱਡ ਵਿਚ ਵੀ ਐਕਸ਼ਨ ਸਿਨੇਮੇ ਦਾ ਆਪਣਾ ਵੱਡਾ ਦਰਸ਼ਕ ਵਰਗ ਹੈ।

ਪੰਜਾਬੀ ਸਿਨੇਮਾ ਦੀ ਗੱਲ ਕਰੀਏ ਤਾਂ ਵੰਡ ਤੋਂ ਬਾਅਦ ਭਾਖੜੀ ਭਰਾਵਾਂ ਦੀ ਸੋਚ ਰੁਮਾਂਟਿਕ ਸਿਨੇਮੇ ਤੱਕ ਹੀ ਸੀਮਤ ਰਹੀ। ਉਸ ਦੌਰ ਵਿਚ ਹੀਰੋ ਹੀਰੋਇਨ ਦੇ ਪਿਆਰ ਵਿਚ ਅੜਿੱਕਾ ਬਣਨ ਵਾਲਾ ਪਿੰਡ ਦਾ ਹੀ ਕੋਈ ਲਫ਼ੰਗਾ ਕਿਸਮ ਦਾ ਬਦਮਾਸ਼ ਜਾਂ ਪਿੰਡ ਦੇ ਚੌਧਰੀ ਦਾ ਮੁੰਡਾ ਹੁੰਦਾ ਸੀ। ਜਿਸ ਨੂੰ ਫ਼ਿਲਮ ਦਾ ਹੀਰੋ ਮਾਰਕੁੱਟ ਕਰਦਾ ਸੀ, ਅਜਿਹੇ ਦ੍ਰਿਸ਼ਾਂ ਨੂੰ ਪੇਂਡੂ ਤਰੀਕੇ ਦੇ ਐਕਸ਼ਨ ਨਾਲ ਫ਼ਿਲਮਾਇਆ ਜਾਂਦਾ ਸੀ। ਵਰਿੰਦਰ ਦੀਆਂ ਫ਼ਿਲਮਾਂ ਵਿਚ ਮਾਰ-ਧਾੜ ਦੇ ਤੌਰ ਤਰੀਕੇ ਬਦਲਣ ਲੱਗੇ ਪਿੰਡ ਦੇ ਵੈਲੀ ਪੁਣੇ ਨੂੰ ਹੀਰੋ ਦੇ ਬਰਾਬਰ ਦੀ ਧਿਰ ਵਜੋਂ ਪੇਸ਼ ਕੀਤਾ ਜਾਣ ਲੱਗਿਆ। ਫ਼ਿਲਮ ਦਾ ਵਿਸ਼ਾ ਪਿਆਰ ਦੇ ਨਾਲ ਨਾਲ ਜੱਟ ਤੇ ਜ਼ਮੀਨਾਂ ਦੀ ਗੱਲ ਕਰਨ ਲੱਗਿਆ। ਪਿੰਡ ਦੇ ਵੈਲੀ ਦਾ ਗ਼ਰੀਬ ਕਿਸਾਨ ਦੀ ਜ਼ਮੀਨ ਹੜੱਪਣਾ, ਉਸ ਦੀ ਇੱਜ਼ਤ ਨੂੰ ਹੱਥ ਪਾਉਣਾ ਤੇ ਅਜਿਹੇ ਮੌਕੇ ਫ਼ਿਲਮ ਦੇ ਹੀਰੋ ਦਾ ਉਸ ਦੀ ਰਾਖੀ ਕਰਨ ਲਈ ਅੱਗੇ ਆਉਣਾ, ਪਿੰਡ ਦੇ ਲੋਕਾਂ ਵਿਚ ਚੰਗੀ ਸੋਚ ਵਾਲਾ ਸਮਾਜਕ ਸੁਧਾਰਕ ਬਣੇ ਚੇਤਨਾ ਪੈਦਾ ਕਰਨ ਵਾਲਾ ਅਸਲੀ ਹੀਰੋ ਸਾਬਤ ਹੁੰਦਾ।

ਅਜਿਹੀਆਂ ਫ਼ਿਲਮਾਂ ਦਾ ਐਕਸ਼ਨ, ਟਕੂਏ, ਡਾਂਗਾਂ-ਸੋਟੇ ਅਤੇ ਰਫ਼ਲਾਂ ਤੱਕ ਸੀਮਤ ਰਿਹਾ। ਵਰਿੰਦਰ ਦਾ ਫ਼ਿਲਮਾਂ ਵਿਚ ਐਕਸ਼ਨ ਅਤੇ ਰੁਮਾਂਸ ਬਰਾਬਰ ਵੰਡਿਆ ਹੁੰਦਾ ਸੀ। ਫ਼ਿਲਮ ਦੀ ਕਹਾਣੀ ਨਾਇਕ ਅਤੇ ਖਲਨਾਇਕ ਵਿਚ ਹੁੰਦੀ ਸੀ। ਜਿੱਥੇ ਸ਼ੁਰੂ ਵਿਚ ਪਿਆਰ ਮੁਹੱਬਤ ਵਾਲਾ ਮਨੋਰੰਜਨ ਹੁੰਦਾ ਸੀ ਅਤੇ ਅੱਧ ਤੋਂ ਬਾਅਦ ਨਾਇਕ ਅਤੇ ਖਲਨਾਇਕ ਦੀ ਟੱਕਰ ਹੁੰਦੀ ਸੀ। ਵਰਿੰਦਰ ਦੀਆਂ ਫ਼ਿਲਮਾਂ ਨੇ ਪੰਜਾਬ ਦੇ ਪਿੰਡਾਂ ਦਾ ਉਸ ਸਮੇਂ ਦਾ ਦੌਰ ਸਾਹਮਣੇ ਲਿਆਂਦਾ ਜਦੋਂ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈਂ ਪਿੰਡ ਦੇ ਜਗੀਰਦਾਰਾਂ ਨਾਲ ਲੜਦੇ ਸਨ। ਵਰਿੰਦਰ ਦੀ ਮੌਤ ਤੋਂ ਬਾਅਦ ਕੁੱਝ ਸਮੇਂ ਲਈ ਪੰਜਾਬ ਦਾ ਸਿਨੇਮਾ ਚੁੱਪ ਹੋ ਗਿਆ। ਕਿਉਂਕਿ ਚਾਰੇ ਪਾਸੇ ਦਹਿਸ਼ਤ ਦਾ ਮਾਹੌਲ ਸੀ।




ਫਿਰ ਕੁਝ ਸਮੇਂ ਬਾਅਦ ਪਾਕਿਸਤਾਨੀ ਫ਼ਿਲਮਾਂ ਦੀ ਤਰਜ਼ 'ਤੇ ਪੰਜਾਬੀ ਸਿਨੇਮਾ ਦਾ ਸੂਰਜ ਮੁੜ ਉਦੇ ਹੋਇਆ। ਜਿਸ ਵਿਚ ਗੱਗੂ ਗਿੱਲ ਤੇ ਯੋਗਰਾਜ ਵਰਗੇ ਐਕਸ਼ਨ ਹੀਰੋ ਦਰਸ਼ਕਾਂ ਦੀ ਪਸੰਦ ਬਣੇ। ਭਾਵੇਂ ਕਿ ਇਨ੍ਹਾਂ ਕਲਾਕਾਰਾਂ ਨੂੰ ਵਰਿੰਦਰ ਆਪਣੀਆਂ ਫ਼ਿਲਮਾਂ ਵਿਚ ਪੇਸ਼ ਕਰ ਚੁੱਕਾ ਸੀ ਪ੍ਰੰਤੂ ਪਾਕਿਸਤਾਨੀ ਦੌਰ ਦੇ ਸਿਨੇਮੇ ਨਾਲ ਜੁੜੇ ਕਿਰਦਾਰਾਂ ਨੇ ਗੱਗੂ ਗਿੱਲ ਤੇ ਯੋਗਰਾਜ ਨੂੰ ਇੱਕ ਵੱਖਰੀ ਪਹਿਚਾਣ ਦਿੱਤੀ। ਫ਼ਿਲਮ ਦੀ ਕਹਾਣੀ ਇਨ੍ਹਾਂ ਦੋਵਾਂ ਕਲਾਕਾਰਾਂ ਨੂੰ ਮੁੱਖ ਰੱਖ ਕੇ ਪੇਸ਼ ਕੀਤੀ ਜਾਣ ਲੱਗੀ। ਜਿਸ ਵਿਚ ਨਾਇਕ ਅਤੇ ਖਲਨਾਇਕ ਨੂੰ ਐਕਸ਼ਨ ਭਰਪੂਰ ਵਿਖਾਇਆ ਜਾਣ ਲੱਗਿਆ। ਅਜਿਹੀਆਂ ਫ਼ਿਲਮਾਂ ਵਿਚ ਰੁਮਾਂਸ ਅਤੇ ਗੀਤ ਸੰਗੀਤ ਨਾਂ-ਮਾਤਰ ਹੁੰਦਾ ਸੀ ਪਰ ਇਨ੍ਹਾਂ ਫ਼ਿਲਮਾਂ ਦੇ ਡਾਇਲਾਗ ਦਰਸ਼ਕਾਂ ਦੀ ਜ਼ੁਬਾਨ 'ਤੇ ਚੜ੍ਹਨ ਲੱਗੇ ਤੇ ਮਾਰ-ਧਾੜ ਵਾਲੇ ਦ੍ਰਿਸ਼ਾਂ 'ਤੇ ਕਚੀਚੀਆਂ ਵੱਟ -ਵੱਟ ਕੇ ਸਵਾਦ ਲੈਣ ਲੱਗੇ।

ਜ਼ਿਕਰਯੋਗ ਹੈ ਕਿ ਉਸ ਸਮੇਂ ਦਰਸ਼ਕਾਂ ਨੇ ਗੱਗੂ ਗਿੱਲ (ਨਾਇਕ) ਤੇ ਯੋਗਰਾਜ ਨੂੰ (ਖਲਨਾਇਕ) ਦਾ ਦਰਜਾ ਦਿੱਤਾ। 90 ਦੇ ਦਹਾਕਿਆਂ ਦੀਆਂ ਇਨ੍ਹਾਂ ਫ਼ਿਲਮਾਂ ਦਾ ਚੰਗਾ ਬੋਲਬਾਲਾ ਰਿਹਾ। ਵਰਿੰਦਰ ਨੇ ਪੰਜਾਬ ਦਾ ਸਿਨਮਾ ਚੰਗੇ ਪੱਧਰ 'ਤੇ ਲਿਆਂਦਾ ਸੀ ਪਰ ਪੰਜਾਬੀ ਫ਼ਿਲਮਾਂ ਵਿੱਚ ਜੱਟਵਾਦ ਭਾਰੂ ਹੋਣ ਨਾਲ ਪੰਜਾਬੀ ਸਿਨਮੇ ਦਾ ਨੁਕਸਾਨ ਹੋਇਆ ਕਿਉਂਕਿ ਐਕਸ਼ਨ ਨੂੰ ਜੱਟ ਤੇ ਜ਼ਮੀਨ ਨਾਲ ਜੋੜ ਕੇ ਸਿਨੇਮਿਆਂ 'ਚ ਪੇਸ਼ ਕੀਤਾ ਜਾਂਦਾ ਰਿਹਾ। ਜਦ ਜੱਟ ਟਾਇਟਲ ਵਾਲੀਆਂ ਕੁਝ ਕੁ ਫ਼ਿਲਮਾਂ ਚੰਗੀਆਂ ਚੱਲੀਆਂ ਤਾਂ ਨਿਰਮਾਤਾਵਾਂ ਨੇ 'ਗੰਡਾਸਾ ਜੱਟ ਦਾ, ਲਲਕਾਰਾ ਜੱਟ ਦਾ, ਪਜਾਮਾ ਜੱਟ ਦਾ, ਕੰਘਾ ਜੱਟ ਦਾ ਵਗ਼ੈਰਾ ਵਗ਼ੈਰਾ ਫ਼ਿਲਮਾਂ ਨਾਲ ਜਟਕਾ-ਸੌਦਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਫ਼ਿਲਮਾਂ ਵਿੱਚ ਬੇਲੋੜਾ ਐਕਸ਼ਨ ਭਾਰੂ ਹੋਣ ਲੱਗਾ । ਇਸ ਤਰ੍ਹਾਂ ਪੰਜਾਬੀ ਫ਼ਿਲਮਾਂ ਦੀ ਰਫ਼ਤਾਰ ਮੱਠੀ ਪੈਣ ਲੱਗੀ ਕਿਉਂਕਿ ਦਰਸ਼ਕ ਇੱਕੋ ਜਿਹੀਆਂ ਫ਼ਿਲਮਾਂ ਵੇਖ ਵੇਖ ਅੱਕ ਗਏ ਸੀ।

ਫਿਰ ਕੁੱਝ ਸਮੇਂ ਬਾਅਦ ਮਨਮੋਹਨ ਸਿੰਘ ਅਤੇ ਹਰਭਜਨ ਮਾਨ ਨੇ ਪੰਜਾਬੀ ਸਿਨੇਮਾ ਦੇ ਇਕ ਨਵੇਂ ਦੌਰ ਨੂੰ 'ਜੀ ਆਇਆਂ ਨੂੰ'ਕਿਹਾ, ਪਰਵਾਸੀ ਜੀਵਨ ਸ਼ੈਲੀ ਦੀਆਂ ਪੀੜ੍ਹਾਂ ਲੈ ਕੇ ਆਏ ਇਹ ਸਿਨੇਮੇ ਵਿਚ ਐਕਸ਼ਨ ਨਾਲੋਂ ਰਿਸ਼ਤਿਆਂ ਦੀ ਫਿੱਕੀ ਪਈ ਮਹਿਕ ਅਤੇ ਮਿੱਟੀ ਦਾ ਮੋਹ ਭਾਰੂ ਰਿਹਾ। ਉਸ ਵੇਲੇ ਦੇ ਦਰਸ਼ਕਾਂ ਨੇ ਪੰਜਾਬੀ ਸਿਨੇਮੇ ਦੇ ਇਸ ਦੌਰ ਨੂੰ ਰਜਵਾਂ ਪਿਆਰ ਦਿੱਤਾ ਪਰ ਇੱਕੋ ਵਿਸ਼ੇ ਦੀਆਂ ਫ਼ਿਲਮਾਂ ਵੇਖ ਵੇਖ ਦਰਸ਼ਕਾਂ ਦਾ ਸੁਆਦ ਫਿੱਕਾ ਹੋਣ ਲੱਗਿਆ।

ਫਿਰ ਪੰਜਾਬੀ ਸਿਨਮੇ ਦੇ ਨਵੇਂ ਹੀਰੋ ਨਵੇਂ ਦੌਰ ਦੇ ਐਕਸ਼ਨ ਨਾਲ ਹਾਜ਼ਰ ਹੋਏ,ਜਿਸ ਨਾਲ ਪੰਜਾਬੀ ਨੌਜਵਾਨਾਂ ਦੀ ਸੋਚ ਤੇ ਜੋਸ਼ ਨਜ਼ਰ ਆਇਆ। ਗਾਇਕ ਤੋਂ ਨਾਇਕ ਬਣੇ ਬੱਬੂ ਮਾਨ ਨੇ ਫ਼ਿਲਮ 'ਹਸ਼ਰ' ਰਾਹੀਂ ਨੌਜਵਾਨ ਵਰਗ ਦੀ ਗੱਲ ਕਰਦਿਆਂ ਐਕਸ਼ਨ ਸਿਨੇਮੇ ਦੀ ਨਵੀਂ ਪਰਿਭਾਸ਼ਾ ਕਾਇਮ ਕੀਤੀ। ਕਾਲਜ ਜਥੇਬੰਦੀਆਂ ਦੀਆਂ ਕਹਾਣੀ ਪੇਸ਼ ਕਰਦੀ ਇਸ ਫ਼ਿਲਮ ਨੂੰ ਨੌਜਵਾਨ ਦਰਸ਼ਕ ਨੇ ਰਜਵਾਂ ਪਿਆਰ ਦਿੱਤਾ।

ਮੌਜੂਦਾ ਸਿਨੇਮਾ ਦੀ ਗੱਲ ਕਰੀਏ ਤਾਂ ਕਾਮੇਡੀ ਅਤੇ ਵਿਆਹ ਕਲਚਰ ਦੀਆਂ ਫ਼ਿਲਮਾਂ ਦੀ ਭੀੜ ਵਿਚ ਐਕਸ਼ਨ ਫ਼ਿਲਮਾਂ ਵੀ ਆਪਣੀ ਹੋਂਦ ਬਚਾਉਣ ਲਈ ਸਰਗਰਮ ਰਹੀਆਂ। ੨੦੧੩ ਵਿੱਚ ਆਈ ਸਿਕੰਦਰ ਕਾਲਜ ਦੇ ਮਸਲਿਆਂ ਨੂੰ ਲੈ ਕੇ ਹੁੰਦੀਆਂ ਲੜਾਈਆਂ 'ਤੇ ਕੇਂਦਰਿਤ ਸੀ ਜਿਸ ਨੂੰ ਨੌਜਵਾਨੀ ਦਰਸ਼ਕ ਨੇ ਖ਼ੂਬ ਪਸੰਦ ਕੀਤਾ। ਇਸ ਤੋਂ ਬਾਅਦ ਫ਼ਿਲਮ ਰੁਪਿੰਦਰ ਗਾਂਧੀ, ਡਾਕੂਆਂ ਦਾ ਮੁੰਡਾ, ਕਾਕਾ ਜੀ, ਬਲੈਕੀਆ, ਡੀ ਐੱਸ ਪੀ ਦੇਵ' ਆਦਿ ਫ਼ਿਲਮਾਂ ਨਾਲ ਦੇਵ ਖਰੜ ਐਕਸ਼ਨ ਹੀਰੋ ਬਣੇ ਉੱਭਰਿਆ। ਇਨ੍ਹਾਂ ਐਕਸ਼ਨ ਫ਼ਿਲਮਾਂ ਦੀ ਪਾਨ ਪੰਜਾਬੀ ਇੰਡਸਟਰੀ ਦੇ ਹੋਰ ਕਲਾਕਾਰਾਂ 'ਤੇ ਵੀ ਵੇਖਣ ਨੂੰ ਮਿਲੀ, ਜਿੰਨਾ 'ਚ ਗਿੱਪੀ ਗਰੇਵਾਲ ਤੇ ਦਿਲਜੀਤ ਵੀ ਹਨ। ਗਿੱਪੀ 'ਫ਼ਰਾਰ, ਇੱਕ ਸੰਧੂ ਹੁੰਦਾ ਸੀ, ਡਾਕਾ ਤੇ ਵਾਰਨਿੰਗ ਵਰਗੀਆਂ ਫ਼ਿਲਮਾਂ ਲੈ ਕੇ ਆਇਆ ਜਦਕਿ ਦਿਲਜੀਤ 'ਸੱਜਣ ਸਿੰਘ ਰੰਗਰੂਟ' ਵਰਗੀ ਫ਼ਿਲਮ ਨਾਲ ਚਰਚਾ ਵਿੱਚ ਰਿਹਾ। ਦੇਵ ਖਰੜ ਦੀਆਂ ਫ਼ਿਲਮਾਂ ਦੇ 'ਸ਼ਰੀਕ' ਬਣੇ ਜਿੰਮੀ ਸ਼ੇਰਗਿੱਲ, ਮੁਕਲ ਦੇਵ ਵਰਗੇ ਵੀ ਐਕਸ਼ਨ ਫ਼ਿਲਮਾਂ ਨਾਲ ਸਰਗਰਮ ਰਹੇ। ਸਵਰਗੀ ਦੀਪ ਸਿੱਧੂ ਦੇ ਸਿਨਮੇ ਦੀ ਗੱਲ ਕਰੀਏ ਤਾਂ ' ਜ਼ੋਰਾ ਦਸ ਨੰਬਰੀਆ' ਅਤੇ 'ਰੰਗ ਪੰਜਾਬ' ਵਰਗੀਆਂ ਫ਼ਿਲਮਾਂ ਨਾਲ ਐਕਸ਼ਨ ਦੀ ਨਵੀਂ ਮਿਸਾਲ ਕਾਇਮ ਕੀਤੀ। ਗੁੱਗੂ ਗਿੱਲ ਤੇ ਯੋਗਰਾਜ ਦੀ ਪੁਰਾਣੀ ਐਕਸ਼ਨ ਜੋੜੀ ਨੂੰ ਫ਼ਿਲਮ 'ਦੁੱਲਾ ਵੈਲੀ' ਨਾਲ ਮੁੜ ਪਰਦੇ 'ਤੇ ਲਿਆਂਦਾ ਗਿਆ। ਇਸੇ ਦੌਰਾਨ 'ਥਾਣਾ ਸਦਰ, ਸਿਕੰਦਰ ੨, ਜ਼ਖ਼ਮੀ,ਮਿੱਤਰਾਂ ਨੂੰ ਸ਼ੌਂਕ ਹਥਿਆਰਾਂ ਦਾ, ਸਿੰਗਮ, ਜੱਟ ਬੁਆਇਜ -ਪੁੱਤ ਜੱਟਾਂ ਦੇ, ਮਰਜਾਣੇ ਜੋਰਾਵਰ( ਹਨੀ ਸਿੰਘ) ਆਦਿ ਐਕਸ਼ਨ ਪ੍ਰਧਾਨ ਫ਼ਿਲਮਾਂ ਆਈਆਂ ਪਰ ਅਫ਼ਸੋਸ ਕਿ ਕੋਈ ਵੱਡੀ ਛਾਲ ਨਾ ਮਾਰ ਸਕੀਆਂ।

ਖ਼ਾਸ ਗੱਲ ਕਿ ਕਾਮੇਡੀ ਕਲਾਕਾਰ ਵਜੋਂ ਸ਼ੁਰੂਆਤ ਕਰਨ ਵਾਲਾ ਦੇਵ ਖਰੜ ਅੱਜ ਐਕਸ਼ਨ ਹੀਰੋ ਵਜੋਂ ਵੱਡੀ ਪਹਿਚਾਣ ਰੱਖਦਾ ਹੈ। ਉਸ ਦੀਆਂ ਫ਼ਿਲਮਾਂ ਦਾ ਇੱਕ ਆਪਣਾ ਦਰਸ਼ਕ ਵਰਗ ਹੈ। ਪੰਜਾਬੀ ਸਿਨਮੇ ਦੇ ਭਵਿੱਖ ਵੱਲ ਨਜ਼ਰ ਮਾਰੀਏ ਤਾਂ ਲੱਗਦਾ ਹੈ ਕਿ ਆਉਣ ਵਾਲਾ ਸਮਾਂ ਐਕਸ਼ਨ ਫ਼ਿਲਮਾਂ ਲਈ ਸੰਭਾਵਨਾਵਾਂ ਭਰਪੂਰ ਹੋਵੇਗਾ। ਪਿਛਲੇ ਸਾਲ ਆਈ ਪਾਕਿਸਤਾਨੀ ਫ਼ਿਲਮ 'ਲੀਜੈਂਡ ਆਫ਼ ਮੌਲਾ ਜੱਟ' ਨੇ ਜਿਹੜੇ ਰਿਕਾਰਡ ਕਾਇਮ ਕੀਤੇ ਹਨ ਉਸ ਨੂੰ ਵੇਖਦਿਆਂ ਹੁਣ ਪੰਜਾਬੀ ਫ਼ਿਲਮਕਾਰਾਂ ਦਾ ਐਕਸ਼ਨ ਫ਼ਿਲਮਾਂ ਵੱਲ ਆਉਣਾ ਸੁਭਾਵਕ ਹੀ ਹੈ ਪਰ ਉਸ ਤਰ੍ਹਾਂ ਦੇ ਐਕਸ਼ਨ ਅਤੇ ਕਹਾਣੀ 'ਤੇ ਮਿਹਨਤ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੋਵੇਗੀ।








ਪੰਜਾਬੀ ਫ਼ਿਲਮਾਂ ਦੇ ਕੁਝ ਫ਼ਿਲਮਕਾਰਾਂ ਦਾ ਐਕਸ਼ਨ ਫ਼ਿਲਮਾਂ ਬਾਰੇ ਕੀ ਕਹਿਣਾ ਹੈ-

ਸੁਖਮੰਦਰ ਸਿੰਘ ਧੰਜਲ--'ਬਲੈਕੀਆ' ਤੇ 'ਨਿਸ਼ਾਨਾ' ਨਾਂ ਦੀਆਂ ਐਕਸ਼ਨ ਫ਼ਿਲਮਾਂ ਦੇ ਨਿਰਦੇਸ਼ਕ ਸੁਖਮੰਦਰ ਸਿੰਘ ਧੰਜਲ ਦਾ ਕਹਿਣਾ ਹੈ ਕਿ ਇੱਕ ਸਮਾਂ ਸੀ ਜਦ ਗੁੱਗੂ ਗਿੱਲ ਤੇ ਯੋਗਰਾਜ ਦਾ ਗੰਡਾਸਿਆਂ ਵਾਲੇ ਐਕਸ਼ਨ ਦਾ ਬੋਲਬਾਲਾ ਸੀ। ਅੱਜ ਸਮਾਂ ਬਦਲ ਗਿਆ ਹੈ। ਵੇਖਿਆ ਜਾਵੇ ਤਾਂ ਅੱਜ ਦੇ ਦੌਰ ਵਿੱਚ ਸਾਡੀ ਫ਼ਿਲਮ ' ਬਲੈਕੀਆ' ਨਾਲ ਹੀ ਐਕਸ਼ਨ ਫ਼ਿਲਮਾਂ ਦੇ ਦੌਰ ਦੀ ਅਸਲ ਸ਼ੁਰੂਆਤ ਹੋਈ ਹੈ। ਇਸ ਤੋਂ ਪਹਿਲਾਂ ਵੀ ਐਕਸ਼ਨ ਫ਼ਿਲਮਾਂ ਬਣਦੀਆ ਸਨ ਪਰ ਦਰਸ਼ਕ ਨਹੀਂ ਸੀ ਜੁੜਦੇ। ਮੈਨੂੰ ਬਹੁਤ ਲੋਕ ਕਹਿੰਦੇ ਸੀ ਕਿ ਐਕਸ਼ਨ ਫ਼ਿਲਮਾਂ ਨਹੀਂ ਚੱਲਦੀਆਂ। ਪ੍ਰੰਤੂ ਮੇਰੀ ਸੋਚ ਹੋਰ ਸੀ । ਮੈਂ ਕਹਾਣੀ ਅਤੇ ਹੀਰੋ ਮੁਤਾਬਕ ਲੋੜੀਂਦਾ ਐਕਸ਼ਨ ਫ਼ਿਲਮਾਇਆ ਜੋ ਦਰਸ਼ਕਾਂ ਨੇ ਪਸੰਦ ਵੀ ਕੀਤਾ। ਬਾਕੀ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਸਾਡੇ ਭੇਡਚਾਲ ਬਹੁਤ ਹੈ। ਜਦ ਕੈਰੀ ਆਨ ਜੱਟਾ ਹਿੱਟ ਹੋਈ ਤਾਂ ਹਰ ਕੋਈ ਕਾਮੇਡੀ ਹੀ ਬਣਾਉਣ ਲੱਗ ਪਿਆ। ਹੁਣ ਜਦ ਬਲੈਕੀਆਂ ਹਿੱਟ ਹੋਈ ਤਾਂ ਸਾਰੇ ਐਕਸ਼ਨ ਫ਼ਿਲਮਾਂ ਵੱਲ ਹੋ ਤੁਰੇ। ਐਕਸ਼ਨ ਹੀਰੋ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦੇਵ ਖਰੜ ਐਕਸ਼ਨ ਹੀਰੋ ਵਜੋਂ ਪੂਰੀ ਤਰ੍ਹਾਂ ਫਿੱਟ ਹੈ। ਨਵੇਂ ਮੁੰਡਿਆ 'ਚ ਤਨੋਜ ਸਿੰਘ ਵੀ ਚੰਗੇ ਡੋਲਿਆਂ ਵਾਲਾ ਰੋਹਬ ਵਾਲਾ ਅਦਾਕਾਰ ਹੈ। ਪੁਰਾਣੇ ਸਮੇਂ ਦੀ ਗੱਲ ਕਰਦਿਆਂ ਧੰਜਲ ਦਾ ਕਹਿਣਾ ਹੈ ਕਿ ਪਹਿਲਾਂ ਨਾਲੋਂ ਅੱਜ ਐਕਸ਼ਨ ਵਿੱਚ ਬਹੁਤ ਨਵਾਂਪਣ ਹੈ। ਨਵੀਂ ਤਕਨੀਕ ਹੈ, ਬਹੁਤੇ ਕੰਮ ਕੰਪਿਊਟਰ ਗਰਾਫ਼ਿਕਸ ਦਾ ਹੈ, ਜੋ ਪਹਿਲੇ ਸਮਿਆਂ ਵਿੱਚ ਨਹੀਂ ਸੀ ਹੁੰਦਾ।




ਹੈਪੀ ਰੋਡੇ---'ਥਾਣਾ ਸਦਰ' ਤੇ 'ਸਿਕੰਦਰ ੨' ਨਾਲ ਪੰਜਾਬੀ ਸਿਨਮੇ ਨਾਲ ਜੁੜੇ ਨਵੀਂ ਸੋਚ ਦੇ ਲੇਖਕ ਨਿਰਦੇਸ਼ਕ ਹੈਪੀ ਰੋਡੇ ਦਾ ਕਹਿਣਾ ਹੈ ਕਿ ਅੱਜ ਐਕਸ਼ਨ ਸਿਨਮੇ ਦਾ ਰੂਪ ਬਦਲ ਗਿਆ ਹੈ। ਵੇਖਿਆ ਜਾਵੇ ਤਾਂ ਬਾਲੀਵੁੱਡ ਹਾਲੀਵੁੱਡ ਦੀ ਨਕਲ ਕਰਦਾ ਹੈ ਤੇ ਪਾਲੀਵੁਡ ਬਾਲੀਵੁੱਡ ਦੀ ਕਰ ਰਿਹਾ ਹੈ ਪਰ ਜਿਹੜਾ ਕੰਮ ਹੁਣ ਹੋ ਰਿਹਾ ਹੈ ਉਹ ਬਿਲਕੁਲ ਖਰਾ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਪੰਜਾਬੀ ਫ਼ਿਲਮਾਂ ਦਾ ਐਕਸ਼ਨ ਪ੍ਰਭਾਵਸ਼ਾਲੀ ਤੇ ਵਿਲੱਖਣ ਹੋਵੇਗਾ। ਨਵੇਂ ਮੁੰਡੇ ਅੱਗੇ ਆ ਰਹੇ ਹਨ ਤੇ ਜੁਗਾੜੀ ਕਿਸਮ ਦੇ ਲੋਕਾਂ ਦਾ ਸਫ਼ਾਇਆ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਸਿਨਮੇ ਦਾ ਰੰਗ ਬਦਲੇਗਾ, ਫ਼ਿਲਮਾਂ ਦਾ ਪੱਧਰ ਉੱਚਾ ਹੋਵੇਗਾ। ਕਲਾ ਦਾ ਕੋਈ ਦਾਇਰਾ ਨਹੀਂ ਹੁੰਦਾ। ਬਹੁਤ ਸਾਰੀਆਂ ਚੰਗੀਆਂ ਫ਼ਿਲਮਾਂ ਬਣ ਰਹੀਆਂ ਹਨ ਜੋ ਐਕਸ਼ਨ ਸਿਨਮੇ ਦੇ ਪੈਰ ਮਜ਼ਬੂਤ ਕਰਨਗੀਆਂ।

ਰਵਿੰਦਰ ਰਵੀ --ਬਹੁ ਚਰਚਿਤ ਫ਼ਿਲਮ 'ਕੌਮ ਦੇ ਹੀਰੇ' , ਬਦਲਾ ਜੱਟੀ ਦਾ,ਜੱਟ ਜਿਊਣਾ ਮੋੜ, ਪ੍ਰਤਿੱਗਿਆ, ਅਣਖ ਜੱਟਾਂ ਦੀ, ਟਰੱਕ ਡਰਾਈਵਰ, ਸਿਕੰਦਰਾ ਆਦਿ ਐਕਸ਼ਨ ਫ਼ਿਲਮਾਂ ਦੇ ਲੇਖਕ ਨਿਰਦੇਸ਼ਕ ਰਵਿੰਦਰ ਰਵੀ ਦਾ ਕਹਿਣਾ ਹੈ ਕਿ ਫ਼ਿਲਮ ਚਾਹੇ ਕਿਸੇ ਵੀ ਭਾਸ਼ਾ ਦੀ ਹੋਵੇ ਜਦੋਂ ਨਾਇਕ ਤੇ ਖਲਨਾਇਕ ਹੋਣਗੇ ਤਾਂ ਐਕਸ਼ਨ ਵੀ ਹੋਵੇਗਾ ਪ੍ਰੰਤੂ ਇਹ ਐਕਸ਼ਨ ਕਹਾਣੀ ਅਤੇ ਇਮੋਸ਼ਨਲ ਮੁਤਾਬਕ ਢੁਕਵਾਂ ਹੋਵੇ, ਦਰਸ਼ਕਾਂ ਦੀ ਜ਼ਰੂਰਤ ਹੋਵੇ। ਜਦ ਫ਼ਿਲਮ ਦਾ ਹੀਰੋ ਵਿਲੇਨ ਨੂੰ ਉਸ ਦੇ ਕੀਤੇ ਦੀ ਸਜਾ ਦੇਵੇ ਤਾਂ ਦਰਸ਼ਕ ਤਾੜੀਆਂ ਮਾਰ ਕੇ ਹੀਰੋ ਨੂੰ ਸ਼ਾਬਾਸ਼ ਦੇਣ..ਇਹੋ ਸਹੀ ਐਕਸ਼ਨ ਹੋਵੇਗਾ। ਇਸ ਲਈ ਫ਼ਿਲਮ ਦੇ ਨਿਰਦੇਸ਼ਕ ਨੂੰ ਐਕਸ਼ਨ ਦੀ ਸਹੀ ਸਮਝ ਹੋਣੀ ਬਹੁਤ ਜ਼ਰੂਰੀ ਹੈ। ਕਈ ਵਾਰ ਵੇਖਦੇ ਹਾਂ ਕਿ ਲੜਾਈ ਡਾਂਗਾਂ-ਸੋਟਿਆਂ ਨਾਲ ਹੋ ਰਹੀ ਹੁੰਦੀ ਹੈ, ਅਚਾਨਕ ਬੰਬ ਬਲਾਸਟ ਨਾਲ ਗੱਡੀਆਂ, ਰੇਹੜੀਆਂ ਹਵਾ ਉੱਡਦੀਆਂ ਵਿਖਾ ਦਿੰਦੇ ਹਨ। ਅਜਿਹੇ ਬੇਲੋੜੇ ਐਕਸ਼ਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਕਿਉਂਕਿ ਦਰਸ਼ਕ ਬਹੁਤ ਸਮਝਦਾਰ ਹੈ। ਅੱਜ ਦੇ ਸਮੇਂ ਵਿੱਚ ਜ਼ਿਆਦਾਤਰ ਚੰਗੀਆਂ ਐਕਸ਼ਨ ਫ਼ਿਲਮਾਂ ਹੀ ਆ ਰਹੀਆਂ ਹਨ ਜੋ ਦਰਸ਼ਕਾਂ ਦੀ ਪਸੰਦ ਵੀ ਬਣ ਰਹੀਆਂ ਹਨ।

**98146-07737**

## ਵਿਸ਼ਵ 'ਚ ਵੈਗਨਰ ਸਮੇਤ ਕਈ ਹੋਰ ਪ੍ਰਾਈਵੇਟ ਫ਼ੌਜਾਂ ਦਾ ਹੈ ਪੂਰਾ ਦਬਦਬਾ



ਦਾ ਮੁੱਖ ਦਫ਼ਤਰ ਵਰਜੀਨੀਆ ਸੂਬੇ ਦੇ ਰੈਸਟੋਨ ਸ਼ਹਿਰ ਵਿਖੇ ਹੈ। ਇਸ ਗਰੁੱਪ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਅਨੇਕਾਂ ਗੰਭੀਰ ਇਲਜ਼ਾਮ ਹਨ। ਇਹ ਗਰੁੱਪ ਅਮਰੀਕੀ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਇੱਥੋਂ ਤਕ ਕਿ ਅਮਰੀਕੀ ਸੂਹੀਆ ਏਜੰਸੀ ਸੀਆਈਏ ਤੇ ਗ੍ਰਹਿ ਮੰਤਰਾਲੇ ਦੇ ਹੈੱਡਕੁਆਰਟਰਾਂ ਦੀ ਸੁਰੱਖਿਆ ਵੀ ਇਸ ਕੋਲ ਹੈ। ਇਰਾਕ ਤੋਂ ਇਲਾਵਾ ਇਸ ਕੰਪਨੀ ਨੇ ਅਫ਼ਗਾਨਿਸਤਾਨ ਯੁੱਧ ਵੇਲੇ ਵੀ ਕੰਮ ਕੀਤਾ ਸੀ। ਸੈਂਕੜੇ ਹੋਰ ਸਰਕਾਰੀ ਕੰਟਰੈਕਟਾਂ ਤੋਂ ਇਲਾਵਾ ਇਸ ਕੋਲ ਇਜ਼ਰਾਈਲ, ਬੋਸਨੀਆ ਤੇ ਇਰਾਕ ਵਿਚਲੇ ਅਮਰੀਕੀ ਦੂਤਘਰਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਹੈ। ਇਸ ਕੋਲ ਨਾਰਥ ਕੈਰੋਲੀਨਾ ਸੂਬੇ 'ਚ 7000 ਏਕੜ ਦਾ ਟਰੇਨਿੰਗ ਸੈਂਟਰ ਹੈ ਜਿੱਥੇ ਇਹ ਸੰਸਾਰ ਦੇ ਅਨੇਕਾਂ ਦੇਸ਼ਾਂ ਦੇ ਸੈਨਿਕਾਂ ਨੂੰ ਅਤਿ-ਆਧੁਨਿਕ ਹਥਿਆਰਾਂ ਦੀ ਟਰੇਨਿੰਗ ਦਿੰਦੀ ਹੈ।

ਇਸ ਦੀ ਸਿਆਸੀ ਲੀਡਰਾਂ ਨਾਲ ਐਨੀ ਨੇੜਤਾ ਹੈ ਕਿ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਸਮੇਤ ਅਮਰੀਕਾ ਦੇ ਵੱਖ-ਵੱਖ ਰਾਸ਼ਟਰਪਤੀਆਂ 'ਤੇ ਇਸ ਨੂੰ ਨਾਜਾਇਜ਼ ਫ਼ਾਇਦਾ ਪਹੁੰਚਾਉਣ ਦੇ ਇਲਜ਼ਾਮ ਲੱਗਦੇ ਰਹਿੰਦੇ ਹਨ। ਐਰੀਨਾਈਜ਼ ਕੰਪਨੀ ਇੰਗਲੈਂਡ ਵਿਚ ਸਥਿਤ ਹੈ। ਇਹ ਇਰਾਕ ਯੁੱਧ ਤੋਂ ਬਾਅਦ ਪ੍ਰਾਈਵੇਟ ਸੁਰੱਖਿਆ ਪ੍ਰਦਾਨ ਕਰਨ ਦੇ ਖੇਤਰ ਵਿਚ ਕੁੱਦਿਆ ਸੀ। ਇਸ ਦੀ ਸਥਾਪਨਾ 2001 ਵਿਚ ਜੋਰਾਥਨ ਗੈਰਟ ਵੱਲੋਂ ਕੀਤੀ ਗਈ ਸੀ। ਇਸ ਗਰੁੱਪ ਵਿਚ ਇੰਗਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਬੇਟੇ ਮਾਰਕ ਥੈਚਰ ਦਾ 45% ਸ਼ੇਅਰ ਹੈ। ਇਸ ਕੋਲ 25000 ਤੋਂ ਵੱਧ ਸੈਨਿਕਾਂ ਦੀ ਫ਼ੌਜ ਹੈ ਤੇ ਇਸ ਦਾ ਮੁੱਖ ਕੰਮ ਦੁਨੀਆ ਦੇ 80 ਦੇਸ਼ਾਂ 'ਚ ਤੇਲ ਭੰਡਾਰਾਂ, ਰਿਫਾਇਨਰੀਆਂ ਤੇ ਤੇਲ ਪਾਈਪ ਲਾਈਨਾਂ ਦੀ ਸੁਰੱਖਿਆ ਕਰਨਾ ਹੈ। ਇਹ ਗਰੁੱਪ ਵੀ ਹਮੇਸ਼ਾ ਤੋਂ ਵਿਵਾਦਾਂ 'ਚ ਰਿਹਾ ਹੈ। ਇਰਾਕ ਵਿਚ ਇਕ ਝੜਪ ਦੌਰਾਨ ਇਸ ਨੇ ਇਕ ਅਮਰੀਕੀ ਸੈਨਿਕ ਸਮੇਤ 4 ਇਰਾਕੀ ਫ਼ੌਜੀਆਂ ਨੂੰ ਕਤਲ ਕਰ ਦਿੱਤਾ ਸੀ। ਇਸ ਤੋਂ ਇਲਾਵਾ ਇਰਾਕ ਸਮੇਤ ਇਸ ਦੇ ਦੁਨੀਆ ਦੇ ਕਈ ਦੇਸ਼ਾਂ ਵਿਚ ਇੰਟੈਰੋਗੇਸ਼ਨ ਸੈਂਟਰ ਹਨ ਜਿੱਥੇ ਕੈਦੀਆਂ ਨੂੰ ਤਸੀਹੇ ਦਿੱਤੇ ਜਾਂਦੇ ਹਨ। ਇਰਾਕ ਤੋਂ ਇਲਾਵਾ ਇਸ ਦਾ ਮੁੱਖ ਕਾਰਜ ਖੇਤਰ ਅਫ਼ਰੀਕਾ ਮਹਾਦੀਪ ਹੈ ਜਿੱਥੇ ਇਹ ਗੜਬੜ ਵਾਲੇ ਦੇਸ਼ਾਂ ਵਿਚ ਤਾਨਾਸ਼ਾਹਾਂ, ਪ੍ਰਧਾਨ ਮੰਤਰੀਆਂ ਤੇ ਰਾਸ਼ਟਰਪਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਅਫ਼ਰੀਕੀ ਦੇਸ਼ਾਂ ਵਿਚ ਅਕਸਰ ਰਾਜ ਪਲਟੇ ਹੁੰਦੇ ਰਹਿੰਦੇ ਹਨ। ਇਸ ਕਾਰਨ ਉੱਥੋਂ ਦੇ ਲੀਡਰ ਐਰੀਨਾਈਜ਼ ਵਰਗੀਆਂ ਪ੍ਰਾਈਵੇਟ ਕੰਪਨੀਆਂ ਨੂੰ ਆਪਣੀ ਸੁਰੱਖਿਆ ਲਈ ਤਾਇਨਾਤ ਕਰਦੇ ਹਨ ਤਾਂ ਜੋ ਰਾਜ ਪਲਟੇ ਵੇਲੇ ਮਾਲ-ਮੱਤੇ ਸਮੇਤ ਦੇਸ਼ ਛੱਡ ਕੇ ਭੱਜਿਆ ਜਾ ਸਕੇ। ਇਹ ਕੰਪਨੀ ਕਮਜ਼ੋਰ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਵੀ ਕਰਦੀ ਹੈ। ਇਸ ਦੀ ਫ਼ੌਜ ਨੇ 2004 'ਚ ਅਫ਼ਰੀਕੀ ਦੇਸ਼ ਗਿੰਨੀ ਦੇ ਰਾਜ ਪਲਟੇ ਸਮੇਂ ਬਾਗ਼ੀਆਂ ਦਾ ਸਾਥ ਦਿੱਤਾ ਸੀ ਪਰ ਕਾਮਯਾਬ ਨਹੀਂ ਸੀ ਹੋ ਸਕੇ।

# ਵਕ਼ਤ, ਭਰੋਸਾ ਤੇ ਇੱਜ਼ਤ



**ਸੰਜੀਵ ਸਿੰਘ ਸੈਣੀ**

**ਇੱਜ਼ਤ ਸਾਰਿਆਂ ਦੀ ਕਰੋ, ਚਾਹੇ ਕੋਈ ਛੋਟਾ ਹੈ ਜਾਂ ਵੱਡਾ ਹੈ। ਅਮੀਰ ਹੈ ਜਾਂ ਗਰੀਬ ਹੈ। ਕਦੇ ਵੀ ਕਿਸੇ ਨੂੰ ਉੱਚਾ ਬੋਲ ਨਾ ਬੋਲੀਏ। ਪਰਮਾਤਮਾ ਤੋਂ ਡਰ ਕੇ ਰਹਿਣਾ ਚਾਹੀਦਾ ਹੈ। ਕਈ ਵਾਰ ਅਸੀਂ ਦੇਖਦੇ ਹਾਂ ਕਿ ਸਾਨੂੰ ਪੈਸੇ ਦਾ ਇਨਾਂ ਘੁਮੰਡ ਹੁੰਦਾ ਹੈ, ਸਾਹਮਣੇ ਵਾਲੇ ਨੂੰ ਪਤਾ ਨਹੀਂ ਕਿੰਨਾ ਕੁ ਮੰਦੇ ਸ਼ਬਦ ਬੋਲ ਦਿੰਦੇ ਹਨ। ਅਕਸਰ ਦਫਤਰਾਂ ਵਿੱਚ ਦੇਖਿਆ ਜਾਂਦਾ ਹੈ ਕਿ ਵੱਡਾ ਅਧਿਕਾਰੀ, ਆਪਣੇ ਥੱਲੇ ਵਾਲਿਆਂ ਨੂੰ ਮੰਦੀ ਭਾਸ਼ਾ ਬੋਲਦਾ ਹੈ। ਫਿਰ ਅਜਿਹੇ ਅਧਿਕਾਰੀ ਦੀ ਕੋਈ ਵੀ ਇੱਜ਼ਤ ਨਹੀਂ ਕਰਦਾ। ਗੁੱਸੇ ਵਿੱਚ ਆ ਕੇ ਪਤਾ ਨਹੀਂ ਕੀ ਕੁੱਝ ਬੋਲ ਦਿੱਤਾ ਜਾਂਦਾ ਹੈ ।ਇਸੇ ਤਰ੍ਹਾਂ ਪਰਿਵਾਰਾਂ ਵਿੱਚ ਛੋਟਿਆਂ ਨੂੰ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਮਾਂ ਪਿਓ ਦੀ ਇੱਜ਼ਤ ਕਰਨੀ ਚਾਹੀਦੀ ਹੈ**

ਹਰ ਬੰਦਾ ਇਸ ਸੰਸਾਰ ਵਿੱਚ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਉਂਦਾ ਹੈ। ਹਰ ਬੰਦੇ ਦਾ ਆਪਣਾ ਨਜ਼ਰੀਆ ਵੱਖ ਤਰ੍ਹਾਂ ਦਾ ਹੁੰਦਾ ਹੈ। ਕੁਦਰਤ ਨੇ ਸੋਹਣੀ ਕਾਇਨਾਤ ਦੀ ਸਿਰਜਨਾ ਕੀਤੀ ਹੈ। ਵਕ਼ਤ ਬਹੁਤ ਬਲਵਾਨ ਹੁੰਦਾ ਹੈ । ਸਿਆਣੇ ਅਕਸਰ ਕਹਿੰਦੇ ਹਨ ਕਿ ਜੋ ਇਨਸਾਨ ਸਮੇਂ ਦੀ ਕਦਰ ਨਹੀਂ ਕਰਦਾ, ਸਮਾਂ ਉਸ ਨੂੰ ਬਰਬਾਦ ਕਰ ਦਿੰਦਾ ਹੈ। ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਬੱਚੇ ਨੂੰ ਮਾਂ ਬਾਪ ਸਮਝਾਉਂਦੇ ਹਨ ਕਿ ਤੂੰ ਹਰ ਕੰਮ ਸਮੇਂ ਤੇ ਕਰਨਾ ਹੈ। ਸਮੇਂ ਦੇ ਮੁਤਾਬਿਕ ਜੇ ਤੂੰ ਕੰਮ ਕਰੇਗਾ ਤਾਂ ਜ਼ਿੰਦਗੀ ਵਿੱਚ ਸਫ਼ਲਤਾ ਜ਼ਰੂਰ ਹਾਸਿਲ ਕਰੇਗਾ। ਸਾਡੇ ਸਾਹਮਣੇ ਕਈ ਅਜਿਹੀਆਂ ਉਦਾਹਰਨਾਂ ਆਮ ਮਿਲ ਜਾਂਦੀਆਂ ਹਨ, ਜੋ ਇਨਸਾਨ ਸਮੇਂ ਦੀ ਕਦਰ ਨਹੀਂ ਕਰਦਾ ਫ਼ਿਰ ਬਾਅਦ ਵਿੱਚ ਉਹ ਪਛਤਾਉਂਦੇ ਹਨ। ਹਰ ਦਿਨ ਸਾਨੂੰ ਕੁੱਝ ਨਾ ਕੁੱਝ ਸੇਧ ਦੇਣ ਵਾਲਾ ਹੁੰਦਾ ਹੈ। ਬੀਤਿਆ ਹੋਇਆ ਸਮਾਂ ਚਾਹੇ ਚੰਗਾ ਸੀ ,ਜਾਂ ਮਾੜਾ ਉਸ ਤੋਂ ਸਾਨੂੰ ਜ਼ਰੂਰ ਸਬਕ ਲੈਣਾ ਚਾਹੀਦਾ ਹੈ। ਕਈ ਵਾਰ ਜਿੰਦਗੀ ਵਿੱਚ ਉਤਾਰ ਚੜ੍ਹਾਅ ਆਉਂਦੇ ਹਨ। ਜੇ ਕਦੇ ਮਾੜਾ ਸਮਾਂ ਆ ਵੀ ਗਿਆ ਤਾਂ ਉਸ ਨੂੰ ਵਰਤਮਾਨ 'ਚ ਕਦੇ ਵੀ ਯਾਦ ਨਹੀਂ ਕਰਨਾ ਚਾਹੀਦਾ। ਵਰਤਮਾਨ 'ਚ ਯਾਦ ਕਰਕੇ ਅਸੀਂ ਆਪਣਾ ਚੱਲ ਰਿਹਾ ਸਮਾਂ ਵੀ ਖ਼ਰਾਬ ਕਰ ਲੈਂਦੇ ਹਾਂ। ਮਹਾਨ ਵਿਅਕਤੀਆਂ ਮੁਤਾਬਕ ਸਾਨੂੰ ਸਿਰਫ਼ ਵਰਤਮਾਨ ਬਾਰੇ ਹੀ ਵਿਚਾਰ ਕਰਨਾ ਚਾਹੀਦਾ ਹੈ। ਤੇ ਤੈਅ ਟੀਚੇ ਲਈ ਰਣਨੀਤੀ ਉਲੀਕਣੀ ਚਾਹੀਦੀ ਹੈ। ਭਵਿੱਖ ਵਿੱਚ ਸਾਨੂੰ ਅੱਗੇ ਵੱਧਣ ਦੇ ਨਵੇਂ-ਨਵੇਂ ਰਸਤੇ ਮਿਲਦੇ ਰਹਿੰਦੇ ਹਨ। ਸਮਾਂ ਆਪਣੀ ਚਾਲ ਚੱਲਦਾ ਰਹਿੰਦਾ ਹੈ। ਸਾਨੂੰ ਕਦੇ ਵੀ ਆਲਸ ਨਹੀਂ ਕਰਨਾ ਚਾਹੀਦਾ। ਜਿੰਦਗੀ ਵਿੱਚ ਆਲਸ ਕਰਨ ਵਾਲਾ ਵਿਅਕਤੀ ਕਦੇ ਵੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦਾ। ਪੰਜਾਬੀ ਦੀ ਇਕ ਪ੍ਰਸਿੱਧ ਕਹਾਵਤ ਵੀ ਹੈ ,"ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ। ਭਾਵ ਯੋਗ ਸਮਾਂ ਬੀਤਣ ਮਗਰੋਂ ਕੰਮ ਠੀਕ ਨਹੀਂ ਹੁੰਦਾ। ਖਾਣ ਪੀਣ, ਸੌਣ, ਜਾਗਣ ,ਖੇਡਣ ,ਪੜ੍ਹਾਈ ਲਿਖਾਈ ਤੇ ਹੋਰ ਵੀ ਨਿੱਜੀ ਕੰਮਾਂ ਲਈ ਇੱਕ ਸਮਾਂ ਨਿਰਧਾਰਿਤ ਕਰਨਾ ਚਾਹੀਦਾ ਹੈ। ਕਿਤੇ ਵੀ ਕੋਈ ਸਰਕਾਰੀ ਦਫਤਰ ਇੰਟਰਵਿਊ ਜਾਂ ਹੋਰ ਵੀ ਕੋਈ ਕੰਮ ਲਈ ਜੇ ਅਸੀਂ ਬਾਹਰ ਜਾਂਦੇ ਹਾਂ ਤਾਂ ਸਮੇਂ ਸਿਰ ਜਾਈਏ ,ਸਮੇਂ ਸਿਰ ਘਰ ਵਾਪਿਸ ਆਈਏ। ਕਿਸੇ ਦੇ ਲੜਾਈ ਝਗੜੇ ਵਿੱਚ ਪੈ ਕੇ ਕਦੇ ਵੀ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਸਾਨੂੰ ਜ਼ਿੰਦਗੀ ਵਿੱਚ ਸਮੇਂ ਮੁਤਾਬਿਕ ਚਲਣਾ ਚਾਹੀਦਾ ਹੈ। ਤੇ ਚੰਗੇ ਕੰਮਾਂ ਲਈ ਸਮੇਂ ਦਾ ਪੂਰਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਅਕਸਰ ਸਿਆਣੇ ਵੀ ਕਹਿੰਦੇ ਹਨ ਕਿ ਜੇ ਸਮਾਂ ਗੁਜ਼ਰ ਜਾਣ ਤੋਂ ਬਾਅਦ ਕਦਰ ਕੀਤੀ ਜਾਵੇ ਤਾਂ ਉਹ ਕਦਰ ਨਹੀਂ ਅਫ਼ਸੋਸ ਕਹਾਉਂਦਾ ਹੈ। ਜੇ ਕਦੇ ਅਤੀਤ ਵਿੱਚ ਗ਼ਲਤੀ ਹੋ ਚੁੱਕੀ ਹੈ ਤਾਂ ਉਸ ਤੋਂ ਸਬਕ ਲਵੋ। ਵਰਤਮਾਨ 'ਚ ਉਹ ਗਲਤੀ ਨਾ ਦੁਹਰਾਓ। ਹਮੇਸ਼ਾਂ ਹਾਂ ਪੱਕੀ ਸੋਚ ਰੱਖੋ। ਸਮੇਂ ਦੀ ਸੁਚੱਜੀ ਵਰਤੋਂ ਕਰਕੇ ਹੀ ਅਸੀਂ ਮੰਜ਼ਿਲ ਸਰ ਕਰ ਸਕਦੇ ਹਾਂ।

ਭਰੋਸਾ ਭਾਵ ਜਿਸ ਨੂੰ ਅਸੀਂ ਵਿਸ਼ਵਾਸ ਸ਼ਬਦ ਨਾਲ ਵੀ ਜਾਣਦੇ ਹਾਂ। ਬਿਨਾ ਕਿਸੇ ਤੇ ਵਿਸ਼ਵਾਸ ਕੀਤੇ ਅੱਗੇ ਨਹੀਂ ਵਧੀਆ ਜਾ ਸਕਦਾ। ਪਰ ਅੱਜ ਦੇ ਜ਼ਮਾਨੇ ਵਿੱਚ "ਭਰੋਸਾ" ਸ਼ਬਦ ਹੋਲੀ ਹੋਲੀ ਆਪਣੀ ਸਾਰਥਿਕਤਾ ਖ਼ਤਮ ਕਰਦਾ ਜਾ ਰਿਹਾ ਹੈ। ਚਾਹੇ ਅੱਜ ਦੀ ਜ਼ਮਾਨੇ ਵਿੱਚ ਬਹੁਤ ਸਾਰੇ ਕੰਮ ਦੂਜਿਆਂ ਤੇ ਵਿਸ਼ਵਾਸ ਕਰਕੇ ਹੀ ਚੱਲ ਰਹੇ ਹਨ, ਪਰ ਲੋਕਾਂ ਵਿੱਚ ਝੂਠ, ਫਰੇਬ, ਠੱਗੀ ਕਈ ਲੋਕਾਂ ਦੀ ਫ਼ਿਤਰਤ ਬਣ ਚੁੱਕੀ ਹੈ। ਜਦੋਂ ਵੋਟਾਂ ਦਾ ਸੀਜ਼ਨ ਹੁੰਦਾ ਹੈ ਤਾਂ ਸਿਆਸੀ ਲੋਕ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਦੇ ਹਨ। ਲੋਕਾਂ ਨਾਲ ਝੂਠ ਬੋਲ ਕੇ ਉਹਨਾਂ ਨੂੰ ਵਿਸ਼ਵਾਸ਼ ਵਿੱਚ ਲੈ ਲੈਂਦੇ ਹਨ।

ਜਦੋਂ ਲੋਕਾਂ ਦੇ ਕਹੇ ਮੁਤਾਬਿਕ ਸਿਆਸੀ ਲੀਡਰ ਕੰਮ ਨਹੀਂ ਕਰਦੇ ਤਾਂ ਉਨ੍ਹਾਂ ਦੇ ਅਕਸ਼ ਨੂੰ ਢਾਹ ਲੱਗਦੀ ਹੈ। ਅੱਜ ਦੇ ਜ਼ਮਾਨੇ ਵਿੱਚ ਤਾਂ ਘਰ ਵਿੱਚ ਹੀ ਕਈ ਪਰਿਵਾਰਿਕ ਮੈਂਬਰ, ਜਾਂ ਬਿਜਨਸ ਵਿੱਚ ਕੋਈ ਮੈਂਬਰ ਆਪਣੇ ਹੀ ਕਰੀਬੀ ਦੋਸਤ ਨਾਲ ਧੋਖਾ ਕਰ ਦਿੰਦੇ ਹਨ। ਅੱਜ ਦੇ ਅਜਿਹੇ ਕਲਯੁਗ ਵਿੱਚ ਵਿਸ਼ਵਾਸ਼ ਕਰਨਾ ਬਹੁਤ ਮੁਸ਼ਕਿਲ ਹੋ ਚੁੱਕਿਆ ਹੈ। ਅਕਸਰ ਸੋਸ਼ਲ ਮੀਡੀਆ ਤੇ ਵੀ ਝੂਠ ਤੂਫ਼ਾਨ ਬੋਲ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਲੋਕਾਂ ਦਾ ਵਿਸ਼ਵਾਸ ਜਿਹਾ ਉਠ ਚੁੱਕਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਨਕਲੀ ਆਈਡੀ ਬਣਾ ਕੇ ਲੋਕਾਂ ਤੋਂ ਪੈਸੇ ਵਸੂਲੇ ਜਾਂਦੇ ਹਨ। ਜਿਸ ਇਨਸਾਨ ਉੱਤੇ ਅਸੀਂ ਭਰੋਸਾ ਕਰਦੇ ਹਾਂ ਉਸ ਲਈ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ। ਜਦੋਂ ਅਜਿਹਾ ਇਨਸਾਨ ਸਾਡਾ ਵਿਸ਼ਵਾਸ ਤੋੜਦਾ ਹੈ ਤਾਂ ਸਾਡੇ ਦਿਲ ਨੂੰ ਬਹੁਤ ਠੇਸ ਪਹੁੰਚਦੀ ਹੈ। ਜਿਸ ਇਨਸਾਨ ਤੇ ਵਿਸ਼ਵਾਸ ਕਰ ਰਹੇ ਹੋ ਤਾਂ ਚੰਗੀ ਤਰ੍ਹਾਂ ਕਰੋ। ਉਸ ਇਨਸਾਨ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਇਹ ਇਨਸਾਨ ਮੇਰੇ ਤੇ ਅੱਖਾਂ ਬੰਦ ਕਰਕੇ ਭਰੋਸਾ ਕਰਦਾ ਹੈ । ਜੋ ਇਨਸਾਨ ਸਾਡੇ ਨਾਲ ਇੱਕ ਵਾਰ ਧੋਖਾ ਕਰ ਜਾਂਦਾ ਹੈ ਉਸ ਉੱਤੇ ਵਿਸ਼ਵਾਸ ਬਿਲਕੁਲ ਵੀ ਨਾ ਕਰੋ। ਵੈਸੇ ਵੀ ਅੱਜ ਦੇ ਜ਼ਮਾਨੇ ਵਿੱਚ ਤਾਂ ਵਿਸ਼ਵਾਸ ਕਰਨ ਲਾਇਕ ਕੋਈ ਰਿਹਾ ਵੀ ਨਹੀਂ ਹੈ। ਦੋਸਤੀ ਵਿਸ਼ਵਾਸ ਤੇ ਚੱਲਦੀ ਹੈ।

ਇੱਜ਼ਤ ਸਾਰਿਆਂ ਦੀ ਕਰੋ, ਚਾਹੇ ਕੋਈ ਛੋਟਾ ਹੈ ਜਾਂ ਵੱਡਾ ਹੈ। ਅਮੀਰ ਹੈ ਜਾਂ ਗਰੀਬ ਹੈ। ਕਦੇ ਵੀ ਕਿਸੇ ਨੂੰ ਉੱਚਾ ਬੋਲ ਨਾ ਬੋਲੀਏ। ਪਰਮਾਤਮਾ ਤੋਂ ਡਰ ਕੇ ਰਹਿਣਾ ਚਾਹੀਦਾ ਹੈ। ਕਈ ਵਾਰ ਅਸੀਂ ਦੇਖਦੇ ਹਾਂ ਕਿ ਸਾਨੂੰ ਪੈਸੇ ਦਾ ਇਨਾਂ ਘੁਮੰਡ ਹੁੰਦਾ ਹੈ, ਸਾਹਮਣੇ ਵਾਲੇ ਨੂੰ ਪਤਾ ਨਹੀਂ ਕਿੰਨਾ ਕੁ ਮੰਦੇ ਸ਼ਬਦ ਬੋਲ ਦਿੰਦੇ ਹਨ। ਅਕਸਰ ਦਫਤਰਾਂ ਵਿੱਚ ਦੇਖਿਆ ਜਾਂਦਾ ਹੈ ਕਿ ਵੱਡਾ ਅਧਿਕਾਰੀ, ਆਪਣੇ ਥੱਲੇ ਵਾਲਿਆਂ ਨੂੰ ਮੰਦੀ ਭਾਸ਼ਾ ਬੋਲਦਾ ਹੈ। ਫਿਰ ਅਜਿਹੇ ਅਧਿਕਾਰੀ ਦੀ ਕੋਈ ਵੀ ਇੱਜ਼ਤ ਨਹੀਂ ਕਰਦਾ। ਗੁੱਸੇ ਵਿੱਚ ਆ ਕੇ ਪਤਾ ਨਹੀਂ ਕੀ ਕੁੱਝ ਬੋਲ ਦਿੱਤਾ ਜਾਂਦਾ ਹੈ ।ਇਸੇ ਤਰ੍ਹਾਂ ਪਰਿਵਾਰਾਂ ਵਿੱਚ ਛੋਟਿਆਂ ਨੂੰ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਮਾਂ ਪਿਓ ਦੀ ਇੱਜ਼ਤ ਕਰਨੀ ਚਾਹੀਦੀ ਹੈ।

ਵੱਡਿਆਂ ਨੂੰ ਵੀ ਛੋਟਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ। ਜੇ ਅਸੀਂ ਕਿਸੇ ਤੋਂ ਉਮੀਦ ਰੱਖਦੇ ਹਨ ਕਿ ਉਹ ਬੰਦਾ ਸਾਡੀ ਇੱਜ਼ਤ ਕਰੇ ਤਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਉਸ ਬੰਦੇ ਨੂੰ ਬਰਾਬਰ ਦਾ ਆਦਰ ਮਾਣ ਸਤਿਕਾਰ ਦੇਈਏ। ਅਕਸਰ ਕਿਹਾ ਵੀ ਜਾਂਦਾ ਹੈ ਕਿ ਵਕ਼ਤ ,ਭਰੋਸਾ ਤੇ ਇੱਜ਼ਤ ਜੇ ਇਕ ਵਾਰ ਹੱਥ ਤੋਂ ਨਿਕਲ ਜਾਂਦੇ ਹਾਂ ਤਾਂ ਦੁਬਾਰਾ ਕਮਾਣੀ ਬਹੁਤ ਮੁਸ਼ਕਿਲ ਹੁੰਦੇ ਹਨ। ਸਮਾਂ ਰਹਿੰਦਿਆ ਤਿੰਨਾਂ ਦੀ ਕਦਰ ਕਰਨੀ ਚਾਹੀਦੀ ਹੈ। ਤਾਂ ਹੀ ਅਸੀਂ ਜਿੰਦਗੀ ਖੁਸ਼ਹਾਲ ਢੰਗ ਨਾਲ ਬਸਰ ਕਰ ਸਕਦੇ ਹਨ।

# ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਡਾਈਟ 'ਚ ਸ਼ਾਮਲ ਕਰੋ ਇਹ 5 ਚੀਜ਼ਾਂ



ਜ਼ਿਆਦਾ ਤਣਾਅ ਲੈਣ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਮਾਈਗ੍ਰੇਨ ਦੀ ਸਮੱਸਿਆ ਹੋ ਜਾਂਦੀ ਹੈ। ਮਾਈਗਰੇਨ ਹੋਣ 'ਤੇ ਕਦੇ ਸਿਰ 'ਚ ਹਲਕਾ ਜਿਹਾ ਦਰਦ ਹੁੰਦਾ ਹੈ ਅਤੇ ਕਦੇ ਤੇਜ਼ ਦਰਦ ਹੁੰਦਾ ਹੈ। ਇਹ ਦਰਦ ਕਈ ਵਾਰ ਅਸਹਿ ਹੋ ਜਾਂਦਾ ਹੈ। ਸਿਹਤ ਮਾਹਿਰਾਂ ਅਨੁਸਾਰ ਠੰਢ, ਮਾਨਸਿਕ ਤਣਾਅ, ਨਸਾਂ ਵਿੱਚ ਤਣਾਅ, ਥਕਾਵਟ, ਕਬਜ਼, ਨਸ਼ਾ, ਅਨੀਮੀਆ ਆਦਿ ਕਾਰਨ ਮਾਈਗ੍ਰੇਨ ਦੀ ਸਮੱਸਿਆ ਹੁੰਦੀ ਹੈ। ਜੇਕਰ ਤੁਸੀਂ ਵੀ ਮਾਈਗ੍ਰੇਨ ਦੇ ਮਰੀਜ਼ ਹੋ ਅਤੇ ਇਸ ਸਮੱਸਿਆ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਆਪਣੀ ਡਾਈਟ 'ਚ ਇਨ੍ਹਾਂ 5 ਚੀਜ਼ਾਂ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ-

### ਡਾਰਕ ਚਾਕਲੇਟ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਡਾਰਕ ਚਾਕਲੇਟ ਦਾ ਸੇਵਨ ਕਰ ਸਕਦੇ ਹੋ। ਇਸ 'ਚ ਮੈਗਨੀਸ਼ੀਅਮ ਹੁੰਦਾ ਹੈ, ਜੋ ਹਾਰਮੋਨਲ ਅਸੰਤੁਲਨ ਦੀ ਸਮੱਸਿਆ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ। ਇਸ ਦੇ ਸੇਵਨ ਨਾਲ ਸੋਜ ਵੀ ਘੱਟ ਹੁੰਦੀ ਹੈ। ਜੇਕਰ ਤੁਹਾਨੂੰ ਨਿਯਮਤ ਅੰਤਰਾਲ 'ਤੇ ਸਿਰ ਦਰਦ ਦੀ ਸਮੱਸਿਆ ਹੈ, ਤਾਂ ਡਾਰਕ ਚਾਕਲੇਟ ਜ਼ਰੂਰ ਖਾਓ।

### ਕੇਲਾ



ਕੇਲੇ ਦਾ ਸੇਵਨ ਕਰਨ ਨਾਲ ਸਰੀਰ ਵਿਚ ਤੁਰੰਤ ਊਰਜਾ ਦਾ ਸੰਚਾਰ ਹੁੰਦਾ ਹੈ। ਇਸ ਵਿੱਚ ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਪੋਟਾਸ਼ੀਅਮ ਭਰਪੂਰ ਭੋਜਨ ਖਾਣ ਨਾਲ ਹਾਈ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ। ਇਸ ਦੇ ਨਾਲ ਹੀ ਮੈਗਨੀਸ਼ੀਅਮ ਭਰਪੂਰ ਭੋਜਨ ਖਾਣ ਨਾਲ ਬਲੱਡ ਸ਼ੂਗਰ ਅਤੇ ਮਾਈਗ੍ਰੇਨ ਨੂੰ ਕੰਟਰੋਲ ਕਰਨ 'ਚ ਮਦਦ ਮਿਲਦੀ ਹੈ। ਇਸ ਦੇ ਲਈ ਜੇਕਰ ਮਾਈਗ੍ਰੇਨ ਦੀ ਸਮੱਸਿਆ ਹੈ ਤਾਂ ਕੇਲੇ ਦਾ ਸੇਵਨ ਕੀਤਾ ਜਾ ਸਕਦਾ ਹੈ। ਤੁਸੀਂ ਚਾਹੋ ਤਾਂ ਰੋਜ਼ਾਨਾ ਡਾਈਟ 'ਚ ਕੇਲੇ ਨੂੰ ਸ਼ਾਮਲ ਕਰ ਸਕਦੇ ਹੋ।

### ਸਮੁੰਦਰੀ ਭੋਜਨ



ਜੇਕਰ ਤੁਸੀਂ ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨਾ ਚਾਹੁੰਦੇ ਹੋ ਤਾਂ ਸਮੁੰਦਰੀ ਭੋਜਨ ਨੂੰ ਡਾਈਟ 'ਚ ਜ਼ਰੂਰ ਸ਼ਾਮਲ ਕਰੋ। ਇਸ ਦੇ ਲਈ ਹਫਤੇ 'ਚ ਦੋ ਵਾਰ ਟੂਨਾ, ਸਾਲਮਨ ਫਿਸ਼ ਸਮੇਤ ਸਮੁੰਦਰੀ ਭੋਜਨ ਖਾਓ। ਇਸ 'ਚ ਓਮੇਗਾ-3 ਫੈਟੀ ਐਸਿਡ ਅਤੇ ਐਂਟੀ-ਇੰਫਲੇਮੇਟਰੀ ਗੁਣ ਪਾਏ ਜਾਂਦੇ ਹਨ, ਜੋ ਮਾਈਗ੍ਰੇਨ 'ਚ ਮਦਦਗਾਰ ਸਾਬਤ ਹੁੰਦੇ ਹਨ।

### ਬਦਾਮ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਰੋਜ਼ਾਨਾ ਬਦਾਮ ਖਾਓ। ਇਸ ਨਾਲ ਯਾਦ ਸ਼ਕਤੀ ਵਧਦੀ ਹੈ। ਇਸ ਦੇ ਨਾਲ ਹੀ ਮਨ ਤਿੱਖਾ ਹੋ ਜਾਂਦਾ ਹੈ। ਇਸ ਵਿੱਚ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਇਸ ਨਾਲ ਤਣਾਅ ਘੱਟ ਹੁੰਦਾ ਹੈ। ਇਸ ਦੇ ਲਈ ਮਾਈਗ੍ਰੇਨ ਦੇ ਮਰੀਜ਼ਾਂ ਨੂੰ ਬਦਾਮ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

### ਆਂਵਲੇ ਦਾ ਜੂਸ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਆਂਵਲੇ ਦੇ ਜੂਸ ਦਾ ਸੇਵਨ ਵੀ ਕਰ ਸਕਦੇ ਹੋ। ਇਸ 'ਚ ਸਾਰੇ ਜ਼ਰੂਰੀ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਾਈਗ੍ਰੇਨ 'ਚ ਫਾਇਦੇਮੰਦ ਹੁੰਦੇ ਹਨ। ਇਸ ਦੇ ਲਈ ਮਾਈਗ੍ਰੇਨ ਦੇ ਰੋਗੀਆਂ ਨੂੰ ਆਂਵਲਾ ਜਾਂ ਐਲੋਵੇਰਾ ਜੂਸ ਦਾ ਸੇਵਨ ਕਰਨਾ ਚਾਹੀਦਾ ਹੈ।

# ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਨਮਾਨ ਤੇ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ: ਮੋਹਿੰਦਰ ਭਗਤ

**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਨੇ ਅੱਜ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਹੁਸ਼ਿਆਰਪੁਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਜੰਗੀ ਯਾਦਗਾਰ 'ਤੇ ਫੁੱਲਮਾਲਾ ਭੇਟ ਕਰਕੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਸੈਨਿਕ ਰੈਸਟ ਹਾਊਸ ਦੇ ਨਵੀਨੀਕਰਨ ਦਾ ਰਸਮੀ ਉਦਘਾਟਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਲੋੜਵੰਦ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੈੱਕ ਵੀ ਭੇਟ ਕੀਤੇ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਸ਼ਾਨਦਾਰ ਗਾਰਡ ਆਫ਼ ਆਨਰ ਵੀ ਦਿੱਤਾ ਗਿਆ।



ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਸਾਬਕਾ ਸੈਨਿਕ ਸਾਡੇ ਦੇਸ਼ ਦਾ ਮਾਣ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਨਮਾਨ ਅਤੇ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸੈਨਿਕ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਕੋਈ ਮੁਸ਼ਕਿਲ ਆਉਂਦੀ ਹੈ, ਤਾਂ ਉਨ੍ਹਾਂ ਨੂੰ ਤੁਰੰਤ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੂੰ ਸੂਚਿਤ ਕਰਨਾ ਚਾਹੀਦਾ ਹੈ ਤਾਂ ਜੋ ਸਮੱਸਿਆ ਦਾ ਸਮੇਂ ਸਿਰ ਹੱਲ ਕੀਤਾ ਜਾ ਸਕੇ।

ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਸਾਬਕਾ ਸੈਨਿਕਾਂ ਦੀ ਭਲਾਈ ਨਾਲ ਸਬੰਧਿਤ ਮੁੱਦਿਆਂ 'ਤੇ ਤਿਮਾਹੀ ਮੀਟਿੰਗਾਂ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕੀਤੀਆਂ ਜਾਣ, ਜੋ ਕਿ ਇਸ ਸਮੇਂ ਨਿਯਮਿਤ ਤੌਰ 'ਤੇ ਵੀ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ, ਲੈਫਟੀਨੈਂਟ ਕਰਨਲ (ਸੇਵਾਮੁਕਤ) ਸਰਬਜੀਤ ਸਿੰਘ ਸੈਣੀ ਨੇ ਕੈਬਨਿਟ ਮੰਤਰੀ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ 117 ਸੇਵਾਮੁਕਤ ਅਧਿਕਾਰੀ, 61,621 ਸਾਬਕਾ ਸੈਨਿਕ, 7,428 ਵਿਧਵਾਵਾਂ, 137 ਯੁੱਧ-ਵਿਧਵਾਵਾਂ ਅਤੇ 221 ਪੁਰਸਕਾਰ ਜੇਤੂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੰਪਿਊਟਰ ਕੋਰਸਾਂ ਅਤੇ ਮੁੜ ਤਾਇਨਾਤੀ ਦੇ ਮੌਕੇ ਵਰਗੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਇਸ ਮੌਕੇ ਡਿਫੈਂਸ ਸਰਵਿਸਿਜ਼ ਵੈਲਫੇਅਰ ਪੰਜਾਬ ਦੇ ਡਾਇਰੈਕਟਰ, ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਵਿਭਾਗ ਸਾਬਕਾ ਸੈਨਿਕਾਂ ਨੂੰ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਅਤੇ ਨਵੀਆਂ ਨੀਤੀਆਂ ਦਾ ਲਾਭ ਪ੍ਰਦਾਨ ਕਰ ਰਿਹਾ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਐਸ. ਡੀ. ਐਮ ਦਸੂਹਾ ਕੰਵਲਜੀਤ ਸਿੰਘ, ਐਸ.ਪੀ ਡਾ.ਮੁਕੇਸ਼, ਉਪ ਪ੍ਰਧਾਨ ਜਿਲਾ ਸੈਨਿਕ ਬੋਰਡ ਕਰਨਲ (ਸੇਵਾਮੁਕਤ) ਮਲੂਕ ਸਿੰਘ, ਕਰਨਲ (ਸੇਵਾਮੁਕਤ) ਰਘਬੀਰ ਸਿੰਘ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ, ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦਾ ਸਟਾਫ਼, ਵੀਰ ਨਾਰੀਆਂ, ਸਾਬਕਾ ਸੈਨਿਕ ਅਤੇ ਉਨ੍ਹਾਂ ਦੇ ਪਰਿਵਾਰ ਵੱਡੀ ਗਿਣਤੀ ਵਿਚ ਮੌਜੂਦ ਸਨ।

# ਲੋਕ ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਲਈ ਵਾਰਡ ਪੱਧਰ ਉੱਤੇ ਕਮੇਟੀਆਂ ਦੇ ਬਣਨ ਮੈਂਬਰ: ਧਵਨ



**ਅੰਮ੍ਰਿਤਸਰ 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਵਿਚ ਆਮ ਲੋਕਾਂ ਦਾ ਸਾਥ ਲੈਣ ਲਈ ਨਸ਼ਾ ਮੁਕਤੀ ਮੋਰਚਾ ਦੇ ਅੰਮ੍ਰਿਤਸਰ ਸਹਿਰੀ ਪ੍ਰਧਾਨ ਸ੍ਰੀ ਦੀਕਸ਼ਿਤ ਧਵਨ ਵੱਲੋਂ ਅੱਜ ਅੰਮ੍ਰਿਤਸਰ ਦੱਖਣੀ ਹਲਕੇ ਦੀਆਂ ਮੀਟਿੰਗਾਂ ਪੁਲਿਸ, ਪ੍ਰਸ਼ਾਸਨ, ਪਾਰਟੀ ਦੇ ਆਗੂਆਂ ਅਤੇ ਹੋਰ ਮੋਹਤਬਰਾਂ ਨਾਲ ਕੀਤੀ ਗਈ, ਸ੍ਰੀ ਧਵਨ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ੇ ਦਾ ਮੁਕੰਮਲ ਖਾਤਮਾ ਕਰਨਾ ਹੈ ਅਤੇ ਇਸ ਯਾਤਰਾ ਨਾਲ ਹੁਣ ਹਰ ਪਿੰਡ ਹਰ ਸ਼ਹਿਰ ਨਸ਼ਾ ਮੁਕਤ ਹੋਵੇਗਾ। ਸ੍ਰੀ ਧਵਨ ਨੇ ਕਿਹਾ ਕਿ ਲੋਕ ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਲਈ ਬਣਾਈਆਂ ਜਾਣ ਵਾਲੀਆਂ ਕਮੇਟੀਆਂ ਦੇ ਮੈਂਬਰ ਜਰੂਰ ਬਣਨ ਤਾਂ ਜੋ ਹਰੇਕ ਇਲਾਕੇ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ।

ਸ੍ਰੀ ਧਵਨ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਨਾਲ ਬਰਬਾਦ ਕਰਨ ਵਾਲੇ ਤਸਕਰਾਂ ਨੂੰ ਨਹੀਂ ਬਖਸ਼ੇਗੀ। ਸ੍ਰੀ ਧਵਨ ਨੇ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਕੇ ਸੂਬੇ ਵਿਚੋਂ ਨਸ਼ਿਆਂ ਦੀ ਤਸਕਰੀ ਨੂੰ ਮੁਕੰਮਲ ਤੌਰ ਤੇ ਖ਼ਤਮ ਕਰ ਰਹੀ ਹੈ। ਉਥੇ ਨਸ਼ਿਆਂ ਦੀ ਮਾੜੀ ਆਦਤ ਦਾ ਸ਼ਿਕਾਰ ਹੋ ਚੁੱਕੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਨਾਂ ਨੂੰ ਮੁੜ ਆਪਣੇ ਪੈਰਾਂ ਤੇ ਖੜ੍ਹਾ ਕਰਨ ਦੇ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਪ੍ਰਸਾਸ਼ਨ ਰੋਜਾਨਾ ਵੱਡੀ ਗਿਣਤੀ ਵਿੱਚ ਨਸ਼ੇ ਦੀਆ ਖੇਪਾਂ ਨੂੰ ਬਰਾਮਦ ਕਰ ਰਿਹਾ ਹੈ ਅਤੇ ਨਸ਼ਾ ਤਸਕਰਾਂ ਦੇ ਘਰਾਂ ਨੂੰ ਢਾਹਿਆ ਜਾ ਰਿਹਾ ਹੈ।

ਇਨ੍ਹਾਂ ਮੀਟਿੰਗਾਂ ਵਿੱਚ ਵਾਰਡ ਪੱਧਰ ਉੱਤੇ ਡਿਫੈਂਸ-ਕਮੇਟੀਆਂ ਬਨਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਉਹਨਾਂ ਨੇ ਕਿਹਾ ਕਿ ਹਲਕਾ ਪੱਧਰ ਉੱਤੇ ਬਣ ਰਹੀਆਂ ਇਹਨਾਂ ਕਮੇਟੀਆਂ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦਾ ਸਾਥ ਲਿਆ ਜਾਵੇਗਾ ਅਤੇ ਜੋ ਵੀ ਵਿਅਕਤੀ ਨਸ਼ੇ ਦੇ ਖਾਤਮੇ ਲਈ ਸਰਕਾਰ ਦਾ ਸਾਥ ਦੇਣਾ ਚਾਹੁੰਦਾ ਹੈ ਉਹ ਇਹਨਾਂ ਕਮੇਟੀਆਂ ਵਿੱਚ ਬਤੌਰ ਮੈਂਬਰ ਲਿਆ ਜਾਵੇਗਾ।

ਉਨਾਂ ਕਿਹਾ ਕਿ ਇਹਨਾਂ ਡਿਫੈਂਸ ਕਮੇਟੀਆਂ ਵਿੱਚ ਆਮ ਲੋਕਾਂ ਦੀ ਸ਼ਾਮੂਲੀਅਤ ਨੂੰ ਵੱਧ ਤੋਂ ਵੱਧ ਯਕੀਨੀ ਬਣਿਆ ਜਾਵੇਗਾ , ਤਾਂ ਕਿ ਇਸ ਨਾਲ ਨਸ਼ੇ ਰੂਪੀ ਕੋਹੜ ਨੂੰ ਜੜ੍ਹ ਤੋਂ ਇਸ ਗੁਰੂ ਰਾਮਦਾਸ ਜੀ ਦੀ ਨਗਰੀ ਵਿੱਚੋ ਖਤਮ ਕੀਤਾ ਜਾ ਸਕੇ।

ਸ੍ਰੀ ਧਵਨ ਨੇ ਇਸ ਮੌਕੇ ਕਿਹਾ ਕਿ ਇਹ ਕਮੇਟੀਆਂ ਨਾ ਕੇਵਲ ਨਸ਼ੇ ਵਿਰੁੱਧ ਜਾਗਰੂਕਤਾ ਮੁਹਿੰਮ ਲਈ ਕੰਮ ਕਰਨਗੀਆਂ ਬਲਕਿ ਨਸ਼ੇ ਦੇ ਰੋਗੀਆਂ ਦੇ ਇਲਾਜ ਲਈ ਵੀ ਅੱਗੇ ਹੋ ਕੇ ਕੰਮ ਕਰਨਗੀਆਂ। ਇਸ ਤੋਂ ਇਲਾਵਾ ਨਸ਼ੇ ਦੇ ਸਮਗਲਰਾਂ ਨੂੰ ਜੇਲਾਂ ਵਿੱਚ ਪਹੁੰਚਾਉਣ ਲਈ ਵੀ ਪੁਲਿਸ ਦਾ ਸਾਥ ਦੇਣਗੀਆਂ।

ਮੀਟਿੰਗ ਦੌਰਾਨ ਐਸ:ਪੀ ਸਿਟੀ -1 ਸ੍ਰੀ ਵਿਸ਼ਾਲਜੀਤ ਸਿੰਘ ਅਤੇ ਏ:ਸੀ:ਪੀ. ਸ੍ਰੀ ਪ੍ਰਵੇਸ਼ ਚੋਪੜਾ ਨੇ ਸਖ਼ਤ ਸ਼ਬਦਾਂ ਵਿੱਚ ਨਸ਼ਾ ਤਸਰਕਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨਾਂ ਕਿਹਾ ਕਿ ਹੁਣ ਆਮ ਲੋਕ ਵੀ ਨਸ਼ਿਆਂ ਵਿਰੁੱਧ ਉੱਠ ਖੜੇ ਹੋਏ ਹਨ ਅਤੇ ਨਸ਼ਾ ਵੇਚਣ ਵਾਲਿਆਂ ਬਾਰੇ ਪੁਲਿਸ ਨੂੰ ਸੂਚਨਾ ਦੇ ਰਹੇ ਹਨ। ਉਨਾਂ ਦੱਸਿਆ ਕਿ ਹਰੇਕ ਸੂਚਨਾ ਨੂੰ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਐਸ.ਐਚ.ਓ ਸੁਲਤਾਨਵਿੰਡ ਅਤੇ ਸੀ ਡਵੀਜਨ ਤੋਂ ਇਲਾਵਾ ਹਲਕਾ ਕੁਆਰਡੀਨੇਟਰ ਮਨਜੀਤ ਸਿੰਘ ਫੌਜੀ, ਵਾਇਸ ਕੁਆਰਡੀਨੇਟਰ ਬਲਬੀਰ ਕਪੂਰ ਤੇ ਹਰਵਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਬੀ.ਐੱਸ.ਐੱਨ.ਐੱਲ ਨੇ ਸੁਤੰਤਰਤਾ ਦਿਵਸ 'ਤੇ ਆਪਣੇ ਖਪਤਕਾਰਾਂ ਨੂੰ ਦਿੱਤਾ ਤੋਹਫਾ

# ਸਿਰ.ਫ 1 ਰੁਪਏ ਵਿੱਚ ਸਿਮ ਖਰੀਦਣ ਨਾਲ, ਗਾਹਕ 272 ਡੇਟਾ ਅਤੇ ਇੱਕ ਮਹੀਨੇ ਲਈ ਮੁ.ਫਤ ਐੱਸ.ਐੱਮ.ਐੱਸ

**ਬਰਨਾਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਚਾਰ ਨਿਗਮ ਲਿਮਿਟੇਡ (ਬੀ.ਐੱਸ.ਐੱਨ.ਐੱਲ) ਨੇ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਇੱਕ ਮਹੀਨੇ ਲਈ ਮੁਫ਼ਤ 47 ਸੇਵਾਵਾਂ ਦੀ 'ਆਜ਼ਾਦੀ ਯੋਜਨਾ' ਸ਼ੁਰੂ ਕੀਤੀ ਹੈ। ਇਸ ਦੇ ਤਹਿਤ ਬੀ.ਐੱਸ.ਐੱਨ.ਐੱਲ ਸਿਰਫ਼ 1 ਰੁਪਏ ਵਿੱਚ ਇੱਕ ਸਿਮ ਦਿਤਾ ਜਾਵੇਗਾ। ਜਿਸ ਕਾਰਨ ਉਪਭੋਗਤਾਵਾਂ ਨੂੰ ਪੂਰੇ ਮਹੀਨੇ ਤੱਕ ਬੀ.ਐੱਸ.ਐੱਨ.ਐੱਲ ਮੋਬਾਈਲ ਸੇਵਾਵਾਂ ਮਿਲਣਗੀਆਂ। ਇਹ ਜਾਣਕਾਰੀ ਬੀ.ਐਸ.ਐਨ.ਐਲ ਸੰਗਰੂਰ/ਬਰਨਾਲਾ ਦੇ ਡਿਪਟੀ ਜਨਰਲ ਮੈਨੇਜਰ ਰਾਜਪਾਲ ਦਹੀਆ ਨੇ ਦਿੱਤੀ।




ਸ੍ਰੀ ਰਾਜਪਾਲ ਦਹੀਆ ਨੇ ਦੱਸਿਆ ਕਿ ਭਾਰਤ ਦੀ ਭਰੋਸੇਯੋਗ ਸਰਕਾਰੀ ਟੈਲੀਕਾਮ ਕੰਪਨੀ ਬੀਐੱਸਐੱਨਐੱਲ ਨੇ 'ਆਜ਼ਾਦੀ ਯੋਜਨਾ' ਸ਼ੁਰੂ ਕੀਤੀ ਹੈ। ਜਿਸ ਨੇ ਗਾਹਕਾਂ ਦੀਆਂ ਉਮੀਦਾਂ ਨੂੰ ਭਰੋਸੇ ਵਿੱਚ ਬਦਲ ਦਿੱਤਾ ਹੈ।
ਇਹ ਪਹਿਲ BSNL ਦੁਆਰਾ ਭਾਰਤ ਦੇ ਸੁਤੰਤਰਤਾ ਦਿਵਸ ਨੂੰ ਮਨਾਉਣ ਲਈ ਨਾਗਰਿਕਾਂ ਨੂੰ ਭਾਰਤ ਦੀ ਸਵਦੇਸ਼ੀ ਤੌਰ 'ਤੇ ਵਿਕਸਤ 47 ਤਕਨਾਲੋਜੀ ਦਾ ਮੁਫਤ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕਰਕੇ ਕੀਤੀ ਗਈ ਹੈ।
ਉਨ੍ਹਾਂ ਦੱਸਿਆ ਕਿ ਇਸ ਸਕੀਮ ਦੇ ਜ਼ਰੀਏ, ਹਰ ਉਪਭੋਗਤਾ ਪ੍ਰਤੀ ਦਿਨ 272 ਹਾਈ-ਸਪੀਡ ਡੇਟਾ ਪ੍ਰਾਪਤ ਕਰਨ ਦੇ ਯੋਗ ਹੋਵੇਗਾ। ਉਨ੍ਹਾਂ ਦੱਸਿਆ ਕਿ ਸੰਗਰੂਰ ਦੇ ਸੰਚਾਲਨ ਖੇਤਰ ਨੇ ਤਿੰਨ ਜ਼ਿਲ੍ਹਿਆਂ - ਸੰਗਰੂਰ, ਵਿੱਚ ਮੇਕ-ਇਨ-ਇੰਡੀਆ ਤਕਨਾਲੋਜੀ ਦੀ ਵਰਤੋਂ ਕਰਕੇ ਸੰਚਾਲਨ ਵਿਕਸਿਤ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਮਲੇਰਕੋਟਲਾ ਅਤੇ ਬਰਨਾਲਾ ਵਿੱਚ 600 ਤੋਂ ਵੱਧ 47 ਸਾਈਟਾਂ ਲਾਂਚ ਕੀਤੀਆਂ ਗਈਆਂ, ਇਸ ਪਹਿਲਕਦਮੀ ਦਾ ਉਦੇਸ਼ ਸੁਰੱਖਿਅਤ, ਉੱਚ-ਗੁਣਵੱਤਾ ਅਤੇ ਕਿਫਾਇਤੀ ਮੋਬਾਈਲ ਕਨੈਕਟੀਵਿਟੀ ਨਾਲ ਡਿਜ਼ੀਟਲ ਇੰਡੀਆ ਨੂੰ ਸਮਰੱਥ ਬਣਾਉਣ ਵਿਚ ਇਕ ਮੀਲ ਪੱਥਰ ਦਾ ਕੰਮ ਕਰੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਵਾਸੀ ਆਪਣੇ ਨਜ਼ਦੀਕੀ BSNL ਗਾਹਕ ਦੇਖਭਾਲ ਕੇਂਦਰ 'ਤੇ ਜਾ ਕੇ ਜਾਂ ਟੋਲ-ਫ੍ਰੀ ਨੰਬਰ 18001801503 'ਤੇ ਕਾਲ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

# ਪਾਕਿ-ਆਈ.ਐਸ.ਆਈ. ਸਮਰਥਿਤ ਬੀ.ਕੇ.ਆਈ. ਵੱਲੋਂ ਰਚੀ ਗਈ ਅੱਤਵਾਦੀ ਸਾਜ਼ਿਸ਼ ਨੂੰ ਕੀਤਾ ਨਾਕਾਮ ; ਤਰਨ ਤਾਰਨ ਤੋਂ ਆਈ.ਈ.ਡੀ. ਬਰਾਮਦ

**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਪਾਕਿਸਤਾਨ ਦੇ ਆਈ.ਐਸ.ਆਈ. ਸਮਰਥਿਤ ਸਰਹੱਦ ਪਾਰ ਦੇ ਅੱਤਵਾਦੀ ਨੈੱਟਵਰਕਾਂ ਨੂੰ ਵੱਡਾ ਝਟਕਾ ਦਿੰਦੇ ਹੋਏ, ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਪੰਜਾਬ ਨੇ ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਅੱਤਵਾਦੀ ਹਰਵਿੰਦਰ ਰਿੰਦਾ ਅਤੇ ਅੱਤਵਾਦੀ ਲਖਬੀਰ ਲੰਡਾ ਵੱਲੋਂ ਰਚੀ ਗਈ ਵੱਡੀ ਅੱਤਵਾਦੀ ਸਾਜ਼ਿਸ਼ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਏਜੀਟੀਐਫ ਦੀਆਂ ਟੀਮਾਂ ਨੂੰ ਪਾਕਿਸਤਾਨ ਤੋਂ ਭੇਜੀ ਗਈ ਇੰਪਰੂਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਦੀ ਖੇਪ ਬਾਰੇ ਭਰੋਸੇਯੋਗ ਸੂਤਰਾਂ ਤੋਂ ਖੁਫੀਆ ਇਤਲਾਹ ਮਿਲੀ ਸੀ। ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਏਜੀਟੀਐਫ ਨੇ ਤਰਨਤਾਰਨ ਪੁਲਿਸ ਨਾਲ ਤਾਲਮੇਲ ਕਰਕੇ ਜ਼ਿਲ੍ਹੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਅਤੇ ਤਰਨਤਾਰਨ ਦੇ ਨੌਸ਼ਹਿਰਾ ਪੰਨੂਆਂ ਖੇਤਰ ਤੋਂ ਇੱਕ ਆਈਈਡੀ ਬਰਾਮਦ ਕੀਤੀ । ਗੌਰਤਲਬ ਹੈ ਕਿ ਇਸ ਕਾਰਵਾਈ ਨੇ ਆਈ.ਈ.ਡੀ. ਨੂੰ ਰਿੰਦਾ ਅਤੇ ਲੰਡਾ ਦੇ ਸਥਾਨਕ ਸਾਥੀਆਂ,ਜੋ ਇਸ ਦੀ ਵਰਤੋਂ ਅੱਤਵਾਦੀ ਗਤੀਵਿਧੀਆਂ ਲਈ ਕਰ ਸਕਦੇ ਸਨ, ਤੱਕ ਪਹੁੰਚਣ ਤੋਂ ਰੋਕ ਦਿੱਤਾ ।



ਡੀਜੀਪੀ ਨੇ ਅੱਗੇ ਕਿਹਾ ਕਿ ਆਈਈਡੀ ਨੂੰ ਤੁਰੰਤ ਸੁਰੱਖਿਅਤ ਢੰਗ ਨਾਲ ਇੱਕ ਨਿਰਧਾਰਤ ਸਥਾਨ 'ਤੇ ਲਿਜਾਇਆ ਗਿਆ, ਜਿੱਥੇ ਇਸਨੂੰ ਵਿਸਫੋਟਕ ਆਰਡੀਨੈਂਸ ਡਿਸਪੋਜ਼ਲ ਟੀਮ ਦੁਆਰਾ ਕੰਟਰੋਲਡ ਡੈਟੋਨੇਸ਼ਨ ਤਹਿਤ ਸਫਲਤਾਪੂਰਵਕ ਬੇਅਸਰ ਕਰ ਦਿੱਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀ ਫੌਰੀ ਅਤੇ ਸਰਗਰਮ ਕਾਰਵਾਈ ਨੇ ਇੱਕ ਵੱਡੀ ਵਾਰਦਾਤ ਨੂੰ ਟਾਲ ਦਿੱਤਾ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ। ਹੋਰ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਆਈ. ਈ. ਡੀ. ਨੂੰ ਪਾਕਿਸਤਾਨੀ ਏਜੰਸੀਆਂ ਵੱਲੋਂ ਸਮਰਥਿਤ ਅੱਤਵਾਦੀ ਮਾਡਿਊਲਾਂ ਦੁਆਰਾ ਸਰਹੱਦੀ ਸੂਬੇ ਦੀ ਸ਼ਾਂਤੀ ਭੰਗ ਕਰਨ ਅਤੇ ਮਾਸੂਮਾਂ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਪੰਜਾਬ ਵਿੱਚ ਭੇਜਿਆ ਗਿਆ ਸੀ।

ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ,ਏਜੀਟੀਐਫ ਗੁਰਮੀਤ ਸਿੰਘ ਚੌਹਾਨ ਨੇ ਕਿਹਾ ਕਿ ਤਰਨਤਾਰਨ ਦੇ ਪੁਲਿਸ ਥਾਣਾ ਸਿਰਹਾਲੀ ਵਿਖੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਅਤੇ ਬੀਐਨਐਸ ਦੀ ਧਾਰਾ 111 ਤਹਿਤ ਐਫਆਈਆਰ ਨੰਬਰ 106 ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਿੰਦਾ ਅਤੇ ਲੰਡਾ ਦੇ ਸਾਥੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਹੋਰ ਜਾਂਚ ਜਾਰੀ ਹੈ।

# ਰਣਜੀਤ ਸਾਗਰ ਡੈਮ 'ਤੇ ਪਾਣੀ ਦਾ ਪ੍ਰਵਾਹ 23375 ਕਿਊਸਿਕ ਘਟਿਆ: ਡਿਪਟੀ ਕਮਿਸ਼ਨਰ

**ਮਾਨਸਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐਸ. ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਣਜੀਤ ਸਾਗਰ ਡੈਮ 'ਤੇ ਪਾਣੀ ਦਾ ਪ੍ਰਵਾਹ 32836 ਤੋਂ ਘਟ ਕੇ 9461 ਕਿਊਸਿਕ ਹੋ ਗਿਆ ਹੈ। ਚੱਕੀ ਕੰਢੇ 'ਤੇ ਪਾਣੀ ਦਾ ਪ੍ਰਵਾਹ 4057 ਤੋਂ ਘਟ ਕੇ 3246 ਕਿਊਸਿਕ ਜਦਕਿ ਖਨੌਰੀ ਵਿਖੇ ਪਾਣੀ ਦਾ ਪ੍ਰਵਾਹ 5200 ਤੋਂ ਘਟ ਕੇ 738.1 ਕਿਊਸਿਕ ਹੋ ਗਿਆ ਹੈ।

ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਚੰਡੀਗੜ੍ਹ ਦੇ ਨੇੜੇ ਘੱਗਰ ਨਦੀ ਦੇ ਕੈਚਮੈਂਟ ਏਰੀਆ ਅਤੇ ਸ਼ਿਵਾਲਿਕ ਪਹਾੜੀਆਂ ਵਿੱਚ ਹੋਈ ਬਾਰਿਸ਼ ਕਾਰਨ ਭਾਵੇਂ ਘੱਗਰ ਵਿੱਚ ਪਾਣੀ ਦਾ ਪੱਧਰ ਵਧਿਆ ਹੈ, ਪਰ ਹੁਣ ਸੁਖਨਾ ਝੀਲ ਵਾਲੇ ਪਾਸੇ ਪਾਣੀ ਦਾ ਪੱਧਰ ਘੱਟਣਾ ਸ਼ੁਰੂ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਪਾਣੀ ਵਿੱਚ ਇਸ ਅਚਾਨਕ ਵਾਧੇ ਦਾ ਪ੍ਰਭਾਵ 12 ਤੋਂ 18 ਘੰਟਿਆਂ ਵਿੱਚ ਖਾਨੌਰੀ ਤੋਂ ਚਾਂਦਪੁਰਾ ਪਹੁੰਚੇਗਾ ਅਤੇ 24 ਤੋਂ 36 ਘੰਟਿਆਂ ਵਿੱਚ ਚਾਂਦਪੁਰਾ ਤੋਂ ਸਰਦੂਲਗੜ੍ਹ ਪੁਲ ਤੱਕ ਪਹੁੰਚ ਕਰੇਗਾ। ਇਸ ਵੇਲੇ ਖਨੌਰੀ ਵਿਖੇ ਪਾਣੀ ਦਾ ਪੱਧਰ 737 ਕਿਊਸਿਕ ਹੈ ਜਿਸ ਵਿੱਚ 5800 ਕਿਊਸ ਡਿਸਚਾਰਜ ਹੈ ਅਤੇ ਚਾਂਦਪੁਰਾ ਵਿਖੇ ਪਾਣੀ ਦੀ ਮਾਤਰਾ ਡਿਸਚਾਰਜ ਦੇ ਨਾਲ 2.8 ਫੁੱਟ ਹੈ।



ਉਨ੍ਹਾਂ ਕਿਹਾ ਕਿ ਜੇਕਰ ਖਨੌਰੀ ਵਿਖੇ 10,000 ਕਿਊਸਿਕ ਪਾਣੀ ਦਾ ਪ੍ਰਵਾਹ ਹੈ ਤਾਂ ਚਾਂਦਪੁਰਾ ਵਿਖੇ ਪਾਣੀ ਦਾ ਪੱਧਰ ਵੱਧ ਤੋਂ ਵੱਧ 5 ਤੋਂ 6 ਫੁੱਟ ਤੱਕ ਪਹੁੰਚਣ ਦੀ ਉਮੀਦ ਹੈ ਜੋ ਕਿ ਖ਼ਤਰੇ ਦੇ ਨਿਸ਼ਾਨ ਤੋਂ ਬਹੁਤ ਹੇਠਾਂ ਹੈ। ਇਸ ਤੋਂ ਇਲਾਵਾ ਚਾਂਦਪੁਰਾ ਸਾਈਫਨ ਤੋਂ ਕੋਲ ਰੰਗੋਈ ਨਾਲਾ ਹੈ ਜੋ ਘੱਗਰ ਤੋਂ ਵਾਧੂ ਪਾਣੀ ਵੀ ਲੈਂਦਾ ਹੈ ਅਤੇ ਇਸ ਦੀ ਵੱਧ ਤੋਂ ਵੱਧ ਸਮਰੱਥਾ ਲਗਭਗ 8000 ਕਿਊਸਿਕ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਥਿਤੀ ਹੜ੍ਹਾਂ ਦੇ ਖ਼ਤਰੇ ਤੋਂ ਬਾਹਰ ਹੈ। ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ ਅਤੇ ਹਰ ਤਰ੍ਹਾਂ ਨਾਲ ਸੁਰੱਖਿਆ ਪ੍ਰਬੰਧ ਮੁਕੰਮਲ ਰੱਖੇ ਗਏ ਹਨ।

# ਅਗਨੀਵੀਰ ਵਾਯੂ ਲਈ ਜਲੰਧਰ ਵਿਖੇ ਭਰਤੀ ਰੈਲੀ 24 ਅਗਸਤ ਤੋਂ 6 ਸਤੰਬਰ ਤੱਕ



**ਜਲੰਧਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਨੀਵੀਰ ਵਾਯੂ ਇਨਟੇਕ 1/2026 ਲਈ ਏਅਰਮੈਨ ਚੋਣ ਕੇਂਦਰ ਅੰਬਾਲਾ ਵੱਲੋਂ ਭਰਤੀ ਰੈਲੀ ਸਥਾਨਕ ਆਰਟਸ ਅਤੇ ਸਪੋਰਟਸ ਕਾਲਜ ਵਿਖੇ 24 ਅਗਸਤ ਤੋਂ 6 ਸਤੰਬਰ 2025 ਕਰਵਾਈ ਜਾ ਰਹੀ ਹੈ।

ਇਸ ਸਬੰਧੀ ਉਪ ਮੰਡਲ ਮੈਜਿਸਟ੍ਰੇਟ ਆਦਮਪੁਰ ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ) ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਭਰਤੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਸ਼੍ਰੀ ਮੋਦੀ, ਜਿਨ੍ਹਾਂ ਨੂੰ ਭਰਤੀ ਰੈਲੀ ਲਈ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਨੇ ਦੱਸਿਆ ਕਿ ਇਸ ਭਰਤੀ ਰੈਲੀ ਵਿੱਚ ਪੰਜਾਬ, ਹਿਮਾਚਾਲ ਪ੍ਰਦੇਸ਼ ਸੂਬਿਆਂ ਤੋਂ ਇਲਾਵਾ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਚੰਡੀਗੜ੍ਹ, ਲੱਦਾਖ ਅਤੇ ਜੰਮੂ ਕਸ਼ਮੀਰ ਦੇ ਉਮੀਦਵਾਰ ਭਾਗ ਲੈਣਗੇ।

ਉਨ੍ਹਾਂ ਦੱਸਿਆ ਕਿ ਇਹ ਰੈਲੀ 27 ਅਗਸਤ ਤੋਂ 1 ਸਤੰਬਰ ਤੱਕ ਪੁਰਸ਼ ਉਮੀਦਵਾਰਾਂ ਅਤੇ 2 ਤੋਂ 4 ਸਤੰਬਰ ਤੱਕ ਮਹਿਲਾ ਉਮੀਦਵਾਰਾਂ ਦੀ ਭਰਤੀ ਲਈ ਹੋਵੇਗੀ। ਉਨ੍ਹਾਂ ਦੱਸਿਆ ਕਿ 27 ਤੇ 211 ਅਗਸਤ ਨੂੰ ਜੰਮੂ ਕਸ਼ਮੀਰ, ਲੱਦਾਖ ਅਤੇ ਹਿਮਾਚਲ ਪ੍ਰਦੇਸ਼ ਦੇ ਉਮੀਦਵਾਰ, 30 ਤੇ 31 ਅਗਸਤ ਨੂੰ ਪੰਜਾਬ ਤੇ ਚੰਡੀਗੜ੍ਹ ਅਤੇ 2 ਤੇ 3 ਸਤੰਬਰ ਨੂੰ ਹਰੇਕ ਰਾਜ/ਕੇਂਦਰੀ ਸ਼ਾਸਿਤ ਪ੍ਰਦੇਸ਼ ਦੀਆਂ ਮਹਿਲਾ ਉਮੀਦਵਾਰ ਭਾਗ ਲੈਣਗੀਆਂ।

ਉਪ ਮੰਡਲ ਮੈਜਿਸਟ੍ਰੇਟ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਭਰਤੀ ਰੈਲੀ ਵਿੱਚ ਸ਼ਾਮਲ ਹੋਣ ਵਾਲੇ ਉਮੀਦਵਾਰਾਂ ਦੇ ਠਹਿਰਨ ਤੇ ਖਾਣੇ ਲਈ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਤੋਂ ਇਲਾਵਾ ਭਰਤੀ ਰੈਲੀ ਵਾਲੇ ਸਥਾਨ ਦੀ ਸਾਫ-ਸਫਾਈ, ਪੀਣ ਵਾਲੇ ਪਾਣੀ ਦਾ ਬੰਦੋਬਸਤ, ਐਂਬੂਲੈਂਸ ਤੇ ਮੈਡੀਕਲ ਟੀਮਾਂ ਦੀ ਤਾਇਨਾਤੀ, ਮੋਬਾਇਲ ਟਾਇਲੈਟਸ, ਫਾਇਰ ਬ੍ਰਿਗੇਡ, ਨਿਰਵਿਘਨ ਬਿਜਲੀ ਸਪਲਾਈ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ ਤਾਂ ਜੋ ਭਰਤੀ ਰੈਲੀ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਉਨ੍ਹਾਂ ਭਰਤੀ ਰੈਲੀ ਦੌਰਾਨ ਪੁਲਿਸ ਵਿਭਾਗ ਨੂੰ ਸੁਰੱਖਿਆ ਪ੍ਰਬੰਧ ਯਕੀਨੀ ਬਣਾਉਣ ਤੋਂ ਇਲਾਵਾ ਮਹਿਲਾ ਉਮੀਦਵਾਰਾਂ ਦੀ ਭਰਤੀ ਰੈਲੀ ਦੌਰਾਨ ਮਹਿਲਾ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਕਰਨ ਲਈ ਵੀ ਕਿਹਾ।

ਮੀਟਿੰਗ ਵਿੱਚ ਏਅਰ ਫੋਰਸ ਅਫ਼ਸਰ ਰਾਕੇਸ਼ ਤ੍ਰਿਵੇਦੀ, ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨੀਲਮ ਮਹੇ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਜੋਸ਼ੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ ਦੇ ਪ੍ਰਿੰਸੀਪਲ ਰਣਬੀਰ ਸਿੰਘ ਵੀ ਮੌਜੂਦ ਸਨ।

# ਘੱਗਰ ਨਦੀ 'ਚ ਪਾਣੀ ਦੀ ਸਥਿਤੀ ਨਿਯੰਤਰਣ ਅਧੀਨ, ਲੋਕ ਅਫ਼ਵਾਹਾਂ ਤੋਂ ਸੁਚੇਤ ਰਹਿਣ : ਪ੍ਰਥਮ ਗੰਭੀਰ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡ੍ਰੇਨੇਜ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਨੇ ਦੱਸਿਆ ਹੈ ਕਿ ਕੱਲ੍ਹ ਚੰਡੀਗੜ੍ਹ/ਡੇਰਾਬੱਸੀ ਦੇ ਉੱਪਰਲੇ ਇਲਾਕਿਆਂ ਵਿੱਚ ਭਾਰੀ ਮੀਂਹ ਕਾਰਨ ਘੱਗਰ ਨਦੀ ਵਿੱਚ ਪਾਣੀ ਦਾ ਪੱਧਰ ਅੱਜ (ਵੀਰਵਾਰ ਨੂੰ) 14 ਫੁੱਟ ਤੱਕ ਵੱਧ ਗਿਆ ਸੀ, ਪ੍ਰੰਤੂ ਹੁਣ ਇਹ ਲਗਾਤਾਰ ਘਟ ਰਿਹਾ ਹੈ, ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਚੰਡੀਗੜ੍ਹ ਖੇਤਰ ਵਿੱਚ ਪਾਣੀ ਦਾ ਇਹ ਪੱਧਰ ਅਚਾਨਕ 10 ਫੁੱਟ ਤੱਕ ਵੱਧ ਗਿਆ ਸੀ, ਜਿੱਥੇ ਹੁਣ ਇਹ ਘੱਟ ਹੋ ਗਿਆ ਹੈ ਅਤੇ ਪਾਣੀ ਅੱਗੇ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ, ਪਿਛਲੇ 12 ਘੰਟਿਆਂ ਦੌਰਾਨ, ਭਾਂਖਰਪੁਰ/ਚੰਡੀਗੜ੍ਹ ਸਾਈਟ 'ਤੇ ਪਾਣੀ ਦਾ ਪੱਧਰ 2 ਫੁੱਟ ਤੱਕ ਘੱਟ ਗਿਆ ਹੈ। ਮੌਜੂਦਾ ਰੁਝਾਨ ਦੇ ਆਧਾਰ 'ਤੇ, ਸਰਾਲਾ ਵਿਖੇ ਘੱਗਰ ਦੇ ਹੋਰ ਵਧਣ ਦੀ ਉਮੀਦ ਨਹੀਂ ਹੈ, ਅਤੇ ਪੱਧਰ ਹੁਣ ਘੱਟਣਾ ਸ਼ੁਰੂ ਹੋ ਗਿਆ ਹੈ।

ਕਾਰਜਕਾਰੀ ਇੰਜੀਨੀਅਰ ਨੇ ਅੱਗੇ ਕਿਹਾ ਕਿ ਭਾਂਖਰਪੁਰ/ਚੰਡੀਗੜ੍ਹ ਦੇ ਪੱਧਰ ਦੇ ਆਧਾਰ 'ਤੇ ਕੱਲ੍ਹ ਹੀ ਇੱਕ ਚੇਤਾਵਨੀ/ਸਲਾਹ ਜਾਰੀ ਕੀਤੀ ਗਈ ਸੀ। ਪ੍ਰਥਮ ਗੰਭੀਰ ਨੇ ਅੱਗੇ ਕਿਹਾ ਕਿ ਹੁਣ, ਸਥਿਤੀ ਕਾਬੂ ਵਿੱਚ ਹੈ। ਇਸ ਤੋਂ ਇਲਾਵਾ, ਪਿਛਲੇ 12 ਘੰਟਿਆਂ ਵਿੱਚ ਜ਼ਿਲ੍ਹਾ ਕੈਚਮੈਂਟ ਖੇਤਰ ਵਿੱਚ ਕੋਈ ਮੀਂਹ ਪੈਣ ਦੀ ਰਿਪੋਰਟ ਨਹੀਂ ਹੈ, ਜਿਸ ਕਾਰਨ ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਵੀ ਡਰੇਨੇਜ ਵਿਭਾਗ ਵੱਲੋਂ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਜਦਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ ਅਤੇ ਸਥਿਤੀ ਉਪਰ ਹਰ ਵੇਲੇ ਨਿਗਰਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਕਿਸਮ ਦੀ ਐਮਰਜੈਂਸੀ ਵਿੱਚ ਕੰਟਰੋਲ ਰੂਮ ਨੰਬਰ 0175-2350550 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਫ਼ਵਾਹਾਂ ਤੋਂ ਸੁਚੇਤ ਰਿਹਾ ਜਾਵੇ।

ਪਟਿਆਲਾ 7 ਅਗਸਤ ,ਆਮ ਆਦਮੀ ਪਾਰਟੀ ਦੇ ਦਿਹਾਤੀ ਜਿਲਾ ਪ੍ਰਧਾਨ ਤੇ ਨਗਰ ਸੁਧਾਰ ਟਰਸਟ ਦੇ ਚੇਅਰਮੇਨ ਮੇਘ ਚੰਦ ਸ਼ੇਰ ਮਾਜਰਾ ਨੇ ਆਪਣੇ ਦਫਤਰ ਚ ਪਾਰਟੀ ਦੇ ਨਵਨਿਯੁਕਤ ਅਹੁਦੇਦਾਰਾ ਦਾ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਅਤੇ ਮੁਬਾਰਕਬਾਦ ਦਿੱਤੀ, ਇਸ ਮੌਕ ਵਿਸੇਸ ਤੋਰ ਤੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋ ਵੀ ਪਹੁੰਚੇ।

ਇਸ ਮੋਕੇ ਮੇਘ ਚੰਦ ਸ਼ੇਰ ਮਾਜਰਾ ਜੀ ਨੇ ਦਸਿਆ ਕਿ ਜਿਹੜੇ ਵਰਕਰ ਪਾਰਟੀ ਦੀ ਨਿਸਕਾਮ ਭਾਵਨਾਵਾਂ ਨਾਲ ਸੰਗਠਨ ਦੀ ਸੇਵਾ ਕਰ ਰਹੇ ਹਨ ,ਉਹ ਅਸਲ ਵਿੱਚ ਪਾਰਟੀ ਦੀ ਰੀੜ ਦੀ ਹੱਡੀ ਹਨ,ਉਨ੍ਹਾਂ ਨੇ ਅੱਗੇ ਕਿਹਾ ਕਿ ਪਾਰਟੀ ਨੇ ਆਮ ਵਰਕਰਾਂ ਨੂੰ ਆਹੁਦੇ ਦੇ ਕੇ ਸਨਮਾਨ ਦਿੱਤਾ ਹੈ ਇਹ ਪਾਰਟੀ ਦਾ ਸਲਾਘਾਯੋਗ ਕਦਮ ਹੈ। ਇਸ ਮੋਕੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋ ਨੇ ਕਿਹਾ ਕਿ ਪਾਰਟੀ ਦੇ ਮਹਿਨਤੀ ਵਰਕਰ ਅਤੇ ਅਹੁਦੇਦਾਰ ਹੀ ਜਮੀਨੀ ਤਾਕਤ ਹਨ ,ਜੋ ਪਾਰਟੀ ਲਈ ਦਿਨ ਰਾਤ ਕੰਮ ਕਰਕੇ ਪਾਰਟੀ ਦੀਆਂ ਨੀਤਿਆ ਆਮ ਲੋਕਾਂ ਤੱਕ ਪਹੁੰਚਾ ਰਹੇ ਹਨ। ਇਸ ਅਹੁਦੇਦਾਰ ਸਨਮਾਨ ਸਮਾਰੋਹ ਵਿੱਚ ਬੂੱਟਾ ਸਿੰਘ ਸੂਬਾ ਸਕੱਤਰ ਕਿਸਾਨ ਵਿੰਗ ਪੰਜਾਬ , ਸੰਜੀਵ ਗੁਪਤਾ ਮੈਬਰ ਪਲਾਨਿੰਗ ਬੋਰਡ, ਗਜਨ ਸਿੰਘ ਜਿਲਾ ਮੀਡੀਆ ਸੇਕਟਰੀ ਪਟਿਆਲਾ, ਅਸੋਕ ਸਿਰ ?ਸਵਾਲ ਚੇਅਰਮੇਨ ਮਾਰ ?ਕੀਟ ਕਮੇਟੀ ਪਟਿਆਲਾ ,ਸੁਖਦੇਵ ਸਿੰਘ ਔਲਖ ਜਿਲਾ ਸੇਕਟਰੀ ,ਸਵੇਤਾ ਜਿੰਦਲ ਮੈਬਰ ਪਲਾਨਿੰਗ ਬੋਰਡ ਤੇ ਜਿਲਾ ਪ੍ਰਧਾਨ ਮਹਿਲਾ ਵਿੰਗ ਪਟਿਆਲਾ, ਗੁਰਪ੍ਰੀਤ ਸਿੰਘ ਧਮੋਲੀ ਜਿਲਾ ਇੰਚਾਰਜ ਟਰੇਡ ਵਿੰਗ ਪਟਿਆਲਾ ,ਮੁਨੀਸ਼ ਗਰਗ ਜਿਲਾ ਸਕੱਤਰ ਸੋਸਲ ਮੀਡੀਆ ਪਟਿਆਲਾ , ਮੋਨਿਕਾ ਸ਼ਰਮਾ ਜਿਲਾ ਪ੍ਰਧਾਨ ਮਹਿਲਾ ਵਿੰਗ ਪਟਿਆਲਾ, ਸਿਮਰਨ ਮਿੱਡਾ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਪਟਿਆਲਾ ਸਹਿਰੀ, ਮਨਦੀਪ ਕੌਰ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ,ਗੁਰਧਿਆਨ ਸਿੰਘ ਖਰੋੜ ਜਿਲਾ ਪ੍ਰਧਾਨ ਕਿਸਾਨ ਵਿੰਗ ਪਟਿਆਲਾ, ਰਾਜਵਿੰਦਰ ਕੌਰ ਕੌਰ ਖਰੋੜ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਨਾਭਾ ਅਤੇ ਮਨਦੀਪ ਜੋਲਾ ਆਦਿ ਹਾਜ਼ਰ ਸਨ।

# ਨੈਸ਼ਨਲ ਡੀ-ਵਾਰਮਿੰਗ ਡੇ ਸਬੰਧੀ ਜ਼ਿਲ੍ਹਾ ਪੱਧਰੀ ਮੁਹਿੰਮ ਦੀ ਸ਼ੁਰੂਆਤ ਸਿਵਲ ਸਰਜਨ ਵਲੋਂ ਬੱਚਿਆਂ ਨੂੰ ਐਲਬੈਂਡਾਜੋਲ ਦੀ ਗੋਲੀ ਖੁਆ ਕੇ ਕੀਤੀ

**ਅੰਮ੍ਰਿਤਸਰ 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਵਿਭਾਗ ਵਲੋਂ ਨੈਸ਼ਨਲ ਡੀ-ਵਾਰਮਿੰਗ ਡੇ ਸਬੰਧੀ ਜ਼ਿਲ੍ਹਾ ਪੱਧਰੀ ਮੁਹਿੰਮ ਦੀ ਸ਼ੁਰੂਆਤ ਸਿਵਲ ਸਰਜਨ ਡਾ. ਕਿਰਨਦੀਪ ਕੌਰ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਸਤਫਾਬਾਦ ਵਿਖੇ ਸਕੂਲ ਦੇ ਬੱਚਿਆਂ ਨੂੰ ਐਲਬੇਂਡਾਜੋਲ ਦੀ ਗੋਲੀ ਖੁਆ ਕੇ ਕੀਤੀ ਗਈ। ਇਸ ਅਵਸਰ ਤੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਕਿਹਾ ਕਿ ਬੱਚਿਆਂ ਦੇ ਪੇਟ ਵਿਚ ਕੀੜੇ ਆਮ ਰੋਗ ਹੈ, ਪਰ ਜੇਕਰ ਇਸ ਦਾ ਸਮੇ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਰੋਗ ਹੋਰ ਕਈ ਬੀਮਾਰੀਆ ਦਾ ਰੂਪ ਲੈ ਸਕਦਾ ਹੈ, ਜਿਵੇਂ ਕਿ ਅਨੀਮੀਆਂ, ਕੁਪੋਸ਼ਨ, ਕਮਜੋਰੀ, ਸ਼ਰੀਰਕ ਅਤੇ ਮਾਨਸਿਕ ਵਿਕਾਸ ਵਿਚ ਕਮੀਂ ਆਦਿ। ਇਸ ਲਈ ਅੱਜ ਦੇ ਦਿਨ ਪੂਰੇ ਭਾਰਤ ਭਰ ਵਿਚ ਇਹ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਜਿਲਾ ਅੰਮ੍ਰਿਤਸਰ ਵਿਚ ਵੀ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਤੋਂ ਇਲਾਵਾ ਘਰਾਂ ਵਿਚ ਵੀ ਪੈਰਾਮੈਡੀਕਲ ਸਟਾਫ ਵਲੋਂ ਲਬੇਂਡਾਜੋਲ ਦੀ ਗੋਲੀ ਖੁਆਈ ਜਾ ਰਹੀ ਹੈ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਦਾ ਪੂਰਾ ਲਾਭ ਲੈਣ ਅਤੇ ਆਪਣੇ 1 ਤੋਂ ਲੈਕੇ 19 ਸਾਲਾਂ ਤੱਕ ਦੇ ਸਾਰੇ ਬੱਚਿਆਂ ਨੂੰ ਐਲਬੇਂਡਇਆਜੋਲ ਦੀ ਗੋਲੀ ਜਰੂਰ ਖੁਆਉਣ ਅਤੇ ਜਿਹੜੇ ਬੱਚੇ ਅੱਜ ਰਹਿ ਜਾਣਗੇ ਉਨਾ ਨੂੰ ਮੋਪ ਅੱਪ ਦਿਵਸ 14 ਅਗਸਤ 2025 ਨੂੰ ਐਲਬੇਂਡਾਜੋਲ ਦੀਆਂ ਗੋਲੀਆਂ ਖੁਆਈਆਂ ਜਾਣਗੀਆਂ। ਜਿਲ੍ਹਾ ਟੀਕਾਕਰਣ ਅਫਸਰ ਡਾ ਭਾਰਤੀ ਧਵਨ ਨੇ ਇਸ ਅਵਸਰ ਤੇ ਸੰਬੋਧਨ ਕਰਦਿਆਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਣ ਵਲੋਂ ਨੈਸ਼ਨਲ ਡੀ ਵਾਰਮਿੰਗ ਡੇਅ ਦੀ ਕਾਮਯਾਬੀ ਲਈ ਇਕ ਦਿਨ ਪਹਿਲਾਂ ਹੀ ਜਿਲਾ ? ਟਾਸਕ ਫੋਰਸ ਦੀ ਮੀਟਿੰਗ ਕਰਕੇ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਸਨ। ਇਸ ਮੁਹਿੰਮ ਦੌਰਾਨ ਜਿਲ੍ਹਾ ਅੰਮ੍ਰਿਤਸਰ ਵਿਚ 1 ਤੋਂ 19 ਸਾਲ ਤੱਕ ਦੇ ਲਗਭਗ 736500 ਬੱਚਿਆਂ ਨੂੰ ਕਵਰ ਕੀਤਾ ਜਾਵੇਗਾ। ਜਿਨ੍ਹਾਂ ਵਿਚ ਸਰਕਾਰੀ ਸਕੂਲਾਂ, ਪ੍ਰਾਈਵੇਟ ਸਕੂਲਾਂ, ਮਾਨਤਾ ਪ੍ਰਾਪਤ ਸਕੂਲਾਂ ਅਤੇ ਆਂਗਨਵਾੜੀਆਂ ਬੱਚੇ ਸ਼ਾਮਿਲ ਹਨ।ਇਸਤੋਂ ਇਲਾਵਾ ਉਹਨਾਂ ਨੇ ਨੈਸ਼ਨਲ ਡੀ ਵਾਰਮਿੰਗ ਡੇਅ ਦੀ ਮੱਹਤਤਾ ਬਾਰੇ ਬੜੇ ਹੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸਕੂਲ ਹੈਲਥ ਮੈਡੀਕਲ ਅਫਸਰ ਡਾ ਸੁਨੀਤ ਗੁਰਮ ਗੁਪਤਾ ਨੇ ਕਿਹਾ ਸਾਨੂੰ ਸਿਹਤਮੰਦ ਆਦਤਾਂ ਅਤੇ ਪੌਸ਼ਟਿਕ ਆਹਾਰ ਵੱਲ ਵਧੇਰੇ ਧਿਆਨ ਦੇਣਾਂ ਚਾਹੀਦਾ ਹੈ ਅਤੇ ਬਾਜਾਰੀ ਚੀਜਾਂ ਦੀ ਬਜਾਏ ਘਰ ਵਿਚ ਬਣੇ ਸਾਫ-ਸੁਥਰੇ ਪੌਸ਼ਟਿਕ ਭੋਜਨ ਨੂੰ ਤਰਜੀਹ ਦੇਣੀ ਚਾਹੀਦੀ ਹੈ।



ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਨੇ ਇਸ ਅਵਸਰ ਤੇ ਕਿਹਾ ਕਿ ਸਾਨੂੰ ਖਾਣਾ ਖਾਣ ਤੋ ਪਹਿਲਾ ਤੇ ਪਾਖਾਨਾ ਜਾਣ ਤੋ ਬਾਦ ਹੱਥ ਜਰੂਰ ਧੋਣੇ ਚਾਹੀਦੇ ਹਨ ਅਤੇ ਸ਼ਰੀਰਕ ਸਾਫ ਸਫਾਈ ਦਾ ਧਿਆਨ ਰੱਖਣਾਂ ਚਾਹੀਦਾ ਹੈ।

ਇਸ ਮੌਕੇ ਪਿੰਸੀਪਲ ਕੰਵਰ ਪ੍ਰੀਤ ਸਿੰਘ, ਡਾ ਗੁਰਿੰਦਰਬੀਰ ਸਿੰਘ, ਸਕੂਲ ਹੈਲਥ ਟੀਮ ਡਾ ਅੰਜੂ , ਡਾ ਪਰਵੀਨ ਭਾਟੀਆ, ਲਵਪ੍ਰੀਤ ਸਿੰਘ, ਕੇਵਲ ਸਿੰਘ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

# ਬਲਸੁਆਂ 'ਚ ਲੱਗੇ ਜਨ ਸੁਵਿਧਾ ਕੈਂਪਾਂ ਦਾ ਲੋਕਾਂ ਨੇ ਲਾਭ ਲਿਆ

**ਰਾਜਪੁਰਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਵਿਸ਼ੇਸ਼ ਪਹਿਲਕਦਮੀ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਅੱਜ ਪਿੰਡ ਬਲਸੁਆਂ 'ਚ ਜਨ ਸੁਵਿਧਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਜ਼ਿਲ੍ਹਾ ਅਧਿਕਾਰੀਆਂ ਨੇ ਪਿੰਡ ਬਲਸੁਆਂ, ਚੰਦੂਮਾਜਰਾ ਤੇ ਸੁਰਲ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਇਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਦਿਆਂ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ। ਇਸ ਕੈਂਪ ਦਾ ਲਾਭ ਲੈਣ ਵਾਲੇ ਲੋਕਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।




ਬੀ.ਡੀ.ਪੀ.ਓ. ਬਨਦੀਪ ਸਿੰਘ ਗਿੱਲ ਨੇ ਕਿਹਾ ਕਿ ਹਲਕਾ ਵਿਧਾਇਕ ਨੀਨਾ ਮਿੱਤਲ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਿੰਡਾਂ ਵਿੱਚ ਅਜਿਹੇ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਤੱਕ ਪੁੱਜੀ ਹੈ।

ਇਸ ਦੌਰਾਨ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸ਼ਿਰਕਤ ਕਰਦਿਆਂ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ ਤੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਵਿਸ਼ੇਸ਼ ਪਹਿਲਕਦਮੀ ਤਹਿਤ ਸਰਕਾਰੀ ਅਧਿਕਾਰੀ ਖ਼ੁਦ ਚੱਲਕੇ ਲੋਕਾਂ ਦੇ ਘਰਾਂ ਦੇ ਨੇੜੇ ਪੁੱਜਦੇ ਹਨ ਅਤੇ ਸਰਕਾਰੀ ਸਕੀਮਾਂ ਦਾ ਲਾਭ ਮੌਕੇ 'ਤੇ ਹੀ ਲਾਭਪਾਤਰੀਆਂ ਨੂੰ ਦਿੱਤਾ ਜਾ ਰਿਹਾ ਹੈ।

# ਥਾਣਾ ਡੇਰਾਬਸੀ ਦੀ ਪੂਲਿਸ ਵੱਲੋਂ 02 ਦੋਸ਼ੀਆਂ ਪਾਸੋਂ ਸਵਾ ਤਿੰਨ ਕਿਲੋਗ੍ਰਾਮ ਅਫੀਮ ਬ੍ਰਾਮਦ



**ਮੁਹਾਲੀ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਡੇਰਾ ਬਸੀ ਦੀ ਪੁਲਿਸ ਵੱਲੋਂ 02 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 03 ਕਿੱਲੋ 250 ਗ੍ਰਾਮ ਅਫੀਮ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।

ਐਸ ਪੀ (ਜਾਂਚ) ਸੌਰਵ ਜਿੰਦਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ, ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਦੌਰਾਨ ਤਲਵਿੰਦਰ ਸਿੰਘ ਕਪਤਾਨ ਪੁਲਿਸ (ਅਪਰੇਸ਼ਨ), ਬਿਕਰਮਜੀਤ ਸਿੰਘ ਬਰਾੜ, ਉਪ-ਕਪਤਾਨ ਪੁਲਿਸ ਸਬ ਡਵੀਜ਼ਨ ਡੇਰਾਬੱਸੀ ਅਤੇ ਇੰਸਪੈਕਟਰ ਸੁਮਿਤ ਮੋਰ ਮੁੱਖ ਅਫਸਰ ਦੀ ਨਿਗਰਾਨੀ ਹੇਠ 06-08-2025 ਨੂੰ ਥਾਣਾ ਡੇਰਾਬਸੀ ਦੀ ਪੁਲਿਸ ਪਾਰਟੀ ਬੱਸ ਸਟੈਂਡ ਮੁਬਾਰਿਕਪੁਰ ਮੌਜੂਦ ਸੀ, ਜਿੱਥੇ ਸ਼ੱਕੀ ਵਹੀਕਲ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ।

ਇਸ ਦੌਰਾਨ ਬੱਸ ਸਟੈਂਡ ਤੇ 02 ਮੋਨੇ ਨੌਜਵਾਨ ਸ਼ੱਕੀ ਖੜੇ ਦਿਖਾਈ ਦਿੱਤੇ, ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਵਿਅਕਤੀ ਦੇ ਮੋਢਿਆਂ ਤੇ ਪਿੱਠੂ ਬੈਗ ਰੰਗ ਕਾਲ਼ਾ ਗਰੇਅ ਪਾਇਆ ਹੋਇਆ ਸੀ। ਉਨ੍ਹਾਂ ਨੂੰ ਥਾਣਾ ਡੇਰਾਬਸੀ ਦੇ ਏ ਐਸ ਆਈ ਚਰਨਜੀਤ ਸਿੰਘ ਵੱਲੋਂ ਸਰਸਰੀ ਚੈੱਕ ਕੀਤਾ ਗਿਆ ਤਾਂ ਸਾਗਰ ਕੁਮਾਰ ਨਾਮ ਦੇ ਨੌਜਵਾਨ ਜਿਸਦੇ ਪਿੱਠੂ ਬੈਗ ਪਾਇਆ ਹੋਇਆ ਸੀ, ਵਿੱਚੋਂ 03 ਕਿੱਲੋ 250 ਗ੍ਰਾਮ ਅਫੀਮ ਬ੍ਰਾਮਦ ਹੋਈ। ਇਨ੍ਹਾਂ ਵਿਰੁੱਧ ਮੁਕੱਦਮਾ ਨੰ: 225 ਮਿਤੀ 06-08-2025 ਅ/ਧ 18-61-85 NDPS Act ਥਾਣਾ ਡੇਰਾਬਸੀ ਦਰਜ ਕੀਤਾ ਗਿਆ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ 'ਚ ਵੱਖ ਵੱਖ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਵੱਖ ਵੱਖ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਕਤੂਬਰ 2025 ਤੱਕ ਲਾਗੂ ਰਹਿਣਗੇ।

**ਜਨਤਕ ਥਾਵਾਂ 'ਤੇ ਤੇਜ਼ਧਾਰ ਹਥਿਆਰ ਲੈ ਕੇ ਜਾਣ 'ਤੇ ਮਨਾਹੀ ਹੁਕਮ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਅਤੇ ਲੋਕ ਹਿਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਲਈ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਜਨਤਕ ਥਾਵਾਂ 'ਤੇ ਅਗਨ ਸ਼ਸ਼ਤਰ, ਅਸਲਾ, ਵਿਸਫੋਟਕ, ਜਲਣਸ਼ੀਲ, ਚੀਜ਼ਾਂ, ਤੇਜ਼ਧਾਰ ਹਥਿਆਰ ਜਿਵੇਂ ਕਿ ਟਕੂਏ, ਬਰਛੇ, ਤ੍ਰਿਸ਼ੂਲ ਆਦਿ ਸ਼ਾਮਲ ਹਨ, ਨੂੰ ਚੁੱਕਣ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਦਿਵਿਆਂਗ/ਬਿਰਧ ਵਿਅਕਤੀ (ਜੋ ਬਿਨਾਂ ਡੰਡੇ ਲਾਠੀ ਦੇ ਸਹਾਰੇ ਤੋਂ ਚੱਲ ਨਹੀਂ ਸਕਦੇ) ਅਤੇ ਸੁਰੱਖਿਆ ਅਮਲੇ/ਡਿਊਟੀ 'ਤੇ ਤਾਇਨਾਤ ਪੁਲਿਸ ਅਮਲੇ 'ਤੇ ਲਾਗੂ ਨਹੀਂ ਹੋਵੇਗਾ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਜ਼ਿਲ੍ਹੇ ਵਿੱਚ ਪਾਣੀ ਦੀਆਂ ਟੈਂਕੀਆਂ ਉਪਰ ਚੜ੍ਹਨ 'ਤੇ ਪਾਬੰਦੀ ਜਾਰੀ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ (ਪਿੰਡਾਂ ਅਤੇ ਸ਼ਹਿਰਾਂ) ਵਿੱਚ ਬਣੀਆਂ ਪਾਣੀ ਦੀਆਂ ਟੈਂਕੀਆਂ ਉਪਰ ਕਿਸੇ ਕਿਸਮ ਦੇ ਵਿਖਾਵੇ ਲਈ ਚੜ੍ਹਨ 'ਤੇ ਪਾਬੰਦੀ ਲਗਾਈ ਹੈ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਜ਼ਿਲ੍ਹੇ 'ਚ ਵਿਖਾਵਾ ਕਰਨ 'ਤੇ ਪਾਬੰਦੀ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀਆਂ ਹੱਦਾਂ ਅੰਦਰ ਕਿਸੇ ਕਿਸਮ ਦੇ ਵਿਖਾਵੇ/ਰੋਸ ਧਰਨੇ ਤੇ ਰੈਲੀਆਂ ਕਰਨ, ਮੀਟਿੰਗਾਂ ਕਰਨ, ਨਾਅਰੇ ਲਗਾਉਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਠੀਕਰੀ ਪਹਿਰੇ ਲਗਾਉਣ ਦੇ ਹੁਕਮ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਪੈਂਦੇ ਪਿੰਡਾਂ, ਰੇਲਵੇ ਟਰੈਕ, ਨਹਿਰਾਂ ਦੇ ਪੁਲ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ, ਰਜਬਾਹੇ, ਇੰਡੀਅਨ ਆਇਲ ਪਾਈਪ ਲਾਈਨ, ਅਹਿਮ ਪਲਾਂਟ, ਗੈਸ ਪਾਈਪ ਲਾਈਨ ਦੀ ਪ੍ਰਾਪਰਟੀ ਅਤੇ ਬਿਜਲੀ ਦੀਆਂ ਟਰਾਂਸਮਿਸ਼ਨ ਲਾਈਨਾਂ, ਅਨਾਜ ਦੇ ਭੰਡਾਰ, ਪੈਟਰੋਲ ਪੰਪ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪੈਂਦੇ ਬੈਂਕ, ਡਾਕਖਾਨਿਆਂ, ਸਰਕਾਰੀ/ਗੈਰ ਸਰਕਾਰੀ ਪ੍ਰਾਪਰਟੀ ਆਦਿ 'ਤੇ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀਆਂ ਨੂੰ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਆਦੇਸ਼ ਦਿੱਤੇ ਹਨ ਕਿ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀ ਬਿਜਲੀ ਸਟੇਸ਼ਨ ਅਤੇ ਸਪਲਾਈ ਲਾਈਨਾਂ, ਰੇਲ ਪਟੜੀਆਂ, ਜਲ ਸਪਲਾਈ ਸਕੀਮਾਂ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ ਨੂੰ ਨੁਕਸਾਨ ਪਹੁੰਚਾਣ ਤੋਂ ਬਚਾਉਣ ਲਈ ਅਤੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਠੀਕਰੀ ਪਹਿਰੇ ਲਗਾ ਕੇ ਡਿਊਟੀ ਨਿਭਾਉਣਗੇ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਧਾਰਮਿਕ ਸਥਾਨਾਂ 'ਤੇ ਠੀਕਰੀ ਪਹਿਰੇ ਲਗਾਉਣ ਸਬੰਧੀ ਹੁਕਮ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਵਿੱਚ ਸਮੂਹ ਧਾਰਮਿਕ ਸਥਾਨਾਂ 'ਤੇ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡਾਂ/ਟਰੱਸਟ ਦੇ ਮੁਖੀਆਂ ਨੂੰ ਠੀਕਰੀ ਪਹਿਰਾ ਲਗਾਉਣ ਦੀ ਜ਼ਿੰਮੇਵਾਰੀ ਲਗਾਈ ਹੈ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਭਾਖੜਾ ਅਤੇ ਹੋਰ ਵੱਡੀਆਂ-ਛੋਟੀਆਂ ਨਹਿਰਾਂ ਵਿੱਚ ਨਹਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰੋਂ ਵੱਖ ਵੱਖ ਸਥਾਨਾਂ 'ਤੇ ਲੰਘਦੀ ਭਾਖੜਾ ਨਹਿਰ ਅਤੇ ਹੋਰ ਵੱਡੀਆਂ-ਛੋਟੀਆਂ ਨਦੀਆਂ/ਨਹਿਰਾਂ ਵਿੱਚ ਕਿਸੇ ਵੀ ਸਥਾਨ 'ਤੇ ਆਮ ਜਨਤਾ ਦੇ ਨਹਾਉਣ ਅਤੇ ਤੈਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਆਦੇਸ਼ ਦਿੱਤੇ ਹਨ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਪੁਲਿਸ ਥਾਣਿਆਂ 'ਚ ਦਰਜ ਕਰਵਾਉਣ ਦੇ ਹੁਕਮ ਜਾਰੀ**

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਮਿਉਂਸਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਜਦੋਂ ਵੀ ਕੋਈ ਵਿਅਕਤੀ ਆਪਣੇ ਘਰ ਵਿੱਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਹ ਉਸ ਦਾ ਪੂਰਾ ਵੇਰਵਾ ਨੇੜੇ ਦੇ ਪੁਲਿਸ ਥਾਣੇ/ਚੌਂਕੀ ਵਿੱਚ ਦਰਜ ਕਰਾਉਣਾ ਯਕੀਨੀ ਬਣਾਏਗਾ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

**ਏਵੀਏਸ਼ਨ ਕਲੱਬ ਦੇ ਦੋ ਕਿਲੋਮੀਟਰ ਘੇਰੇ 'ਚ ਲਾਲਟੈਣ ਕਾਈਟਸ/ਵਿਸ਼ ਕਾਈਟਸ ਉਡਾਉਣ 'ਤੇ ਪਾਬੰਦੀ**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਿਵਲ ਏਵੀਏਸ਼ਨ ਕਲੱਬ ਪਟਿਆਲਾ ਦੇ ਨੇੜੇ ਦੋ ਕਿਲੋਮੀਟਰ ਘੇਰੇ ਵਿੱਚ ਲਾਲਟੈਨ ਕਾਈਟਸ/ਵਿਸ਼ ਕਾਈਟਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ। ਹੁਕਮ 5 ਅਕਤੂਬਰ ਤੱਕ ਲਾਗੂ ਰਹਿਣਗੇ।

## ਪੰਜਾਬ ਸਰਕਾਰ ਨੇ ਇੱਕ ਸਾਲ ਦੌਰਾਨ 108 ਕੈਦੀਆਂ ਨੂੰ ਅਗਾਊਂ ਰਿਹਾਈ ਦਿੱਤੀ

# ਚੰਗੇ ਆਚਰਨ ਵਾਲੇ ਉਮਰ ਕੈਦੀਆਂ ਨੂੰ ਪੁਨਰਵਾਸ ਦਾ ਮੌਕਾ ਦੇਣਾ ਇੱਕ ਮਹੱਤਵਪੂਰਨ ਕਦਮ: ਲਾਲਜੀਤ ਸਿੰਘ ਭੁੱਲਰ



**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਪਿਛਲੇ ਇੱਕ ਸਾਲ ਦੇ ਸਮੇਂ ਦੌਰਾਨ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਚੰਗੇ ਆਚਰਨ ਦੇ ਧਾਰਨੀ 108 ਕੈਦੀਆਂ ਪ੍ਰਤੀ ਹਮਦਰਦੀ ਜਤਾਉਂਦਿਆਂ ਉਨ੍ਹਾਂ ਨੂੰ ਅਗਾਊਂ ਰਿਹਾਅ ਕਰਨ ਦੀ ਪਹਿਲਕਦਮੀ ਕੀਤੀ ਹੈ। ਇਹ ਕਦਮ ਚੰਗੇ ਆਚਰਨ ਵਾਲੇ ਕੈਦੀਆਂ ਨੂੰ ਪੁਨਰਵਾਸ ਦਾ ਮੌਕਾ ਪ੍ਰਦਾਨ ਕਰਨ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।

ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਸਰਕਾਰ ਨੇ ਨਿਆਂ ਅਤੇ ਪੁਨਰਵਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਇੱਕ ਮਹੱਤਵਪੂਰਨ ਫ਼ੈਸਲਾ ਕੀਤਾ ਹੈ ਅਤੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਆਪਣੀ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਚੰਗੇ ਆਚਰਨ ਵਾਲੇ 108 ਕੈਦੀਆਂ ਨੂੰ ਪਿਛਲੇ ਇੱਕ ਸਾਲ ਦੇ ਅਰਸੇ ਦੌਰਾਨ ਰਿਹਾਅ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਉਨ੍ਹਾਂ ਵਿਅਕਤੀਆਂ ਨੂੰ ਦੂਜਾ ਮੌਕਾ ਪ੍ਰਦਾਨ ਕਰਨ ਦੇ ਸੂਬਾ ਸਰਕਾਰ ਦੇ ਯਤਨਾਂ ਨੂੰ ਦਰਸਾਉਂਦਾ ਹੈ, ਜਿਨ੍ਹਾਂ ਨੇ ਚੰਗਾ ਵਿਵਹਾਰ ਦਿਖਾਇਆ ਹੈ ਅਤੇ ਜਲਦੀ ਰਿਹਾਈ ਲਈ ਲੋੜੀਂਦੇ ਮਾਪਦੰਡ ਪੂਰੇ ਕੀਤੇ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਕਦਮ ਨਾਲ ਸਬੰਧਤਾਂ ਨੂੰ ਪੁਨਰਵਾਸ ਅਤੇ ਸਮਾਜ ਵਿੱਚ ਮੁੜ ਏਕੀਕਰਨ ਲਈ ਇੱਕ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਸਰਕਾਰ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਆਂ ਪ੍ਰਣਾਲੀ ਨਾ ਸਿਰਫ਼ ਸਜ਼ਾ ਦਿੰਦੀ ਹੈ, ਸਗੋਂ ਵਿਅਕਤੀਆਂ ਨੂੰ ਸਮਾਜ ਵਿੱਚ ਮੁੜ ਸਥਾਪਿਤ ਕਰਦੀ ਹੈ ਅਤੇ ਮੁੜ ਏਕੀਕਰਨ ਵੀ ਕਰਦੀ ਹੈ।

ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੁਧਾਰ ਦੀ ਇੱਛਾ ਦਿਖਾਉਣ ਵਾਲੇ ਕੈਦੀਆਂ ਨੂੰ ਰਿਹਾਅ ਕਰਕੇ, ਸਰਕਾਰ ਦਾ ਉਦੇਸ਼ ਨਿਆਂ ਪ੍ਰਤੀ ਵਧੇਰੇ ਮਨੁੱਖੀ ਅਤੇ ਪ੍ਰਭਾਸ਼ਾਲੀ ਪਹੁੰਚ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ, ਇਨ੍ਹਾਂ ਕੈਦੀਆਂ ਦੀ ਰਿਹਾਈ ਸਾਡੀ ਸਰਕਾਰ ਦੀ ਪੁਨਰਵਾਸ ਅਤੇ ਵਿਅਕਤੀਆਂ ਨੂੰ ਸਮਾਜ ਵਿੱਚ ਮੁੜ ਜੁੜਨ ਦੇ ਮੌਕੇ ਪ੍ਰਦਾਨ ਕਰਨ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ।" ਉਨ੍ਹਾਂ ਕਿਹਾ ਕਿ, ਅਸੀਂ ਦੂਜੇ ਮੌਕਿਆਂ ਵਿੱਚ ਵਿਸ਼ਵਾਸ ਰੱਖਦੇ ਹਾਂ ਅਤੇ ਇੱਕ ਵਧੇਰੇ ਹਮਦਰਦ ਅਤੇ ਨਿਆਂਪੂਰਨ ਸਮਾਜ ਬਣਾਉਣ ਲਈ ਸਮਰਪਿਤ ਹਾਂ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਕੈਦੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਵਕੀਲਾਂ ਨਾਲ ਗੱਲਬਾਤ ਕਰਨ ਦੀ ਸਹੂਲਤ ਲਈ ਜੇਲ੍ਹਾਂ ਵਿੱਚ ਲਗਭਗ 800 ਕਾਲਿੰਗ ਸਿਸਟਮ ਸਥਾਪਿਤ ਕੀਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਗੈਰ ਕਾਨੂੰਨੀ ਮੋਬਾਇਲ ਫੋਨਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਗਰੀਬ ਕੈਦੀਆਂ ਨੂੰ ਆਪਣੇ ਪਰਿਵਾਰਾਂ ਅਤੇ ਵਕੀਲਾਂ ਨਾਲ ਫੋਨ 'ਤੇ ਗੱਲਬਾਤ ਕਰਨ ਲਈ 15 ਦਿਨ ਵਿੱਚ ਕੁੱਲ 10 ਮਿੰਟ ਦੀਆਂ ਕਾਲਾਂ ਮੁਕਤ ਕਰਾਉਣ ਦੀ ਸੇਵਾ ਵੀ ਦਿੱਤੀ ਪ੍ਰਦਾਨ ਕੀਤੀ ਜਾ ਰਹੀ ਹੈ।

# ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕਲ ਐਨ ਟੀ ਸੀ ਵਿਖੇ ਜੋਨ ਪੱਧਰੀ ਖੇਡ ਮੁਕਾਬਲੇ ਜਾਰੀ



**ਰਾਜਪੁਰਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ ਵਿੱਚ ਗਰਮੀਆਂ ਦੌਰਾਨ ਖੇਡ ਮੁਕਾਬਲਿਆਂ ਦੀ ਲੜੀ ਦੇ ਤਹਿਤ, ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ ਵਿਖੇ ਖੋ-ਖੋ ਦੇ ਮੁਕਾਬਲੇ ਲੜਕੀਆਂ ਅਤੇ ਲੜਕਿਆਂ ਦੋਵਾਂ ਕੈਟਾਗਰੀਆਂ ਵਿੱਚ ਅੰਡਰ-14,17 ਅਤੇ 19 ਉਮਰ ਗੁੱਟ ਦੇ ਮੁਕਾਬਲੇ ਜਾਰੀ ਹਨ।

ਇਹ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਦੀ ਅਗਵਾਈ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਰਵਿੰਦਰਪਾਲ ਸ਼ਰਮਾ ਦੀ ਦੇਖ-ਰੇਖ ਹੇਠ ਕਰਵਾਏ ਜਾ ਰਹੇ ਹਨ। ਜੋਨ ਰਾਜਪੁਰਾ ਦੇ ਜੋਨਲ ਸਕੱਤਰ ਅਤੇ ਖੇਡ ਅਧਿਆਪਕ ਡਾ: ਰਾਜਿੰਦਰ ਸੈਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡ ਮੁਕਾਬਲੇ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਅਤੇ ਉਨ੍ਹਾਂ ਦੇ ਸਰੀਰਕ ਵਿਕਾਸ ਲਈ ਮਹੱਤਵਪੂਰਨ ਹਨ। ਹਾਕੀ, ਕਬੱਡੀ, ਵਾਲੀਬਾਲ, ਬਾਸਕਟਬਾਲ ਦੇ ਮੁਕਾਬਲੇ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਐੱਨ ਟੀ ਸੀ ਵਿਖੇ, ਬੈਡਮਿੰਟਨ, ਯੋਗਾ ਅਤੇ ਸ਼ਤਰੰਜ ਦੇ ਮੁਕਾਬਲੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ ਟਾਊਨ ਵਿਖੇ, ਖੋ-ਖੋ ਦੇ ਮੁਕਾਬਲੇ ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ ਵਿਖੇ, ਕ੍ਰਿਕੇਟ ਦੇ ਮੁਕਾਬਲੇ ਨਿਰਮਲ ਕਾਂਤਾ ਸਟੇਡੀਅਮ ਵਿਖੇ ਆਯੋਜਿਤ ਕਰਵਾਏ ਜਾ ਰਹੇ ਹਨ।

ਅੰਡਰ 14 ਲੜਕੀਆਂ ਦੀ ਖੋ-ਖੋ ਕੈਟਾਗਰੀ ਵਿੱਚ ਪੀਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਐਨਟੀਸੀ ਰਾਜਪੁਰਾ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਾਇਲ ਮਾਡਲ ਸਕੂਲ ਬਸੰਤਪੁਰਾ ਨੂੰ ਹਰਾਕੇ ਪਹਿਲਾ ਸਥਾਨ ਹਾਸਲ ਕੀਤਾ। ਬੈਡਮਿੰਟਨ ਅੰਡਰ 19 ਵਿੱਚ ਪੀ ਐੱਮ ਸ੍ਰੀ ਐਨਟੀਸੀ ਨੇ ਪਹਿਲਾ ਸਥਾਨ, ਖੋ ਖੋ ਅੰਡਰ 17 ਲੜਕੀਆਂ ਦਾ ਫਾਇਨਲ ਮੁਕਾਬਲਾ ਸਰਕਾਰੀ ਹਾਈ ਸਕੂਲ ਖੇੜੀ ਗੰਡਿਆਂ ਅਤੇ ਸਮਾਰਟ ਮਾਇੰਡ ਪਬਲਿਕ ਸਕੂਲ ਦਰਮਿਆਨ ਖੇਡਿਆ ਜਾਣਾ ਹੈ। ਕਬੱਡੀ ਦੇ ਵਿੱਚ ਸਸਸਸ ਮਾਣਕਪੁਰ ਲੜਕੇ ਪਹਿਲੇ ਸਥਾਨ ਤੇ ਰਹੇ। ਜੇਤੂ ਟੀਮ ਦੇ ਖਿਡਾਰੀਆਂ ਨੇ ਦ੍ਰਿੜਤਾ, ਫੁਰਤੀ ਅਤੇ ਟੀਮ ਵਰਕ ਦਾ ਭਰਪੂਰ ਪ੍ਰਦਰਸ਼ਨ ਕਰਕੇ ਦਰਸਾਇਆ ਕਿ ਉਹ ਭਵਿੱਖ ਵਿੱਚ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਵੀ ਕਾਮਯਾਬ ਹੋ ਸਕਦੇ ਹਨ। ਸਕੂਲ ਮੁਖੀ ਸੁਧਾ ਕੁਮਾਰੀ ਹੈੱਡ ਮਿਸਟ੍ਰੈਸ ਅਤੇ ਖੇਡ ਅਧਿਆਪਕਾਂ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਉੱਚੀਆਂ ਉਡਾਣਾਂ ਭਰਣ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਸਕੱਤਰ ਜ਼ਿਲ੍ਹਾ ਖੇਡ ਕਮੇਟੀ ਚਰਨਜੀਤ ਸਿੰਘ ਭੁੱਲਰ ਲੈਕਚਰਾਰ ਫਿਜੀਕਲ ਐਜੂਕੇਸ਼ਨ, ਜੋਨਲ ਪ੍ਰਧਾਨ ਪ੍ਰਿੰਸੀਪਲ ਬਲਬੀਰ ਸਿੰਘ, ਪ੍ਰਿੰਸੀਪਲ ਜਸਬੀਰ ਕੌਰ, ਰਾਜਿੰਦਰ ਸਿੰਘ ਚਾਨੀ ਮੀਡੀਆ ਕੋਆਰਡੀਨੇਟਰ, ਖੋ-ਖੋ ਕਨਵੀਨਰ ਗੁਲਜ਼ਾਰ ਖਾਂ ਅਤੇ ਵਿਨੋਦ ਕੁਮਾਰ ਲੈਕਚਰਾਰ ਪਬਰੀ, ਲੈਕਚਰਾਰ ਹਰਪ੍ਰੀਤ ਸਿੰਘ, ਮੀਨਾ ਰਾਣੀ, ਪਾਰੁਲ ਆਹੂਜਾ, ਰਮਨਦੀਪ ਕੌਰ, ਪਰਮਿੰਦਰ ਕੌਰ, ਗੁਰਵਿੰਦਰ ਕੌਰ ਸੀ ਐਮ ਪਬਲਿਕ ਸਕੂਲ, ਗੁਰਪਾਲ ਸਿੰਘ, ਦਲਜੀਤ ਸਿੰਘ ਕੋਚ, ਅਨਿਲ ਸੋਨੀ, ਹਰਜੀਤ ਸਿੰਘ, ਗੁਰਜੋਤ ਸਿੰਘ, ਭੁਪਿੰਦਰ ਸਿੰਘ, ਮਨਦੀਪ ਸਿੰਘ, ਮਨਪ੍ਰੀਤ ਸਿੰਘ, ਅਤੇ ਹੋਰ ਮੈਂਬਰ ਵੀ ਮੌਜੂਦ ਸਨ।

# ਪੰਜਾਬ ਨੇ ਅੰਗ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਲਈ ਉੱਭਰਦਾ ਸੂਬਾ ਪੁਰਸਕਾਰ ਕੀਤਾ ਹਾਸਲ

## ਡਾਇਰੈਕਟਰ ਮੈਡੀਕਲ ਸਿੱਖਿਆ ਅਤੇ ਖੋਜ ਨੇ ਐਨਓਟੀਟੀਓ ਵੱਲੋਂ ਕਰਵਾਏ ਸ਼ਾਨਦਾਰ ਸਮਾਰੋਹ ਦੌਰਾਨ ਵੱਕਾਰੀ ਪੁਰਸਕਾਰ ਪ੍ਰਾਪਤ ਕੀਤਾ



**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਨੇ ਇਤਿਹਾਸਕ ਮੀਲ ਪੱਥਰ ਸਥਾਪਤ ਕਰਦਿਆਂ ਨਵੀਂ ਦਿੱਲੀ ਵਿਖੇ 15ਵੇਂ ਭਾਰਤੀ ਅੰਗ ਦਾਨ ਦਿਵਸ ਮੌਕੇ 'ਅੰਗ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਲਈ ਉੱਭਰਦੇ ਸੂਬੇ' ਵੱਕਾਰੀ ਪੁਰਸਕਾਰ ਹਾਸਲ ਕੀਤਾ।

ਇਹ ਵੱਕਾਰੀ ਪੁਰਸਕਾਰ ਸਮਾਰੋਹ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਅਧੀਨ ਕੌਮੀ ਅੰਗ ਅਤੇ ਟਿਸ਼ੂ ਟ੍ਰਾਂਸਪਲਾਂਟ ਸੰਗਠਨ (ਐਨਓਟੀਟੀਓ) ਨੇ ਕਰਵਾਇਆ, ਜਿਸ ਵਿੱਚ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇ.ਪੀ. ਨੱਡਾ ਨੇ ਸ਼ਿਰਕਤ ਕੀਤੀ।

ਇਹ ਪੁਰਸਕਾਰ ਡਾਇਰੈਕਟਰ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਡੀਆਰਐਮਈ) ਪੰਜਾਬ ਡਾ. ਅਵਨੀਸ਼ ਕੁਮਾਰ, ਸਟੀਅਰਿੰਗ ਕਮੇਟੀ ਮੈਂਬਰ ਡਾ. ਆਕਾਸ਼ ਦੀਪ ਅਗਰਵਾਲ ਅਤੇ ਸਟੇਟ ਆਰਗਨ ਐਂਡ ਟਿਸ਼ੂ ਟ੍ਰਾਂਸਪਲਾਂਟ ਆਰਗੇਨਾਈਜ਼ੇਸ਼ਨ (ਐਸਓਟੀਟੀਓ) ਪੰਜਾਬ ਦੇ ਨੋਡਲ ਅਫ਼ਸਰ ਡਾ. ਗਗਨੀਨ ਕੌਰ ਸੰਧੂ ਨੇ ਪ੍ਰਾਪਤ ਕੀਤਾ।

ਪੰਜਾਬ ਦੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਮਹੱਤਵਪੂਰਨ ਪ੍ਰਾਪਤੀ ਲਈ ਵਿਭਾਗ ਅਤੇ ਐਸਓਟੀਟੀਓ ਟੀਮ ਨੂੰ ਦਿਲੋਂ ਵਧਾਈ ਦਿੱਤੀ। ਇਹ ਮਾਨਤਾ ਜਾਗਰੂਕਤਾ ਫੈਲਾਉਣ, ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਅਤੇ ਮ੍ਰਿਤਕਾਂ ਦੇ ਅੰਗ ਦਾਨ ਲਈ ਮਹੱਤਵਪੂਰਨ ਪ੍ਰਾਪਤੀ ਲਈ ਪੰਜਾਬ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਉਜਾਗਰ ਕਰਦੀ ਹੈ।

ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਨ੍ਹਾਂ ਯਤਨਾਂ ਨੂੰ ਅੱਗੇ ਵਧਾਉਣ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ, ਜਿਸ ਵਿੱਚ ਜਾਗਰੂਕਤਾ ਫੈਲਾਉਣ, ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਅੰਗ ਦਾਨ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਦਿੱਤਾ ਜਾਵੇਗਾ ਜਿਸ ਨਾਲ ਸੂਬੇ ਭਰ ਵਿੱਚ ਅਣਗਿਣਤ ਜ਼ਿੰਦਗੀਆਂ ਨੂੰ ਲਾਭ ਮਿਲੇਗਾ।

# ਪ੍ਰੈਸਟਾ ਅਕੈਡਮੀ ਵੱਲੋਂ ਧੂਮਧਾਮ ਨਾਲ ਮਨਾਇਆ ਗਿਆ ਤੀਆਂ ਦਾ ਤਿਉਹਾਰ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੈਸਟਾ ਅਕੈਡਮੀ ਆਫ ਬਿਊਟੀ ਐਂਡ ਸਕਿੱਲ ਪਟਿਆਲਾ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਤੀਆ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਪ੍ਰੈਸਟਾ ਵੱਲੋਂ ਇਹ ਪ੍ਰੋਗਰਾਮ ਭਾਸ਼ਾ ਭਵਨ ਪਟਿਆਲਾ ਵਿਖੇ ਕੀਤਾ ਗਿਆ ਜਿਸ ਵਿੱਚ 400 ਦੇ ਕਰੀਬ ਲੜਕੀਆਂ ਨੇ ਹਾਜ਼ਰੀ ਲਗਵਾਈ। ਮਹਾਰਾਣੀ ਪ੍ਰਨੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ।

ਇਸ ਮੌਕੇ ਤੇ ਕੁਝ ਮਹਾਨ ਹਸਤੀਆਂ , ਮਨਜੀਤ ਕੌਰ ਪੰਜਾਬ ਦੀ ਪਹਿਲੀ ਐਂਬੂਲੈਂਸ ਡਰਾਈਵਰ , ਸਰਬਜੀਤ ਕੌਰ ਵਿਰਕ ਅਸਿਸਟੈਂਟ ਪ੍ਰੋਫੈਸਰ ਅਤੇ ਫੀਮੇਲ ਬਾਈਕ ਰਾਈਡਰ ,ਨਵਜੋਤ ਕੌਰ ਲੰਬੀ ਹਾਜਰ ਰਹੇ ।ਇਸ ਮੌਕੇ ਤੇ ਪਟਿਆਲਾ ਦੇ ਕੁਝ ਉੱਭਰਦੇ ਕਲਾਕਾਰ ਯੁਵ ਸਿੱਧੂ , ਸਾਹਿਲ ਮਹਿਰੋਕ ਨੇ ਵੀ ਆਪਣੀ ਸੁਰੀਲੀ ਆਵਾਜ਼ ਦੇ ਨਾਲ ਲੋਕਾ ਦਾ ਦਿਲ ਜਿੱਤਿਆ।

ਇਸ ਮੌਕੇ ਤੇ ਫੀਲ ਖਾਨਾ ਸਕੂਲ , ਓ ਪੀ ਐਲ ਸਕੂਲ,ਐਨ ਪੀ ਐਚ ਸੀ ਸਕੂਲ ਵਲੋਂ ਵੱਖ ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਮਹਾਰਾਣੀ ਪਰਨੀਤ ਕੌਰ ਜੀ ਨੇ ਲੜਕੀਆਂ ਨੂੰ ਹੁਨਰ ਲੈਕੇ ਅੱਗੇ ਵਧਣ ਲਈ ਪ੍ਰੇਰਿਆ ਤੇ ਸਵੈ ਭਰੋਸਾ ਰੱਖਣ ਲਈ ਉਤਸ਼ਾਹਿਤ ਕੀਤਾ, ਪ੍ਰੈਸਟਾ ਅਕੈਡਮੀ ਬਿਊਟੀ ਵਿਚ ਬਹੁਤ ਸਾਰੇ ਕੋਰਸ ਉਪਲੱਬਧ ਕਰਵਾਉਂਦੀ ਹੈ ਤੇ ਫੀਸ ਬਾਕੀ ਹਰ ਅਕੈਡਮੀ ਨਾਲੋ ਅੱਧ ਹੈ।

## ਹੁਣ ਪਟਵਾਰੀ ਕੋਲ ਜਾਣ ਦੀ ਜ਼ਰੂਰਤ ਨਹੀਂ, ਘਰ ਬੈਠੇ ਪ੍ਰਾਪਤ ਕਰੋ ਮਾਲ ਵਿਭਾਗ ਦੀਆਂ ਸੇਵਾਵਾਂ

# 'ਈਜ਼ੀ ਜਮ੍ਹਾਂਬੰਦੀ' ਪੋਰਟਲ ਰਾਹੀਂ ਮਾਲ ਵਿਭਾਗ ਨਾਲ ਸਬੰਧਤ 6 ਸੇਵਾਵਾਂ ਲੋਕਾਂ ਲਈ ਆਨਲਾਈਨ ਉਪਲਬੱਧ : ਡਿਪਟੀ ਕਮਿਸ਼ਨਰ

**ਪਟਿਆਲਾ, 11 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਵਸਨੀਕ ਮਾਲ ਵਿਭਾਗ ਨਾਲ ਸਬੰਧਤ 6 ਸੇਵਾਵਾਂ ਹੁਣ ਆਨਲਾਈਨ 'ਈਜ਼ੀ ਜਮ੍ਹਾਂਬੰਦੀ' ਪੋਰਟਲ ਰਾਹੀਂ ਵੀ ਪ੍ਰਾਪਤ ਕਰ ਸਕਦੇ ਹਨ। ਜਿਸ ਵਿੱਚ ਵਟਸਐਪ 'ਤੇ ਜਮ੍ਹਾਂਬੰਦੀ ਪ੍ਰਾਪਤ ਕਰਨਾ, ਇੰਤਕਾਲ ਕਰਵਾਉਣ, ਰਪਟ ਐਂਟਰੀ ਅਤੇ ਫਰਦ ਬਦਰ (ਜਮ੍ਹਾਂਬੰਦੀ 'ਚ ਰਿਕਾਰਡ ਦੀ ਦਰੁਸਤੀ) ਲਈ ਆਨਲਾਈਨ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਤੇ ਡੀ.ਐਸ.ਐਮ ਸੁਖਮੰਦਰ ਸਿੰਘ ਨਾਲ 'ਈਜ਼ੀ ਜਮ੍ਹਾਂਬੰਦੀ' ਪੋਰਟਲ ਸਬੰਧੀ ਬੈਠਕ ਕਰਦਿਆਂ ਕਿਹਾ ਕਿ ਇਸ ਸਬੰਧੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ, ਤਾਂ ਜੋ ਲੋਕ ਇਸ ਸੇਵਾ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਲੋਕਾਂ ਦੇ ਸਮੇਂ ਦੀ ਬੱਚਤ ਹੋਵੇਗੀ, ਉਥੇ ਹੀ ਬੇਲੋੜੀ ਖੱਜਲ ਖੁਆਰੀ ਵੀ ਖਤਮ ਹੋਵੇਗੀ।

ਉਨ੍ਹਾਂ ਆਨਲਾਈਨ ਜਮ੍ਹਾਂਬੰਦੀ ਦੀ ਕਾਪੀ ਪ੍ਰਾਪਤ ਕਰਨ ਸਬੰਧੀ ਵੇਰਵੇ ਦਿੰਦਿਆਂ ਦੱਸਿਆ ਕਿ 'ਈਜ਼ੀ ਜਮ੍ਹਾਂਬੰਦੀ' ਪੋਰਟਲ 'ਤੇ ਜਾ ਕੇ ਆਪਣੇ ਵੇਰਵੇ ਦਰਜ ਕਰਕੇ ਜਮ੍ਹਾਂਬੰਦੀ ਦੀ ਕਾਪੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਜਮ੍ਹਾਂਬੰਦੀ ਉਪਰ ਡਿਜੀਟਲ ਤੌਰ 'ਤੇ ਦਸਤਖਤ ਹੋਣਗੇ ਅਤੇ ਇਸ ਉਪਰ ਕਿਊ.ਆਰ. ਕੋਡ ਵੀ ਹੋਵੇਗਾ ਜਿਸ ਨਾਲ ਕੋਈ ਵੀ ਜਮੀਨੀ ਰਿਕਾਰਡ ਦੀ ਤਸਦੀਕ ਕਰਨ ਲਈ ਕਿਊ.ਆਰ. ਕੋਡ ਨੂੰ ਸਕੈਨ ਕੀਤਾ ਜਾ ਸਕਦਾ ਹੈ ਅਤੇ ਇਹ ਫਰਦ ਸਾਰੇ ਥਾਵਾਂ 'ਤੇ ਮੰਨਣਯੋਗ ਹੈ ਤੇ ਇਸ ਸਬੰਧੀ ਸਰਕਾਰ ਵੱਲੋਂ ਸਾਰੇ ਅਦਾਰਿਆਂ ਨੂੰ ਹਦਾਇਤਾ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਆਨਲਾਈਨ ਇੰਤਕਾਲ ਸੇਵਾ ਬਾਰੇ ਵੇਰਵੇ ਦਿੰਦੇ ਉਨ੍ਹਾਂ ਦੱਸਿਆ ਕਿ ਜੇਕਰ ਕੋਈ ਆਪਣੀ ਜ਼ਮੀਨ ਦੀ ਰਜਿਸਟਰੀ ਕਰਵਾਉਂਦਾ ਹੈ ਤਾਂ ਇਸ ਦਾ ਇੰਤਕਾਲ ਆਪਣੇ ਆਪ 30 ਦਿਨਾਂ ਦੇ ਅੰਦਰ ਹੋ ਜਾਵੇਗਾ। ਇਸ ਲਈ ਪਟਵਾਰੀ ਕੋਲ ਜਾਣ ਦੀ ਜ਼ਰੂਰਤ ਨਹੀਂ ਹੈ। ਇਸ ਤੋਂ ਇਲਾਵਾ ਵਿਰਾਸਤ ਦੇ ਇੰਤਕਾਲ ਅਤੇ ਪੁਰਾਣੀ ਹੋਈ ਰਜਿਸਟਰੀ ਜਿਸ ਦਾ ਇੰਤਕਾਲ ਦਰਜ ਨਾ ਹੋਇਆ ਹੋਵੇ ਉਸ ਸਬੰਧੀ ਵੀ ਅਰਜੀ ਆਨਲਾਈਨ ਦਰਜ਼ ਕਰਵਾਈ ਜਾ ਸਕਦੀ ਹੈ ਅਤੇ 30 ਦਿਨਾਂ ਦੇ ਨਿਰਧਾਰਤ ਸਮੇਂ ਦੇ ਅੰਦਰ ਇੰਤਕਾਲ ਹੋ ਜਾਵੇਗਾ। ਇਸ ਬਾਰੇ ਉਸ ਨੂੰ ਸਮੁੱਚੀ ਪ੍ਰਕਿਰਿਆ ਦੇ ਹਰ ਕਦਮ ਦਾ ਵਟਸਐਪ ਅਤੇ ਪੋਰਟਲ ਰਾਹੀਂ ਅਪਡੇਟ ਮਿਲੇਗਾ।

# ਜਤਿੰਦਰ ਖੰਗੂੜਾ ਬਣੇ ਜ਼ਿਲ੍ਹਾ ਪਲੈਨਿੰਗ ਬੋਰਡ ਲੁਧਿਆਣਾ ਦੇ ਨਵੇਂ ਚੇਅਰਮੈਨ



**ਲੁਧਿਆਣਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਅੱਜ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਦੇ ਜ਼ਿਲ੍ਹਾ ਪਲੈਨਿੰਗ ਬੋਰਡਾਂ ਦੇ ਨਵੇਂ ਬਣਾਏ ਗਏ ਚੇਅਰਮੈਨ ਅਤੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਗਿਆ। ਇਸੀ ਲੜੀ ਅਧੀਨ ਆਮ ਆਦਮੀ ਪਾਰਟੀ ਨੇ ਜ਼ਿਲੇ ਦੇ ਸ਼ਹਿਰੀ ਪ੍ਰਧਾਨ ਜਤਿੰਦਰ ਖੰਗੂੜਾ ਨੂੰ ਜ਼ਿਲ੍ਹਾ ਪਲੈਨਿੰਗ ਬੋਰਡ ਲੁਧਿਆਣਾ ਦਾ ਚੇਅਰਮੈਨ ਅਤੇ ਦਸ਼ਮੇਸ਼ ਸਿੰਘ, ਮਨਜੀਤ ਸਿੰਘ ਹਰਮਨ, ਨਵਦੀਪ ਨਵੀ, ਤਜਿੰਦਰ ਸਿੰਘ ਮਿੱਠੂ, ਤਜਿੰਦਰ ਸਿੰਘ ਗਰੇਵਾਲ, ਗੁਰਵਿੰਦਰ ਸਿੰਘ ਰਾਣਾ ਕੂਨਰ, ਮਾਸਟਰ ਅਵਤਾਰ ਸਿੰਘ ਨੂੰ ਬਤੌਰ ਮੈਂਬਰ ਥਾਪਿਆ ਹੈ। ਜਿਸ ਤੋਂ ਬਾਅਦ ਸਮੁੱਚੀ ਪਾਰਟੀ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਪਾਰਟੀ ਦੇ ਅਹੁਦੇਦਾਰ ਅਤੇ ਵਲੰਟੀਅਰ ਵੱਡੀ ਗਿਣਤੀ ਵਿੱਚ ਨਵੇਂ ਬਣੇ ਚੇਅਰਮੈਨ ਨੂੰ ਵਧਾਈ ਦੇਣ ਲਈ ਪੁੱਜੇ।

ਇਥੇ ਜਤਿੰਦਰ ਖੰਗੂੜਾ ਦਾ ਜ਼ੋਰਦਾਰ ਸਵਾਗਤ ਕੀਤਾ ਅਤੇ ਉਹਨਾਂ ਨੂੰ ਆਪਣੀਆਂ ਸ਼ੁਭ ਇੱਛਾਵਾਂ ਭੇਂਟ ਕੀਤੀਆਂ। ਇਸ ਮੌਕੇ ਤੇ ਵੱਖ-ਵੱਖ ਆਗੂਆਂ ਨੇ ਜਤਿੰਦਰ ਸਿੰਘ ਖੰਗੂੜਾ ਨੂੰ ਜ਼ਿਲ੍ਹਾ ਪਲੈਨਿੰਗ ਬੋਰਡ ਲੁਧਿਆਣਾ ਦਾ ਚੇਅਰਮੈਨ ਬਣਾਉਣ ਦੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜਤਿੰਦਰ ਖੰਗੂੜਾ ਅਤੇ ਉਨਾਂ ਦੀ ਸਾਰੀ ਟੀਮ ਵਿੱਚ ਆਮ ਘਰਾਂ ਦੇ ਨੌਜਵਾਨਾਂ ਨੂੰ ਥਾਂ ਦਿੱਤੀ ਗਈ ਹੈ। ਜਿਸ ਨਾਲ ਸਿੱਧ ਹੁੰਦਾ ਹੈ ਕਿ ਸਿਰਫ ਆਮ ਆਦਮੀ ਪਾਰਟੀ ਹੀ ਆਮ ਘਰਾਂ ਦੇ ਨੌਜਵਾਨਾਂ ਬਾਰੇ ਸੋਚਦੀ ਹੈ ਤੇ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਦਿੰਦੀ ਹੈ।

ਇਸ ਮੌਕੇ ਸਰਕਟ ਹਾਊਸ ਵਿਖੇ ਪੁੱਜੇ ਮਹਿਲਾ ਵਿੰਗ ਦੇ ਆਗੂਆਂ ਨੂੰ ਵੀ ਜਤਿੰਦਰ ਖੰਗੂੜਾ ਨੇ ਉਚੇਚੇ ਤੌਰ ਤੇ ਸਰੋਪਾ ਦੇ ਕੇ ਸਨਮਾਨਿਤ ਕੀਤਾ ਅਤੇ ਸ਼ੁਭਕਾਮਨਾਵਾਂ ਦਿੱਤੀਆਂ, ਇਥੇ ਜਿਕਰਯੋਗ ਹੈ ਕਿ ਬੀਤੇ ਮੰਗਲਵਾਰ ਨੂੰ ਹੀ ਮਹਿਲਾ ਵਿੰਗ ਦੇ ਲੁਧਿਆਣਾ ਦੇ ਨਵੇਂ ਹਲਕਾ ਪ੍ਰਧਾਨਾਂ ਦਾ ਐਲਾਨ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸ਼ਿਸ਼ੋਦੀਆ ਵੱਲੋਂ ਕੀਤਾ ਗਿਆ ਸੀ ਜਿਸ ਵਿੱਚ ਮਨੀਸ਼ਾ ਕਪੂਰ ਨੂੰ ਜਿਲ੍ਹਾ ਲੁਧਿਆਣਾ ਮਹਿਲਾ ਵਿੰਗ ਦਾ ਪ੍ਰਧਾਨ ਲਗਾਇਆ ਗਿਆ ਸੀ।

ਇਸ ਮੌਕੇ ਤੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਤਿੰਦਰ ਖੰਗੂੜਾ ਨੇ ਪਾਰਟੀ ਹਾਈ ਕਮਾਨ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਸਮੂਹ ਵਲੰਟੀਅਰਾਂ ਦਾ ਉਹਨਾਂ ਨੂੰ ਬਖਸ਼ੇ ਮਾਨ ਅਤੇ ਭਰੋਸੇ ਲਈ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕੀਤਾ। ਜਤਿੰਦਰ ਖੰਗੂੜਾ ਨੇ ਕਿਹਾ ਕਿ ਪਾਰਟੀ ਨੇ ਉਹਨਾਂ ਨੂੰ ਜ਼ਿਲ੍ਹਾ ਪ੍ਰਧਾਨ ਦੇ ਨਾਲ ਨਾਲ ਜੋ ਜ਼ਿਲ੍ਹਾ ਪਲੈਨਿੰਗ ਬੋਰਡ ਚੇਅਰਮੈਨ ਦੀ ਜਿੰਮੇਵਾਰੀ ਦਿੱਤੀ ਹੈ ਉਸਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਇਸ ਮੌਕੇ ਤੇ ਡਿਪਟੀ ਮੇਅਰ ਪ੍ਰਿੰਸ ਜੌਹਰ, ਸੁਰੇਸ਼ ਗੋਇਲ, ਕੌਂਸਲਰ ਅਤੇ ਲੁਧਿਆਣਾ ਸ਼ਹਿਰੀ ਦੇ ਸਕੱਤਰ ਨਿਧੀ ਗੁਪਤਾ, ਕੌਂਸਲਰ ਅਮਰਜੀਤ ਸਿੰਘ, ਕੌਂਸਲਰ ਸਤਨਾਮ ਸਿੰਘ ਸਨੀ ਮਾਸਟਰ, ਕੌਂਸਲਰ ਅਰਾਧਨਾ ਮਨੀ ਸਾਈ, ਮਾਰਕੀਟ ਕਮੇਟੀ ਲੁਧਿਆਣਾ ਦੇ ਚੇਅਰਮੈਨ ਗੁਰਜੀਤ ਸਿੰਘ ਗਿੱਲ, ਮੀਡੀਆ ਇੰਚਾਰਜ ਪੁਨੀਤ ਸਾਹਨੀ, ਵਰਿੰਦਰ ਸਿੰਘ ਜੱਸੀਆਂ,ਦਸ਼ਮੇਸ਼ ਸਿੰਘ, ਦੀਪਕ ਹੈਬੋਵਾਲ, ਸਹਿਜ, ਮਨਪ੍ਰੀਤ ਜੱਸੀਆਂ, ਮਹਿਲਾ ਵਿੰਗ ਦੇ ਜੋਨ ਇਨਚਾਰਜ ਅਜਿੰਦਰ ਪਾਲ ਕੌਰ, ਸੁਖਪ੍ਰੀਤ ਕੌਰ, ਰਾਧਾ ਮਲਹੋਤਰਾ, ਅਲਕਾ ਮਲਹੋਤਰਾ, ਬਲਜਿੰਦਰ ਕੌਰ, ਨਵਨੀਤ ਕੌਰ, ਕੁਲਦੀਪ ਸਿੰਘ ਗਰੇਵਾਲ ਫ਼ਤਿਹਪੁਰ ਆਵਣਾ, ਮਾਸਟਰ ਹਰੀ ਸਿੰਘ, ਪਰਮਪਾਲ ਸਿੰਘ ਬਾਵਾ, ਸ਼ੇਖਰ ਗਰੋਵਰ, ਮਨਜੀਤ ਸਿੰਘ ਬਾੜੇਵਾਲ, ਧਰੁਵ ਸ਼ਰਮਾ, ਵਰਿੰਦਰ ਸਿੰਘ ਗਿੱਲ, ਮੰਨਾ ਸੁਨੇਤ, ਅਵੀ ਬਾੜੇਵਾਲ, ਥੋਮਸ ਬਾੜੇਵਾਲ, ਗੁਰਵਿੰਦਰ ਸਿੱਧੂ, ਹਰਕਿਰਤ ਕੋਟਲੀ, ਸੁਖਵਿੰਦਰ ਸਿੰਘ, ਅਕਾਸ਼ ਬਜਾਜ, ਰਾਜ ਕੁਮਾਰ ਅਗਰਵਾਲ, ਰਾਜੂ ਕਨੋਜੀਆ, ਚਰਨਪ੍ਰੀਤ ਸਿੰਘ ਲਾਂਬਾ, ਕੁਲਦੀਪ ਸਿੰਘ ਗਰੇਵਾਲ, ਵਰੁਣ ਮਹਿਤਾ, ਕਮਲਜੀਤ ਸਿੰਘ, ਅਤੇ ਸੈਂਕੜੇ ਹੋਰ ਸਾਥੀ ਵੀ ਮੌਜੂਦ ਸਨ।

# ਝੋਨੇ ਵਿਚ ਮੱਧਰੇਪਣ ਦੀ ਸਮੱਸਿਆ ਨੂੰ ਨਜਿੱਠਣ ਲਈ ਵਿਭਾਗ ਵੱਲੋਂ ਟੀਮਾਂ ਦਾ ਗਠਨ: ਮੁੱਖ ਖੇਤੀਬਾੜੀ ਅਫ਼ਸਰ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਹੇਠ ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਵੱਲੋਂ ਜ਼ਿਲ੍ਹਾ ਪਟਿਆਲਾ ਵਿਚ ਝੋਨੇ ਦੀ ਫ਼ਸਲ ਵਿਚ ਮੱਧਰੇਪਣ ਦੀ ਸਮੱਸਿਆ ਨੂੰ ਨਜਿੱਠਣ ਲਈ ਟੀਮਾਂ ਦਾ ਗਠਨ ਕੀਤਾ ਗਿਆ। ਉਹਨਾਂ ਦੱਸਿਆ ਕਿ ਇਹ ਟੀਮਾਂ ਪਿੰਡ ਪੱਧਰ 'ਤੇ ਜਾ ਕੇ ਕਿਸਾਨਾਂ ਨੂੰ ਮੱਧਰੇਪਣ ਦੀ ਸਮੱਸਿਆ ਤੋਂ ਨਜਿੱਠਣ ਲਈ ਤਕਨੀਕੀ ਜਾਣਕਾਰੀ ਸਾਂਝੀ ਕਰ ਰਹੀਆਂ ਹਨ।

ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਆਪਣੇ ਖੇਤਾਂ ਦੇ ਖੜ੍ਹੇ ਪਾਣੀ ਨੂੰ ਸੁਕਾਉਣ, ਬਿਮਾਰੀ ਨੂੰ ਫੈਲਾਉਣ ਵਾਲੇ ਚਿੱਟੀ ਪਿੱਠ ਵਾਲੇ ਟਿੱਡੇ ਦੀ ਰੋਕਥਾਮ ਲਈ ਕੀੜੇਮਾਰ ਦਵਾਈ ਚੈਸ 120 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰਨ ਅਤੇ ਜਿਨ੍ਹਾਂ ਖੇਤਾਂ ਵਿਚ ਜ਼ਿੰਕ ਦੀ ਘਾਟ ਹੋਵੇ, ਉਹਨਾਂ ਖੇਤਾਂ ਵਿਚ ਜ਼ਿੰਕ ਸਲਫ਼ੇਟ ਦਾ ਸਪਰੇਅ ਕਰਨ ਦੀ ਸਿਫ਼ਾਰਿਸ਼ ਕਰ ਰਹੀਆਂ ਹਨ।

ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਦੇ ਪਿੰਡ ਸ਼ੰਕਰਪੁਰ, ਗੌਂਸਪੁਰ, ਦੌਣਕਲਾਂ, ਬਠੋਈ ਕਲਾਂ, ਤਰੈਂ, ਡਕਾਲਾ, ਡਰੋਲਾ, ਮੈਣ, ਖੇੜਾ ਜੱਟਾ, ਮਜਾਲ ਕਲਾਂ, ਰੋਹੜ ਜਗੀਰ, ਗਲੋਲੀ ਅਤੇ ਅਰਨੋ ਆਦਿ ਪਿੰਡਾਂ ਵਿਚ ਇਹ ਸਮੱਸਿਆ ਲਗਭਗ 1200 ਏਕੜ ਵਿਚ ਦੇਖਣ ਨੂੰ ਆਈ ਹੈ।

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਨੇ ਦੱਸਿਆ ਕਿ ਮੱਧਰੇਪਣ ਦੀ ਸਮੱਸਿਆ ਦੇ ਹੱਲ ਲਈ ਬਲਾਕ ਪਟਿਆਲਾ ਦੇ ਕਿਸਾਨ ਡਾ. ਗੁਰਮੀਤ ਸਿੰਘ (97791-60950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਭੂਨਰਹੇੜੀ ਦੇ ਕਿਸਾਨ ਡਾ. ਅਵਨਿੰਦਰ ਸਿੰਘ ਮਾਨ (80547-04171), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (97589-00047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪਨੂੰ (73070-59201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (99883-12299) ਨਾਲ ਸੰਪਰਕ ਕਰ ਸਕਦੇ ਹਨ।

# ਪ੍ਰਮਾਣੂ ਰਸਾਇਣਕ ਸ਼ਕਤੀ ਦੀ ਵਰਤੋਂ ਮਾਨਵਤਾ ਦੀ ਖੁਸ਼ਹਾਲੀ ਲਈ ਕੀਤੀ ਜਾਵੇ, ਤਬਾਹੀ ਲਈ ਨਹੀਂ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ ਵਲੋਂ ਅਗਸਤ 1945 ਨੂੰ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਐਟਮ ਬੰਬ ਗਿਰਾਏ, ਜਿਸ ਕਾਰਨ, ਜਾਪਾਨ ਦੇ 400,000 ਤੋਂ ਵੱਧ ਨਾਗਰਿਕਾਂ ਦੀਆਂ ਮੌਤਾਂ ਹੋਈਆਂ ਅਤੇ ਅਨੇਕਾਂ ਸਾਲਾਂ ਤੱਕ ਜ਼ਹਿਰੀਲੀਆਂ ਗੈਸਾਂ, ਧੂੰਏਂ ਅਤੇ ਪ੍ਰਦੂਸ਼ਣ ਕਾਰਨ, ਜਪਾਨੀਆਂ ਨੂੰ ਕੈਂਸਰ, ਕਾਲਾ ਪੀਲੀਆਂ, ਦਿਲ ਦਿਮਾਗ ਅਤੇ ਚਮੜੀ ਰੋਗਾਂ ਨਾਲ ਤੜਫਣਾ ਪਿਆ, ਜਦਕਿ ਪ੍ਰਮਾਣੂ, ਰਸਾਇਣਕ ਅਤੇ ਨਿਊਕਲੀਅਰ ਪਦਾਰਥਾਂ ਦੀ ਵਰਤੋਂ ਅਨੇਕਾਂ ਦੇਸ਼ਾਂ ਵਲੋਂ ਮਾਨਵਤਾ ਦੀ ਸੁਰੱਖਿਆ, ਭਲਾਈ ਅਤੇ ਖੁਸ਼ਹਾਲੀ ਲਈ ਵਰਦਾਨ ਬਣ ਰਹੀ ਹੈ, ਇਹ ਵਿਚਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨ ਪਟਿਆਲਾ ਦੇ ਪ੍ਰਿੰਸੀਪਲ ਸ਼੍ਰੀਮਤੀ ਸੀਮਾ ਉੱਪਲ ਅਤੇ ਵਾਈਸ ਪ੍ਰਿੰਸੀਪਲ ਸ਼੍ਰੀ ਰਾਮ ਲਾਲ ਗੁਪਤਾ ਨੇ ਪ੍ਰਗਟ ਕੀਤੇ। ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਅਤੇ ਪੁਲਿਸ ਆਵਾਜਾਈ ਸਿੱਖਿਆ ਸੈਲ ਵਲੋਂ ਸਹਾਇਕ ਥਾਣੇਦਾਰ ਰਾਮ ਸਰਨ ਨੇ ਦਸਿਆ ਕਿ ਵਿਦਿਆਰਥੀਆਂ ਅਧਿਆਪਕਾਂ ਨੂੰ ਆਪਣੇ ਘਰ ਪਰਿਵਾਰਾਂ ਸੰਸਥਾਵਾਂ ਵਿਉਪਾਰਕ ਅਦਾਰਿਆਂ ਨੂੰ ਸੁਰੱਖਿਅਤ ਕਰਨ ਲਈ ਨਿਯਮਾਂ ਕਾਨੂੰਨਾਂ ਅਨੁਸਾਰ ਟ੍ਰੇਨਿੰਗ ਅਭਿਆਸ ਅਤੇ ਮੌਕ ਡਰਿੱਲਾਂ ਕਰਵਾਉਣੀਆ ਚਾਹੀਦੀਆ ਹਨ।

ਕਾਕਾ ਰਾਮ ਵਰਮਾ ਨੇ ਦੱਸਿਆ ਕਿ ਦੁਨੀਆਂ ਦੇ ਅਨੇਕਾਂ ਦੇਸ਼ਾਂ ਕੋਲ, ਪ੍ਰਮਾਣੂ ਐਟਮੀ ਰਸਾਇਣਕ ਉਰਜਾ ਹੈ ਪਰ ਉਨ੍ਹਾਂ ਦੀ ਵਰਤੋਂ ਬੰਬ ਅਤੇ ਮਿਜ਼ਾਇਲਾਂ ਤਿਆਰ ਕਰਨ ਲਈ ਕੀਤੀ ਜਾ ਰਹੀ ਹੈ। ਜਦਕਿ ਮਾਨਵਤਾ ਦੀ ਖੁਸ਼ਹਾਲੀ ਲਈ, ਇਨ੍ਹਾਂ ਕੁਦਰਤੀ ਸੋਮਿਆਂ ਦੀ ਵਰਤੋਂ ਚੰਗੇਰੇ ਵਾਤਾਵਰਨ, ਇਲਾਜ, ਸਿਖਿਆ, ਰੋਜ਼ਗਾਰ, ਹਾਦਸੇ ਘਟਾਉਣ ਅਤੇ ਭਾਈਚਾਰੇ ਦੀ ਲਈ ਕੀਤੀ ਜਾਵੇ ਤਾਂ ਦੁਨੀਆਂ ਸਵਰਗ ਵਰਗੀ ਖੁਸ਼ਹਾਲ ਸੁਰੱਖਿਅਤ ਸਿਹਤਮੰਦ ਹੋ ਸਕਦੀ ਹੈ। ਜੰਗਾਂ, ਆਪਦਾਵਾਂ ਦੌਰਾਨ ਕੀਮਤੀ ਜਾਨਾਂ ਬਚਾਉਣ ਲਈ ਵਿਦਿਆਰਥੀਆਂ ਐਨ ਐਸ ਐਸ ਅਤੇ ਐਨ ਸੀ ਸੀ ਕੇਡਿਟਜ ਨੂੰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਦੀ ਟ੍ਰੇਨਿੰਗ ਲੈਕੇ, ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਨ ਲਈ ਤਿਆਰ ਹੋਣਾ ਚਾਹੀਦਾ। ਰਾਮ ਸਰਨ ਨੇ ਕੇਡਿਟਜ ਨੂੰ ਦੂਜੇ ਵਿਦਿਆਰਥੀਆਂ ਅਤੇ ਨਾਗਰਿਕਾਂ ਤੋਂ ਸਰਵੋਤਮ ਦਸਿਆ, ਇਸ ਲਈ ਉਨ੍ਹਾਂ ਵਲੋਂ ਅਮਨ ਸ਼ਾਂਤੀ, ਭਾਈਚਾਰੇ, ਸੁਰੱਖਿਆ, ਬਚਾਉ, ਮਦਦ, ਖੁਸ਼ਹਾਲੀ, ਅਨੁਸ਼ਾਸਨ, ਉਨਤੀ ਲਈ ਵੱਧ ਯਤਨ ਕਰਨੇ ਚਾਹੀਦੇ ਹਨ। ਨਿਯਮਾਂ, ਕਾਨੂੰਨਾਂ, ਅਸੂਲਾਂ, ਅਨੁਸ਼ਾਸਨ, ਫਰਜ਼ਾਂ ਦੀ ਹਰ ਥਾਂ ਇਮਾਨਦਾਰੀ ਨਾਲ ਪਾਲਣਾ ਕਰਨੀ ਚਾਹੀਦੀ ਹੈ।

ਸਾਰਿਆਂ ਨੇ ਪ੍ਰਣ ਕੀਤਾ ਕਿ ਉਹ ਹਮੇਸ਼ਾ ਸੱਚੇ ਦੇਸ਼ ਭਗਤਾਂ, ਸੂਰਬੀਰਾਂ, ਯੋਧੇ ਬਨਣਗੇ। ਦੁਨੀਆ ਅਤੇ ਘਰ ਪਰਿਵਾਰਾਂ, ਇਨਸਾਨਾਂ ਵਿੱਚ ਸਬਰ ਅਮਨ ਸ਼ਾਂਤੀ, ਭਾਈਚਾਰੇ, ਨਿਮਰਤਾ, ਸ਼ਹਿਣਸ਼ੀਲਤਾ ਅਨੁਸ਼ਾਸਨ ਲਈ ਅਰਦਾਸ ਕੀਤੀ ਗਈ। ਪੁਸ਼ਵਿੰਦਰ ਕੌਰ ਅਤੇ ਸੁਪਦੀਪ ਸਿੰਘ ਐਨ ਐਸ ਐਸ ਪ੍ਰੋਗਰਾਮ ਅਫਸਰ ਅਤੇ ਜਯੋਤੀ ਸਿੰਗਲਾ ਐਨ ਸੀ ਸੀ ਅਫਸਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਜਾਣਕਾਰੀ ਵਿਦਿਆਰਥੀਆਂ ਦੇ ਵਰਤਮਾਨ ਅਤੇ ਭਵਿੱਖ ਨੂੰ ਸੁਰੱਖਿਅਤ ਸਿਹਤਮੰਦ ਖੁਸ਼ਹਾਲ ਉੱਨਤ ਕਰਦੀ ਹੈ।

# ਕਈ ਸਾਲ ਪਹਿਲਾਂ ਹੋਟਲ ਰੈਡੀਸਨ ’ਚ ਹੋਏ ਵਿਵਾਦ ਦਾ ਨੋਟੋਰੀਅਸ ’ਚ ਹੋਏ ਹਾਈ ਪ੍ਰੋਫਾਈਲ ਹੰਗਾਮੇ ਨਾਲ ਹੈ ਡੂੰਘਾ ਕੁਨੈਕਸ਼ਨ

ਕੌਮੀ ਪਤ੍ਰਿਕਾ

ਜਲੰਧਰ 11 ਅਗਸਤ। ਜਲੰਧਰ ਵਿਚ ਹਾਲ ਹੀ ਵਿਚ ਨੋਟੋਰੀਅਸ ਰੈਸਟੋਰੈਂਟ ਅਤੇ ਬਾਰ ਵਿਚ ਹੋਇਆ ਹਾਈ ਪ੍ਰੋਫਾਈਲ ਹੰਗਾਮਾ ਇਨ੍ਹੀਂ ਦਿਨੀਂ ਹਰ ਸ਼ਹਿਰ ਵਾਸੀ ਦੀ ਜ਼ੁਬਾਨ ’ਤੇ ਹੈ। ਇਸ ਮਾਮਲੇ ਵਿਚ ਬੇਸ਼ੱਕ 2 ਵੱਡੇ ਘਰਾਣਿਆਂ ਵਿਚਕਾਰ ਵਿਵਾਦ ਹੋਇਆ ਸੀ। ਮਾਮਲਾ ਪੁਲਸ ਕੋਲ ਹੈ ਪਰ ਇਸ ਘਟਨਾ ਨੇ ਸ਼ਹਿਰ ਵਿਚ ਉਨ੍ਹਾਂ ਪਰਿਵਾਰਾਂ ਦੇ ਦਰਦ ਨੂੰ ਦੁਬਾਰਾ ਛੇੜ ?ਦੱਤਾ ਹੈ, ਜੋ ਰੋਜ਼ਾਨਾ ਇਨ੍ਹਾਂ ਵੱਡੇ ਰੈਸਟੋਰੈਂਟਾਂ ਵਿਚ ਹੋਣ ਵਾਲੀਆਂ ਸ਼ਰਾਬ ਪਾਰਟੀਆਂ ਤੋਂ ਤੰਗ ਆ ਚੁੱਕੇ ਸਨ। ਨਵੀਂ ਜਨਰੇਸ਼ਨ ਇਨ੍ਹਾਂ ਪਾਰਟੀਆਂ ਦੀ ਬਹੁਤ ਸ਼ੌਕੀਨ ਹੈ ਪਰ ਉਨ੍ਹਾਂ ਦੇ ਪਰਿਵਾਰ ਵਾਲੇ ਕੁਝ ਹੱਦ ਤਕ ਇਨ੍ਹਾਂ ਪਾਰਟੀਆਂ ਤੋਂ ਅੱਕ ਚੁੱਕੇ ਹਨ। ਸ਼ਹਿਰ ਵਿਚ ਹੋਏ ਇਸ ਹਾਈ ਪ੍ਰੋਫਾਈਲ ਮਾਮਲੇ ਦੇ ਬਾਅਦ ਤੋਂ ਇਕ ਵੱਡਾ ਸਵਾਲ ਇਹ ਖੜ੍ਹਾ ਹੋ ਰਿਹਾ ਹੈ ਕਿ ਸ਼ਹਿਰ ਵਿਚ ਖੁੱਲ੍ਹੇ ਨੋਟੋਰੀਅਸ ਵਰਗੇ ਬਾਰ ਆਖਿਰ ਨੌਜਵਾਨ ਵਰਗ ਨੂੰ ਕਿਸ ਪਾਸੇ ਲਿਜਾ ਰਹੇ ਹਨ। ਪਾਰਟੀਆਂ ਦੇ ਨਾਂ ’ਤੇ ਸ਼ਰਾਬ ਪਰੋਸੀ ਜਾਂਦੀ ਹੈ ਅਤੇ ਸਵੇਰੇ 3-4 ਵਜੇ ਤਕ ਜਸ਼ਨ ਮਨਾਇਆ ਜਾਂਦਾ ਹੈ, ਜਿਸ ਦੇ ਪਿੱਛੇ ਸ਼ਾਇਦ ਇਕ ਵੱਡਾ ਕਾਰਨ ਹੈ ਖੁਦ ਨੂੰ ਕਾਨੂੰਨ ਵਿਵਸਥਾ ਤੋਂ ਉੱਪਰ ਸਮਝਣ ਦੀ ਲਲਕ। ਜਲੰਧਰ ਦੇ ਨੋਟੋਰੀਅਸ ਵਿਚ ਜੋ ਵੀ ਹੋਇਆ, ਉਹ ਵੀ ਇਸੇ ਵਿਵਸਥਾ ਦਾ ਹਿੱਸਾ ਹੈ। ਜੋ ਸੀ. ਸੀ. ਟੀ. ਵੀ. ਫੁਟੇਜ ਸਾਹਮਣੇ ਆ ਰਹੇ ਹਨ, ਉਨ੍ਹਾਂ ਵਿਚ ਸਾਫ਼ ਵੇਖਿਆ ਜਾ ਸਕਦਾ ਹੈ ਕਿ ਸਵੇਰੇ 3-4 ਵਜੇ ਕਿਸ ਤਰ੍ਹਾਂ ਨਾਲ ਜਾਮ ਨਾਲ ਜਾਮ ਟਕਰਾਏ ਜਾ ਰਹੇ ਹਨ। 2 ਧਿਰਾਂ ਵਿਚ ਵਿਵਾਦ ਦੌਰਾਨ ਵੀ ਵਧੇਰੇ ਲੋਕਾਂ ਦੇ ਹੱਥਾਂ ਵਿਚ ਸ਼ਰਾਬ ਦੇ ਜਾਮ ਫੜੇ ਹੋਏ ਹਨ। ਘਟਨਾਕ੍ਰਮ ਵਿਚ ਵੀ ਇਕ-ਦੂਜੇ ’ਤੇ ਹਮਲਾ ਕਰਨ ਸਮੇਂ ਸ਼ਰਾਬ ਦੀ ਬੋਤਲ ਦੀ ਹੀ ਵਰਤੋਂ ਕੀਤੀ ਗਈ, ਜੋ ਇਹ ਦਰਸਾਉਂਦਾ ਹੈ ਕਿ ਸਾਰੀ ਰਾਤ ਸ਼ਰਾਬ




ਵਿਚ ਡੁੱਬੇ ਨੌਜਵਾਨ ਕਿਸ ਹੱਦ ਤਕ ਚਲੇ ਜਾਂਦੇ ਹਨ। ਨੋਟੋਰੀਅਸ ਵਿਚ ਹੋਏ ਹੰਗਾਮੇ ਵਰਗੇ ਕਈ ਮਾਮਲੇ ਪਹਿਲਾਂ ਵੀ ਹੋ ਚੁੱਕੇ ਹਨ ਪਰ ਇਸ ਮਾਮਲੇ ਵਿਚ ਅਤੇ ਕੁਝ ਸਾਲ ਪਹਿਲਾਂ ਹੋਟਲ ਰੈਡੀਸਨ ਵਿਚ ਹੋਏ ਹੰਗਾਮੇ ਵਿਚ ਇਕ ਗੱਲ ਕਾਮਨ ਹੈ। ਦਰਅਸਲ 2 ਸਾਲ ਪਹਿਲਾਂ ਹੋਟਲ ਰੈਡੀਸਨ ਵਿਚ ਇਕ ਪਾਰਟੀ ਦੌਰਾਨ ਗੋਲੀ ਚੱਲੀ ਸੀ ਅਤੇ ਉਹ ਗੋਲੀ ਸ਼ੈਲੀ ਨਾਂ ਦੇ ਸ਼ਖਸ ਨੂੰ ਲੱਗੀ ਸੀ। ਹੁਣ ਇਸ ਵਿਚ ਕਾਮਨ ਚੀਜ਼ ਇਹ ਹੈ ਕਿ ਉਹ ਗੋਲੀ ਜਿਸ ਸ਼ੈਲੀ ਨਾਂ ਦੇ ਸ਼ਖਸ ਨੂੰ ਲੱਗੀ ਸੀ, ਉਹ ਟੈਬੀ ਭਾਟੀਆ ਦੇ ਪਿਤਾ ਹਨ, ਜੋ ਨੋਟੋਰੀਅਸ ਵਿਚ ਹੋਈ ਕੁੱਟਮਾਰ ਵਿਚ ਸ਼ਾਮਲ ਮੁਲਜ਼ਮਾਂ ਵਿਚੋਂ ਇਕ ਹੈ। ਇਸ ਤੋਂ ਵੱਡਾ ਕਲਾਈਮੈਕਸ ਇਹ ਹੈ ਕਿ ਉਹ ਗੋਲੀ ਕਥਿਤ ਤੌਰ ’ਤੇ ਜਿਸ ਸ਼ਖਸ ਦੀ ਰਿਵਾਲਵਰ ਵਿਚੋਂ ਚੱਲੀ ਸੀ, ਉਹ ਨੋਟੋਰੀਅਸ ਦੇ ਮਾਲਕ ਦੇ ਪਰਿਵਾਰ ਦਾ ਮੈਂਬਰ ਸੀ। ਕੁੱਲ ਮਿਲਾ ਕੇ ਇਸ ਹਾਈ ਪ੍ਰੋਫਾਈਲ ਹੰਗਾਮੇ ਦੀ ਜੋ ਸੀਰੀਜ਼ ਵਿਚ ਸ਼ਹਿਰ ਵਿਚ ਚੱਲ ਰਹੀ ਹੈ, ਉਹ ਉਸ ਸੀਰੀਜ਼ ਦਾ 2.0 ਵਰਜਨ ਹੈ। ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਸੀਰੀਜ਼ ਦਾ 3.0 ਵਰਜਨ ਵੀ ਜਲਦ ਦੇਖਣ ਨੂੰ ਮਿਲੇਗਾ। ਜਿਸ ਤਰ੍ਹਾਂ ਨਾਲ ਨੋਟੋਰੀਅਸ ਵਿਚ ਹੰਗਾਮਾ ਹੋਇਆ, ਉਸ ਤਰ੍ਹਾਂ ਦੀਆਂ ਘਟਨਾਵਾਂ ਆਏ ਦਿਨ ਸ਼ਹਿਰ ਵਿਚ ਹੁੰਦੀਆਂ ਰਹਿੰਦੀਆਂ ਹਨ। ਸਤਵਾ ਵਰਗੇ ਰੈਸਟੋਰੈਂਟ ਵਿਚ ਵੀ ਕਈ ਘਟਨਾਵਾਂ ਚਰਚਾ ਵਿਚ ਰਹਿ ਚੁੱਕੀਆਂ ਹਨ। ਇਸੇ ਰੈਸਟੋਰੈਂਟ ਵਿਚ ਡਾਕਟਰਾਂ ਦਾ ਵਿਵਾਦ ਵੀ ਖੂਬ ਚਰਚਾ ਦਾ ਵਿਸ਼ਾ ਬਣਿਆ ਹੈ। ਬੇਸ਼ੱਕ ਬਾਅਦ ਵਿਚ ਪਾਰਟੀਆਂ ਵਿਚਕਾਰ ਸਮਝੌਤਾ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ ਪਰ ਵਿਵਾਦ ਤਾਂ ਵਿਵਾਦ ਹੀ ਹੈ। ਨੋਟੋਰੀਅਸ ਤੋਂ ਲੈ ਕੇ ਸਤਵਾ ਤਕ ਬਾਰ ਵਿਚ ਜੋ ਘਟਨਾਵਾਂ ਹੋਈਆਂ, ਉਸ ਦੇ ਲਈ ਰੈਸਟੋਰੈਂਟ ਦੇ ਮਾਲਕ ਪੂਰੀ ਤਰ੍ਹਾਂ ਨਾਲ ਜ਼ਿੰਮੇਵਾਰ ਹਨ, ਜੋ ਹਰ ਵਾਰ ਆਪਣਾ ਪੱਲਾ ਝਾੜ ਲੈਂਦੇ ਹਨ। ਬੇਸ਼ੱਕ ਪ੍ਰਸ਼ਾਸਨ ਵੱਲੋਂ ਰਾਤ 12 ਵਜੇ ਤਕ ਬਾਰ ਬੰਦ ਕਰਨ ਦੇ ਨਿਰਦੇਸ਼ ਹਨ, ਪਰ ਉਸ ਤੋਂ ਬਾਅਦ ਵੀ ਸਵੇਰੇ 4 ਵਜੇ ਤਕ ਸ਼ਰਾਬ ਪਰੋਸਣ ਦੀ ਆਖਿਰ ਇਜਾਜ਼ਤ ਇਨ੍ਹਾਂ ਨੂੰ ਕਿਸ ਨੇ ?ਦੱਤੀ ਹੈ। ਜਲੰਧਰ ਦੇ ਨੋਟੋਰੀਅਸ ਬਾਰ ਵਿਚ ਜਿਸ ਤਰ੍ਹਾਂ ਦੀ ਘਟਨਾ ਹੋਈ, ਉਸ ਤਰ੍ਹਾਂ ਦੀਆਂ ਕਈ ਘਟਨਾਵਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਪਰ ਉਨ੍ਹਾਂ ਵਿਚੋਂ 10 ਫੀਸਦੀ ਵੀ ਰਿਪੋਰਟ ਨਹੀਂ ਹੁੰਦੀਆਂ। ਜਿਸ ਦੇ ਪਿੱਛੇ ਵੱਡਾ ਕਾਰਨ ਹੈ ਕਿ ਕੁਝ ਲੋਕ ਬਦਨਾਮੀ ਦੇ ਡਰੋਂ ਚੁੱਪ ਹੋ ਜਾਂਦੇ ਹਨ ਤੇ ਕੁਝ ਸ਼ਰਾਫਤ ਦੇ ਚੱਕਰ ਵਿਚ ਖਾਮੋਸ਼ ਰਹਿ ਜਾਂਦੇ ਹਨ।

## ਚੰਡੀਗੜ੍ਹ ਦੌਰੇ ’ਤੇ ਪੰਜਾਬ ਤੇ ਹਰਿਆਣਾ ਦੇ ਰਾਜਪਾਲਾਂ ਨਾਲ ਮਿਲੇ ਸਾਬਕਾ ਰਾਸ਼ਟਰਪਤੀ ਕੋਵਿੰਦ

ਚੰਡੀਗੜ੍ਹ 11 ਅਗਸਤ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦਾ ਚੰਡੀਗੜ੍ਹ ਦੌਰੇ ਦੌਰਾਨ ਪੰਜਾਬ ਤੇ ਹਰਿਆਣਾ ਦੇ ਰਾਜਪਾਲਾਂ ਨੇ ਉਨ੍ਹਾਂ ਦੇ ਸਬੰਧਤ ਰਾਜ ਭਵਨਾਂ ’ਚ ਨਿੱਘਾ ਸਵਾਗਤ ਕੀਤਾ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਵੀਰਵਾਰ ਸ਼ਾਮ ਨੂੰ ਇੱਥੇ ਪੰਜਾਬ ਰਾਜ ਭਵਨ ਵਿੱਚ ਕੋਵਿੰਦ ਦਾ ਨਿੱਘਾ ਸਵਾਗਤ ਕੀਤਾ। ਬਿਆਨ ਵਿਚ ਅੱਗੇ ਕਿਹਾ ਗਿਆ ਕਿ ਚੰਡੀਗੜ੍ਹ ਦੇ ਆਪਣੇ ਦੋ ਦਿਨਾਂ ਦੌਰੇ ਦੌਰਾਨ, ਉਹ (ਕੋਵਿੰਦ) ਅੱਜ (ਸ਼ੁੱਕਰਵਾਰ) ਸਵੇਰੇ ਹਰਿਆਣਾ ਰਾਜ ਭਵਨ ਪਹੁੰਚੇ। ਸਾਬਕਾ ਰਾਸ਼ਟਰਪਤੀ ਨੇ ਚੰਡੀਗੜ੍ਹ ਵਿੱਚ ਦੋਵਾਂ ਰਾਜਪਾਲਾਂ ਨਾਲ ਆਪਣੀਆਂ ਮੁਲਾਕਾਤਾਂ ਦੀਆਂ ਤਸਵੀਰਾਂ ਵੀ ਪੋਸਟ ਕੀਤੀਆਂ। ਕੋਵਿੰਦ ਨੇ ਸ਼ੁੱਕਰਵਾਰ ਨੂੰ ✓ ’ਤੇ ਪੋਸਟ ਕੀਤਾ ਕਿ ਪੰਜਾਬ ਦੇ ਮਾਣਯੋਗ ਰਾਜਪਾਲ, ਸ਼੍ਰੀ ਗੁਲਾਬ ਚੰਦ ਕਟਾਰੀਆ ਜੀ, ਮੇਰੀ ਚੰਡੀਗੜ੍ਹ ਫੇਰੀ ਦੌਰਾਨ ਪੰਜਾਬ ਰਾਜ ਭਵਨ ਵਿੱਚ ਨਿੱਘਾ ਸਵਾਗਤ ਲਈ ਧੰਨਵਾਦੀ ਹਾਂ। ਇੱਕ ਹੋਰ ਪੋਸਟ ’ਚ ਉਨ੍ਹਾਂ ਨੇ ਲਿਖਿਆ ਕਿ ਮਾਨਯੋਗ ਰਾਜਪਾਲ ਪ੍ਰੋ. ਅਸ਼ੀਮ ਘੋਸ਼ ਜੀ ਅਤੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਜੀ ਦੁਆਰਾ ਹਰਿਆਣਾ ਰਾਜ ਭਵਨ ਵਿੱਚ ਨਿੱਘਾ ਸਵਾਗਤ ਲਈ ਧੰਨਵਾਦੀ ਹਾਂ। ਕੋਵਿੰਦ ਨੇ ਅੱਗੇ ਕਿਹਾ, ਇੱਕ ਦਿਲ ਨੂੰ ਛੂਹ ਲੈਣ ਵਾਲੇ ਸਵਾਗਤ ਵਿੱਚ, ਹਰਿਆਣਾ ਦੀ ਪਹਿਲੀ ਮਹਿਲਾ ਸ਼੍ਰੀਮਤੀ ਮਿੱਤਰਾ ਘੋਸ਼ ਜੀ ਨੇ ਮੇਰੇ ਗੁੱਟ ’ਤੇ ਰੱਖੜੀ ਬੰਨ੍ਹੀ।

## ‘ਯੁੱਧ ਨਸ਼ਿਆਂ ਵਿਰੁੱਧ’: ਜਲੰਧਰ ਕਮਿਸ਼ਨਰੇਟ ਪੁਲਸ ਨੇ ਵੱਖ-ਵੱਖ ਥਾਵਾਂ ’ਤੇ ਚਲਾਈ ਵਿਸ਼ੇਸ਼ ਮੁਹਿੰਮ, 16 ਗ੍ਰਿਫ਼ਤਾਰ

ਜਲੰਧਰ 11 ਅਗਸਤ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ ਨੇ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ’ਤੇ ਇਕ ਵਿਸ਼ੇਸ਼ ਮੁਹਿੰਮ ਚਲਾਈ, ਜਿਸ ਦੌਰਾਨ 16 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਨਸ਼ੀਲੇ ਪਦਾਰਥ, ਨਾਜਾਇਜ਼ ਸ਼ਰਾਬ ਅਤੇ ਵਾਹਨ ਬਰਾਮਦ ਕੀਤੇ ਗਏ। ਇਸ ਸਬੰਧੀ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਇਹ ਕਾਰਵਾਈ ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਵੱਖ-ਵੱਖ ਪੁਲਸ ਥਾਣਿਆਂ ਵੱਲੋਂ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀਆਂ ਵਿਚ ਸ਼ਾਮਲ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿਚ 4 ਨਸ਼ਾ ਸਪਲਾਇਰ/ਸਮੱਗਲਰ ਸ਼ਾਮਲ ਸਨ। ਇਸ ਦੌਰਾਨ ਐੱਨ. ਡੀ. ਪੀ. ਐੱਸ. ਐਕਟ ਤਹਿਤ 8 ਮਾਮਲੇ ਦਰਜ ਕੀਤੇ ਗਏ ਅਤੇ 46 ਗ੍ਰਾਮ ਹੈਰੋਇਨ ਸਮੇਤ 61 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਪੁਲਸ ਨੇ ਇਕ ਕਾਰ ਅਤੇ ਇਕ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ। ਇਸ ਤੋਂ ਇਲਾਵਾ ਪੁਲਸ ਨੇ 36000 ਮਿਲੀ ਲੀਟਰ ਗੈਰ-ਕਾਨੂੰਨੀ ਸ਼ਰਾਬ ਵੀ ਜ਼ਬਤ ਕੀਤੀ ਅਤੇ ਇਸ ਵਿਚ ਸ਼ਾਮਲ ਇਕ ਵਿਅਕਤੀ ਨੂੰ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ 6 ਨਸ਼ੇੜੀਆਂ ਨੂੰ ਮੁੜ-ਵਸੇਬੇ ਲਈ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ।

## ਪੰਜਾਬੀਆਂ ਲਈ ਲੱਖਾਂ ਰੁਪਏ ਜਿੱਤਣ ਦਾ ਮੌਕਾ

ਲੁਧਿਆਣਾ 11 ਅਗਸਤ। ਪੰਜਾਬ ਦੇ ਲਾਟਰੀ ਪ੍ਰੇਮੀਆਂ ਦੀ ਵਿਸ਼ੇਸ਼ ਮੰਗ ’ਤੇ ਪੰਜਾਬ ਰਾਜ ਲਾਟਰੀ ਵਿਭਾਗ ਵਲੋਂ ਡੀਅਰ-50 ਹਫ਼ਤਾਵਾਰੀ ਲਾਟਰੀ ਲਾਂਚ ਕੀਤੀ ਗਈ ਹੈ। ਇਸ ਸਿਲਸਿਲੇ ’ਚ ਇਸ ਲਾਟਰੀ ਦੇ ਡਰਾਅ ਦਾ ਨਤੀਜਾ 7 ਅਗਸਤ ਨੂੰ ਸਥਾਨਕ ਜ਼ਿਲ੍ਹਾ ਪ੍ਰੀਸ਼ਦ ’ਚ ਐਲਾਨ ਕੀਤਾ ਗਿਆ ਸੀ ਅਤੇ ਇਸ ਦਾ ਪਹਿਲਾ ਇਨਾਮ ਟਿਕਟ ਨੰਬਰ 2-31060 ’ਤੇ ਨਿਕਲਿਆ ਸੀ। ਉਕਤ ਟਿਕਟ ਗਿੱਲ ਰੋਡ, ਲੁਧਿਆਣਾ ਵਿਖੇ ਸਥਿਤ ਸਟਾਕਿਸਟ ਸੋਮ ਏਜੰਸੀ ਵਲੋਂ ਵੇਚੀ ਗਈ ਸੀ। ਇਸ ਲਾਟਰੀ ਸਕੀਮ ਦਾ ਪਹਿਲਾ ਇਨਾਮ 25 ਲੱਖ ਰੁਪਏ ਹੈ ਅਤੇ ਇਸ ਦੀ ਟਿਕਟ ਦੀ ਕੀਮਤ ਸਿਰਫ 50 ਰੁਪਏ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ ਅਧਿਕਾਰਤ ਡਿਸਟ?ਗੀਬਿਊਟਰ ਬਿਗਸਟਾਰ ਜੀ ਸਰਵਿਸਿਜ਼ ਦੇ ਸੂਰਿਆਕਾਂਤ ਸ਼ਰਮਾ ਨੇ ਕਿਹਾ ਕਿ ਹੁਣ ਗਾਹਕ ਸਿਰਫ 50 ਰੁਪਏ ਦਾ ਭੁਗਤਾਨ ਕਰ ਕੇ ਆਪਣੀ ਕਿਸਮਤ ਅਜ਼ਮਾ ਸਕਦਾ ਹੈ ਅਤੇ ਕਈ ਹੋਰ ਇਨਾਮਾਂ ਨਾਲ ਰੋਜ਼ਾਨਾ 25 ਲੱਖ ਰੁਪਏ ਦਾ ਪਹਿਲਾ ਇਨਾਮ ਜਿੱਤ ਸਕਦਾ ਹੈ। ਸ਼ਰਮਾ ਨੇ ਇਹ ਵੀ ਦੱਸਿਆ ਕਿ ਇਸ ਲਾਟਰੀ ਸਕੀਮ ’ਚ 5 ਸੀਰੀਜ਼ ’ਚ ਟਿਕਟਾਂ ਉਪਲੱਬਧ ਹਨ ਅਤੇ ਇਸ ਦੇ ਆਖ਼ਰੀ ਇਨਾਮ ਲਈ ਕੁੱਲ 800 ਨੰਬਰ ਕੱਢੇ ਜਾਣਗੇ ਅਤੇ ਇਸ ਕਾਰਨ ਗਾਹਕ ਨੂੰ ਜੇਤੂ ਬਣਨ ਦੇ ਵੱਧ ਤੋਂ ਵੱਧ ਮੌਕੇ ਮਿਲਦੇ ਹਨ।

## ਫੈਕਟਰੀ ਅਕਾਊਂਟੈਂਟ ਨੇ ਕੀਤੀ ਲੱਖਾਂ ਦੀ ਹੇਰਾਫੇਰੀ, ਆਪਣੇ ਅਤੇ ਪਿਓ ਦੇ ਖਾਤੇ ’ਚ ਟਰਾਂਸਫਰ ਕੀਤੀਆਂ ਪੇਮੈਂਟਾਂ

ਕੌਮੀ ਪਤ੍ਰਿਕਾ

ਸਾਹਨੇਵਾਲ 11 ਅਗਸਤ। ਜਿਸ ਫਰਮ ਤੋਂ ਰੋਜ਼ੀ-ਰੋਟੀ ਚਲਾਉਂਦਾ ਰਿਹਾ, ਉਸੇ ਫਰਮ ਨਾਲ ਲੱਖਾਂ ਦੀ ਧੋਖਾਧੜੀ ਕਰਨ ਵਾਲੇ ਇਕ ਅਕਾਊਂਟੈਂਟ ਅਤੇ ਉਸ ਦੇ ਪਿਓ ਖਿਲਾਫ ਥਾਣਾ ਕੂੰਮ ਕਲਾਂ ਦੀ ਪੁਲਸ ਨੇ ਮਾਮਲਾ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਕੂੰਮ ਕਲਾਂ ਵਿਖੇ ਸ਼ਿਕਾਇਤ ਦਰਜ ਕਰਾਉਣ ਵਾਲੇ ਫੈਕਟਰੀ ਮੈਨੇਜਰ ਨਰਿੰਦਰ ਸਚਦੇਵਾ ਕੇ. ਡੀ. ਐੱਫ. ਪੀ. ਪ੍ਰਾਈਵੇਟ ਲਿਮ. ਕੰਪਨੀ ਕੂੰਮ ਕਲਾਂ ਨੇ ਦੱਸਿਆ ਕਿ ਪਲਵਿੰਦਰ ਸਿੰਘ ਨਾਗੋਰੀ ਪੁੱਤਰ ਲਖਵਿੰਦਰ ਸਿੰਘ ਉਨ੍ਹਾਂ ਦੀ ਫੈਕਟਰੀ ’ਚ ਬਤੌਰ ਅਕਾਊਂਟੈਂਟ ਕੰਮ ਕਰਦਾ ਸੀ। ਪਲਵਿੰਦਰ ਸਿੰਘ ਨਾਗੋਰੀ ਲਗਭਗ 6 ਮਹੀਨੇ ਉਨ੍ਹਾਂ ਦੀ ਫੈਕਟਰੀ ’ਚ ਕੰਮ ਕਰਨ ਮਗਰੋਂ ਅਚਾਨਕ ਨੌਕਰੀ ਛੱਡ ਗਿਆ। ਉਨਾਂ ਦੱਸਿਆ ਕਿ ਫੈਕਟਰੀ ’ਚ ਹੌਜ਼ਰੀ ਦਾ ਮਾਲ ਬਣਦਾ ਹੈ। ਉਨ੍ਹਾਂ ਦੀ ਇਕ ਕਾਰੋਬਾਰੀ ਪਾਰਟੀ, ਜਿਸ ਤੋਂ ਉਹ ਪਰਾਲੀ ਲੈਂਦੇ ਸਨ, ਜਿਨ੍ਹਾਂ ਕੁਝ ਸਮੇਂ ਬਾਅਦ ਆਪਣੀ ਪੇਮੈਂਟ ਬਕਾਇਆ ਹੋਣ ਲਈ ਸੁਨੇਹਾ ਭੇਜਿਆ ਤਾਂ ਉਨ੍ਹਾਂ ਨੇ ਆਪਣੀ ਅਕਾਊਂਟ ਸਟੇਟਮੈਂਟ ਚੈੱਕ ਕਰਵਾਈ ਤਾਂ ਪਤਾ ਲੱਗਿਆ ਕਿ ਉਨ੍ਹਾਂ ਨੂੰ ਦਿੱਤੇ ਜਾਣ ਵਾਲੀ ਪੇਮੈਂਟ ਤਾਂ ਅਕਾਊਂਟੈਂਟ ਨੇ ਆਪਣੇ ਖਾਤੇ ਅਤੇ ਆਪਣੇ ਪਿਤਾ ਲਖਵਿੰਦਰ ਸਿੰਘ ਪੁੱਤਰ




ਗੁਰਚਰਨ ਸਿੰਘ ਵਾਸੀ ਨਿਊ ਸ਼ਿਮਲਾਪੁਰੀ ਦੇ ਖਾਤੇ ’ਚ ਲੱਖਾਂ ਦੀ ਟਰਾਂਸਫਰ ਕਰ ਲਈ, ਜਿਸ ਦੀ ਉਨ੍ਹਾਂ ਨੇ ਸ਼ਿਕਾਇਤ ਦਿੱਤੀ। ਇਸ ਸ਼ਿਕਾਇਤ ਦੀ ਪੜਤਾਲ ਕਰਨ ਉਪਰੰਤ ਥਾਣਾ ਕੂੰਮ ਕਲਾਂ ’ਚ ਪਲਵਿੰਦਰ ਸਿੰਘ ਨਾਗੋਰੀ ਪੁੱਤਰ ਲਖਵਿੰਦਰ ਸਿੰਘ ਅਤੇ ਲਖਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਨਿਊ ਸ਼ਿਮਲਾਪੁਰੀ ਲੁਧਿਆਣਾ ਖਿਲਾਫ ਲੱਖਾਂ ਰੁਪਏ ਦੀ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ ਹੈ।

## PGI ਜਾ ਰਹੇ ਮਰੀਜ਼ਾਂ ਲਈ ਵੱਡੀ ਰਾਹਤ, ਜਲਦੀ ਇਸ ਨਵੀਂ ਸੁਵਿਧਾ ਦੀ ਹੋਵੇਗੀ ਸ਼ੁਰੂਆਤ

ਕੌਮੀ ਪਤ੍ਰਿਕਾ

ਚੰਡੀਗੜ੍ਹ 11 ਅਗਸਤ। PGI ’ਚ ਬਣਾਇਆ ਜਾ ਰਿਹਾ ਨਿਊਰੋ ਸਾਇੰਸ ਸੈਂਟਰ ਆਮ ਲੋਕਾਂ ਲਈ ਨਵੰਬਰ ਤੱਕ ਖੋਲ੍ਹ ਦਿੱਤਾ ਜਾਵੇਗਾ। ਡਿਪਟੀ ਡਾਇਰੈਕਟਰ ਪੰਕਜ ਰਾਏ ਦਾ ਕਹਿਣਾ ਹੈ ਕਿ ਕੋਸ਼ਿਸ਼ ਹੈ ਕਿ ਨਵੰਬਰ ਮਹੀਨੇ ਤੱਕ ਇਸ ਪ੍ਰੋਜੈਕਟ ਨੂੰ ਪੂਰਾ ਕੀਤਾ ਜਾਵੇ, ਪਰ ਇਸ ਵਿੱਚ ਦੇਰੀ ਦਾ ਸਭ ਤੋਂ ਵੱਡਾ ਕਾਰਨ ਉਪਕਰਣਾਂ ਦੀ ਖਰੀਦ ਹੈ। ਸਾਡੀ ਕੋਸ਼ਿਸ਼ ਹੈ ਕਿ ਸਭ ਤੋਂ ਵਧੀਆ ਸੰਭਵ ਉਪਕਰਣ ਖਰੀਦੇ ਜਾਣ ਤਾਂ ਜੋ ਮਰੀਜ਼ਾਂ ਨੂੰ ਚੰਗਾ ਅਤੇ ਉੱਨਤ ਇਲਾਜ ਮਿਲ ਸਕੇ। ਜੇਕਰ ਇਸ ਵਿੱਚ ਕੋਈ ਦੇਰੀ ਹੁੰਦੀ ਹੈ ਤਾਂ ਅਸੀਂ ਪਹਿਲਾਂ ਇੱਥੇ ਓਪੀਡੀ ਸਹੂਲਤਾਂ ਸ਼ੁਰੂ ਕਰਾਂਗੇ। ਪੀਜੀਆਈ ਨਿਊਰੋ ਸਾਇੰਸ ਸੈਂਟਰ ਲਈ ਉੱਨਤ ਤਕਨਾਲੋਜੀ ਉਪਕਰਣ ਖਰੀਦਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਹਾਲ ਹੀ ’ਚ ਸਥਾਈ ਵਿੱਤ ਕਮੇਟੀ ਨੇ ਇਸਨੂੰ ਰੱਦ ਕਰ ਦਿੱਤਾ ਹੈ। ਪੀਜੀਆਈ ਕੈਂਪਸ ’ਚ ਬਣਾਏ ਜਾ ਰਹੇ ਨਿਊਰੋ ਸਾਇੰਸ ਸੈਂਟਰ ਲਈ ਬਹੁਤ ਉੱਨਤ ਉਪਕਰਣ ਖਰੀਦਣਾ ਚਾਹੁੰਦਾ ਹੈ, ਜਿਸ ’ਚ ਏਆਈ ਅਧਾਰਤ ਉਪਕਰਣ ਸ਼ਾਮਲ ਹਨ। ਸੰਸਥਾ ਏਆਈ ਅਧਾਰਤ ਪੀਈਟੀ ਸਕੈਨ ਹੈ ਕਿ ਇਹ ਕੇਂਦਰ ਨਵੰਬਰ ਤੱਕ ਚਾਲੂ ਹੋ ਜਾਵੇਗਾ। ਨਿਊਰੋਲੋਜੀ ਵਿਭਾਗ ਪੀਜੀਆਈ ਦੇ ਉਨ੍ਹਾਂ ਕੁਝ




ਕਰਵਾਉਣਾ ਚਾਹੁੰਦੀ ਹੈ, ਜਿਸਦੀ ਕੀਮਤ ਲਗਭਗ 75 ਕਰੋੜ ਰੁਪਏ ਹੈ। ਕਮੇਟੀ ਨੇ ਇਸਨੂੰ ਇਹ ਕਹਿ ਕੇ ਮਨਜ਼ੂਰੀ ਨਹੀਂ ਦਿੱਤੀ ਕਿ ਇਸਦੀ ਲਾਗਤ ਬਹੁਤ ਜ਼ਿਆਦਾ ਹੈ। ਇਸ ਦੇ 2021 ਤੱਕ ਪੂਰਾ ਹੋਣ ਦੀ ਉਮੀਦ ਸੀ ਪਰ ਫੰਡਾਂ ਦੀ ਘਾਟ ਕਾਰਨ ਇਸ ਵਿੱਚ ਹੋਰ ਦੇਰੀ ਹੋ ਗਈ। ਹੁਣ ਉਮੀਦ ਵਿਭਾਗਾਂ ਵਿੱਚੋਂ ਇੱਕ ਹੈ ਜਿੱਥੇ ਮਰੀਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਨਿਊਰੋਲੋਜੀ ਓਪੀਡੀ ’ਚ ਮਰੀਜ਼ਾਂ ਦੀ ਗਿਣਤੀ 300 ਤੋਂ 400 ਤੱਕ ਪਹੁੰਚ ਜਾਂਦੀ ਹੈ। ਜੇਕਰ ਅਸੀਂ ਪਿਛਲੇ ਤਿੰਨ ਸਾਲਾਂ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਮਰੀਜ਼ਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

## ਪੰਜਾਬ ਪੁਲਸ ਦੇ ਇਨ੍ਹਾਂ ਮੁਲਾਜ਼ਮਾਂ ਦਾ ਕਾਰਾ ਜਾਣ ਹੋਵੋਗੇ ਹੈਰਾਨ

ਜਲੰਧਰ 11 ਅਗਸਤ। ਪੀ. ਏ. ਪੀ. ਵਿਚ ਤਾਇਨਾਤ ਦੋ ਪੁਲਸ ਮੁਲਾਜ਼ਮ ਦੋ ਹੋਰ ਸਾਥੀਆਂ ਸਮੇਤ ਨਸ਼ਾ ਤਸਕਰੀ ਕਰਦੇ ਗ੍ਰਿਫ਼ਤਾਰ ਕੀਤੇ ਗਏ ਹਨ। ਮਿਲੀ ਜਾਣਕਾਰੀ ਮੁਤਾਬਕ ਕਮਿਸ਼ਨਰੇਟ ਪੁਲਸ ਦੇ ਸਪੈਸ਼ਲ ਸੈੱਲ ਦੀ ਟੀਮ ਨੇ ਇਕ ਮੁਖਬਰ ਤੋਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਰਾਮਾ ਮੰਡੀ ਦੇ ਕੇ. ਐੱਫ਼. ਸੀ. ਰੈਸਟੋਰੈਂਟ ਨੇੜੇ ਚਾਰ ਨਸ਼ਾ ਤਸਕਰਾਂ ਨੂੰ 11 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਗ੍ਰਿਫ਼ਤਾਰ ਕੀਤੇ ਗਏ ਤਸਕਰਾਂ ’ਚ ਜਲੰਧਰ ਪੀ. ਏ. ਪੀ. ਵਿੱਚ ਤਾਇਨਾਤ ਨਵਦੀਪ ਸਿੰਘ, ਪੀ. ਏ. ਪੀ. ਕੰਪਲੈਕਸ ਦੇ ਰਹਿਣ ਵਾਲੇ ਨਵਪ੍ਰੀਤ ਸਿੰਘ ਅਤੇ ਆਰ. ਸੀ. ਐੱਫ਼. ਰੇਲ ਕੋਚ ਫੈਕਟਰੀ, ਕਪੂਰਥਲਾ ਵਿੱਚ ਤਾਇਨਾਤ ਆਰ. ਸੀ. ਐੱਫ਼. ਜਵਾਨ ਦਾ ਪੁੱਤਰ ਸੁੱਖ ਸਿਮਰਨ ਸਿੰਘ ਸ਼ਾਮਲ ਹਨ। ਜਦਕਿ ਉਨ੍ਹਾਂ ਦੇ ਇਕ ਹੋਰ ਸਾਥੀ ਦੀ ਪਛਾਣ ਜੀਤਪਾਲ ਸਿੰਘ ਵਾਸੀ ਸੰਤ ਨਗਰ ਵਜੋਂ ਹੋਈ ਹੈ। ਇਨ੍ਹਾਂ ਚਾਰਾਂ ਨੂੰ ਰਾਮਾ ਮੰਡੀ ਵਿੱਚ ਸਥਿਤ ਕੇ. ਐੱਫ਼. ਸੀ. ਰੈਸਟੋਰੈਂਟ ਨੇੜੇ ਉਸ ਸਮੇਂ ਫੜਿਆ ਗਿਆ ਜਦੋਂ ਉਹ ਹੈਰੋਇਨ ਦੀ ਸਪਲਾਈ ਲੈਣ ਆਏ ਸਨ। ਜਾਣਕਾਰੀ ਦਿੰਦੇ ਹੋਏ ਸਪੈਸ਼ਲ ਸੈੱਲ ਦੇ ਏ. ਐੱਸ. ਆਈ. ਵਿਜੇ ਕੁਮਾਰ ਨੇ ਦੱਸਿਆ ਕਿ ਉਹ ਰਾਮਾ ਮੰਡੀ ਇਲਾਕੇ ਵਿੱਚ ਸਥਿਤ ਕੇ. ਐੱਫ਼. ਸੀ. ਰੈਸਟੋਰੈਂਟ ਨੇੜੇ ਗਸ਼ਤ ’ਤੇ ਸਨ, ਜਦੋਂ ਸ਼ੱਕ ਦੇ ਆਧਾਰ ’ਤੇ ਉਨ੍ਹਾਂ ਨੇ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਨ੍ਹਾਂ ਦੇ ਕਬਜ਼ੇ ਵਿੱਚੋਂ 11 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਅਧਿਕਾਰੀਆਂ ਅਨੁਸਾਰ ਚਾਰਾਂ ਮੁਲਜ਼ਮਾਂ ਨੂੰ ਅਦਾਲਤ ’ਚ ਪੇਸ਼ ਕੀਤਾ ਗਿਆ ਅਤੇ ਰਿਮਾਂਡ ’ਤੇ ਲਿਆ ਗਿਆ। ਪੁੱਛਗਿੱਛ ਦੌਰਾਨ ਵੱਡੇ ਖ਼ੁਲਾਸੇ ਦੀ ਉਮੀਦ ਜਤਾਈ ਗਈ ਹੈ।

## ਤਰਨਤਾਰਨ ਹਲਕੇ ’ਚ ਅਕਾਲੀ ਦਲ ਨੂੰ ਵੱਡਾ ਝਟਕਾ, ਸਾਬਕਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸਾਥੀਆਂ ਸਣੇ ‘ਆਪ’ ’ਚ ਸ਼ਾਮਲ

ਕੌਮੀ ਪਤ੍ਰਿਕਾ

ਤਰਨਤਾਰਨ 11 ਅਗਸਤ। ਆਮ ਆਦਮੀ ਪਾਰਟੀ ਨੂੰ ਤਰਨਤਾਰਨ ਵਿਧਾਨ ਸਭਾ ਹਲਕੇ ਵਿਚ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਮਨੋਜ ਕੁਮਾਰ ਟਿੰਮਾ ਅਤੇ ਵਾਰਡ ਨੰਬਰ 20 ਤੋਂ ਆਜ਼ਾਦ ਕੌਂਸਲਰ ਸੂਰਜ ਸ਼ਰਮਾ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਵਿਚ ਆਈਆਂ ਇਨ੍ਹਾਂ ਸ਼ਖ਼ਸੀਅਤਾਂ ਨੂੰ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਾਰਟੀ ਚਿੰਨ੍ਹ ਨਾਲ ਜਿੱਥੇ ਸਨਮਾਨਿਤ ਕੀਤਾ, ਉੱਥੇ ਹੀ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਨੂੰ ਪੂਰਾ ਮਾਣ-ਤਾਣ ਦਿੱਤਾ ਜਾਵੇਗਾ। ਇਸ ਮੌਕੇ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਨੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਤਰਨਤਾਰਨ ਪਹੁੰਚਣ ’ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਜਾਣਕਾਰੀ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤੋਂ ਪ੍ਰਭਾਵਿਤ ਹੋ ਕੇ ਪਰਿਵਾਰਾਂ ਨੇ ਸ਼?ਰੋਮਣੀ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਮਨੋਜ ਕੁਮਾਰ ਟਿੰਮਾ ਅਤੇ ਵਾਰਡ ਨੰਬਰ 20 ਤੋਂ ਆਜ਼ਾਦ ਕੌਂਸਲਰ ਸੂਰਜ ਸ਼ਰਮਾ ਨੇ ਸੈਂਕੜੇ ਪਰਿਵਾਰਾਂ ਸਮੇਤ ਸਾਡੇ ਪਰਿਵਾਰ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ, ਜਿਸ ਲਈ ਉਹ ਉਨ੍ਹਾਂ ਦਾ ਤਹਿ ਦਿਲੋਂ ਸਵਾਗਤ ਹੈ। ਉਨ੍ਹਾਂ ਕਿਹਾ ਕਿ ਵਾਰਡ ਵਿਚ ਜਿਨ੍ਹਾਂ ਅਧੂਰੇ ਕੰਮਾਂ ਬਾਰੇ ਉਕਤ ਪਰਿਵਾਰਾਂ ਨੇ ਜਾਣਕਾਰੀ ਦਿੱਤੀ ਹੈ, ਉਨ੍ਹਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ। ਵਿਧਾਇਕਾਂ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ



ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦੂਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕ ਹਿੱਤਾਂ ਲਈ ਕੰਮ ਕਰਦੀ ਰਹੇਗੀ। ਇਸ ਮੌਕੇ ਹਲਕਾ ਖੇਮਕਰਨ ਦੇ ਵਿਧਾਇਕ ਸਰਵਨ ਸਿੰਘ ਧੁੰਨ, ਤਲਬੀਰ ਸਿੰਘ ਗਿੱਲ ਹਲਕਾ ਇੰਚਾਰਜ ਮਜੀਠਾ ਨੂੰ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸ਼?ਰੋਮਣੀ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਮਨੋਜ ਕੁਮਾਰ ਟਿੰਮਾ ਅਤੇ ਵਾਰਡ ਨੰਬਰ 20 ਤੋਂ ਆਜ਼ਾਦ ਕੌਂਸਲਰ ਸੂਰਜ ਸ਼ਰਮਾ ਤੋਂ ਇਲਾਵਾ ਰਾਜੀਵ ਕੁਮਾਰ, ਨੀਰਜ ਸ਼ਰਮਾ, ਗੋਬਿੰਦ ਸੱਚਦੇਵਾ, ਗੌਤਮ ਸੱਚਦੇਵਾ, ਸੁਨੀਲ ਸੱਚਦੇਵਾ, ਜਤਿਨ ਚਾਵਲਾ, ਸਿਮਰਨਜੀਤ ਸਿੰਘ (ਘੜਕਾ ਕਲਾਥ ਹਾਊਸ), ਗਗਨਦੀਪ ਸਿੰਘ, ਅਰੁਣ ਗੁਪਤਾ, ਰਜਤ ਗੁਪਤਾ ਗੁਪਤਾ ਸਾਈਕਲ ਸਟੋਰ, ਅਮਿਤ ਗੁਪਤਾ, ਰਾਕੇਸ਼ਪਾਲ ਧਵਨ ਗੋਲਡੀ ਹੈਂਡਲੂਮ, ਨਿਤਿਨ ਦੀਪ ਸਿੰਘ, ਭਗਵਾਨ ਸਿੰਘ ਭੂਰਾ ਕੋਹਨਾ, ਸੁਖਵਿੰਦਰ ਸਿੰਘ ਬੌਬੀ, ਸੁਖਵਿੰਦਰ ਜਿਊਲਰ, ਅਮਨ ਗੁਪਤਾ (ਗੁਪਤਾ ਮੈਡੀਕਲ ਸਟੋਰ), ਚਰੰਤਨ ਗੁਪਤਾ (ਗੰਡੀਵਿੰਡੀਆ ਵਾਲੇ), ਦੀਪਕ ਪ੍ਰਮੋਦ ਗੁਪਤਾ, ਨਵੀਨ ਸ਼ਰਮਾ (ਸ਼ਰਮਾ ਜਨਰੇਟਰ ਵਾਲੇ), ਲੁਕੇਸ਼ ਸਿਆਲ, ਵਿਵੇਕ ਬਜਾਜ (ਬਜਾਜ ਫੂਡ ਵਾਲੇ), ਰਾਹੁਲ ਤੇਜਪਾਲ, ਗੁਰਪ੍ਰੀਤ ਸਿੰਘ ਅਰੋੜਾ, ਰਾਜੂ ਗੁਪਤਾ (ਗੁਪਤਾ ਮੋਬਾਈਲ ਵਾਲੇ), ਆਰ.ਕੇ ਜੂਸਬਾਰ ਵਾਲੇ, ਕਮਲਪ੍ਰੀਤ ਉਰਫ ਗੋਰਾ, ਦਮਿੰਦਰਪਾਲ ਸਿੰਘ, ਅਜੈ ਗੁਪਤਾ, ਸੁਖਬੀਰ ਸਿੰਘ ਆਦਿ ਪਰਿਵਾਰ ਸ਼ਾਮਲ ਹੋਏ। ਇਸ ਮੌਕੇ ਅੰਗਦ ਸੋਹਲ ਡਾਇਰੈਕਟਰ ਯੂਥ ਡਿਵੈਲਪਮੈਂਟ ਬੋਰਡ ਪੰਜਾਬ, ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ, ਸਰਬਜੀਤ ਸਿੰਘ ਲਾਲੀ ਕੌਂਸਲਰ, ਯਾਦਵਿੰਦਰ ਸਿੰਘ ਯਾਦੂ ਆਦਿ ਹਾਜ਼ਰ ਸਨ।

## ਨੋਟੋਰੀਅਸ ਕਲੱਬ ਦਾ ਮਾਮਲਾ: ਅਗਲੇ ਹੁਕਮਾਂ ਤਕ ’ਸਸਪੈਂਡ’ ਰਹੇਗਾ ਕਲੱਬ ਦਾ ‘ਲਿਕਰ’ ਲਾਇਸੈਂਸ

ਜਲੰਧਰ 11 ਅਗਸਤ। ਨੋਟੋਰੀਅਸ ਕਲੱਬ ਦੇ ’ਲਿਕਰ’ ਲਾਇਸੈਂਸ ਨੂੰ ’ਸਸਪੈਂਡ’ ਕਰਨ ਦੇ ਮਾਮਲੇ ਵਿਚ ਐਕਸਾਈਜ਼ ਕਮਿਸ਼ਨਰ ਪੰਜਾਬ ਕੋਲ ਹੋਈ ਅਪੀਲ ਵਿਚ ਫਿਲਹਾਲ ਕੋਈ ਫ਼ੈਸਲਾ ਨਹੀਂ ਆਇਆ ਹੈ। ਨਿਯਮਾਂ ਦੀ ਉਲੰਘਣਾ ਨੂੰ ਲੈ ਕੇ ਐਕਸਾਈਜ਼ ਵਿਭਾਗ ਵੱਲੋਂ ਇਕ ਮਹੀਨੇ ਲਈ ਲਿਕਰ ਲਾਇਸੈਂਸ ਸਸਪੈਂਡ ਕੀਤਾ ਗਿਆ ਸੀ, ਜਿਸ ਤਹਿਤ ਕਲੱਬ ਵੱਲੋਂ ਕਮਿਸ਼ਨਰ ਪੰਜਾਬ ਕੋਲ ਅਪੀਲ ਦਾਇਰ ਕੀਤੀ ਗਈ ਸੀ। ਸੂਤਰਾਂ ਨੇ ਦੱਸਿਆ ਕਿ ਉਕਤ ਅਪੀਲ ਨੂੰ ਡੀ. ਈ. ਟੀ. ਸੀ. ਨੂੰ ਰਿਮਾਂਡ ਬੈਕ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਦੀ ਫਿਲਹਾਲ ਹੋਈ ਸੁਣਵਾਈ ਵਿਚਕਾਰ ਫ਼ੈਸਲਾ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਇਸ ਕਾਰਨ ਅਗਲੇ ਹੁਕਮਾਂ ਤਕ ਕਲੱਬ ਦਾ ਲਾਇਸੈਂਸ ਸਸਪੈਂਡ ਰਹੇਗਾ ਅਤੇ ਅਗਲਾ ਫੈਸਲਾ ਕੀ ਆਵੇਗਾ, ਇਹ ਦੇਖਣ ਵਾਲੀ ਗੱਲ ਹੋਵੇਗੀ। ਕੱਲ ਜਾਂ ਅਗਲੇ ਕੰਮਕਾਜੀ ਦਿਨ ਇਸ ਦਾ ਫੈਸਲਾ ਆ ਸਕਦਾ ਹੈ। ਫਿਲਹਾਲ ਰਿਮਾਂਡ ਬੈਕ ਵਾਲੀ ਗੱਲ ਨੂੰ ਅਧਿਕਾਰੀਆਂ ਵੱਲੋਂ ਕਲੀਅਰ ਨਹੀਂ ਕੀਤਾ ਗਿਆ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਡੀ. ਈ. ਟੀ. ਸੀ. ਵੱਲੋਂ ਸਬੰਧਤ ਕਲੱਬ ਨੂੰ ਫਾਈਨ ਜਾਂ ਹੋਰ ਕੋਈ ਹੁਕਮ ਜਾਰੀ ਕੀਤੇ ਜਾ ਸਕਦੇ ਹਨ। ਇਸ ਸਬੰਧ ਵਿਚ ਇਕ ਮਹੀਨੇ ਲਈ ਲਾਇਸੈਂਸ ਸਸਪੈਂਡ ਹੋਣ ਦੇ ਮਾਮਲੇ ਵਿਚ ਰਾਹਤ ਮਿਲਣ ਦੀ ਸੰਭਾਵਨਾ ਬਣੀ ਹੋਈ ਹੈ। ਇਸ ਮਿਆਦ ਨੂੰ ਘੱਟ ਵੀ ਕੀਤਾ ਜਾ ਸਕਦਾ ਹੈ ਅਤੇ ਜੁਰਮਾਨਾ ਲਾ ਕੇ ਲਾਇਸੈਂਸ ਨੂੰ ਬਹਾਲ ਵੀ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਦੇ ਇਕ ਕੇਸ ਵਿਚ ਸਹਿਗਲ ਗਰੁੱਪ ਨੂੰ 2 ਦਿਨ ਲਈ ਗਰੁੱਪ ਦੇ ਸਾਰੇ ਠੇਕੇ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਸਨ ਪਰ ਅਪੀਲ ਤੋਂ ਬਾਅਦ ਠੇਕੇ ਇਕ ਦਿਨ ਬਾਅਦ ਖੋਲ੍ਹ ਦਿੱਤੇ ਗਏ ਸਨ ਅਤੇ 5 ਲੱਖ ਰੁਪਏ ਜੁਰਮਾਨਾ ਲਾਇਆ ਗਿਆ ਸੀ।

## ਬਿਹਾਰ ’ਚ ਬਾਹਰ ਕੀਤੇ 65 ਲੱਖ ਵੋਟਰਾਂ ਦਾ ਵੇਰਵਾ 3 ਦਿਨਾਂ ’ਚ ਪੇਸ਼ ਕਰੇ ਚੋਣ ਕਮਿਸ਼ਨ : ਸੁਪਰੀਮ ਕੋਰਟ

ਏਜੰਸੀਆਂ

ਨਵੀਂ ਦਿੱਲੀ 11 ਅਗਸਤ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਚੋਣ ਕਮਿਸ਼ਨ ਨੂੰ ਬਿਹਾਰ ਵਿਚ ਡਰਾਫਟ ਵੋਟਰ ਸੂਚੀ ਤੋਂ ਬਾਹਰ ਕੀਤੇ ਗਏ ਲੱਗਭਗ 65 ਲੱਖ ਵੋਟਰਾਂ ਦੇ ਵੇਰਵੇ 3 ਦਿਨਾਂ ਭਾਵ 11 ਅਗਸਤ ਤੱਕ ਪੇਸ਼ ਕਰਨ ਲਈ ਕਿਹਾ ਹੈ। ਜਸਟਿਸ ਸੂਰਿਆ ਕਾਂਤ, ਜਸਟਿਸ ਉੱਜਲ ਭੂਈਆਂ ਅਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਚੋਣ ਕਮਿਸ਼ਨ ਦੇ ਵਕੀਲ ਨੂੰ ਕਿਹਾ ਕਿ ਉਹ ਹਟਾਏ ਗਏ ਵੋਟਰਾਂ ਦੇ ਵੇਰਵੇ ਪੇਸ਼ ਕਰਨ ਅਤੇ ਇਸਦੀ ਇਕ ਕਾਪੀ ਗੈਰ-ਸਰਕਾਰੀ ਸੰਗਠਨ (ਐੱਨ. ਜੀ. ਓ.) ‘ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼’ ਨੂੰ ਦੇਣ। ਇਹ ਵੇਰਵੇ ਪਹਿਲਾਂ ਹੀ ਰਾਜਨੀਤਕ ਪਾਰਟੀਆਂ ਨਾਲ ਸਾਂਝੇ ਕੀਤੇ ਜਾ ਚੁੱਕੇ ਹਨ। ਬਿਹਾਰ ਵਿਚ ਵੋਟਰ ਸੂਚੀ ਦੇ ਵਿਸ਼ੇਸ਼ ਡੂੰਘਾਈ ਨਾਲ ਸਮੀਖਿਆ (ਐੱਸ. ਆਈ. ਆਰ.) ਦੀ ਨਿਰਦੇਸ਼ ਦੇਣ ਵਾਲੇ ਚੋਣ ਕਮਿਸ਼ਨ ਦੇ 24 ਜੂਨ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੇ ਐੱਨ. ਜੀ. ਓ. ਨੇ ਜੀ. ਓ. ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਕਿਹਾ ਕਿ ਨਾਂ ਨੂੰ ਹਟਾਉਣ



ਇਕ ਨਵੀਂ ਅਰਜ਼ੀ ਦਾਇਰ ਕਰ ਕੇ ਚੋਣ ਕਮਿਸ਼ਨ ਨੂੰ ਹਟਾਏ ਗਏ ਲੱਗਭਗ 65 ਲੱਖ ਵੋਟਰਾਂ ਦੇ ਨਾਂ ਪ੍ਰਕਾਸ਼ਤ ਕਰਨ ਦੀ ਨਿਰਦੇਸ਼ ਦੇਣ ਦੀ ਅਪੀਲ ਕੀਤੀ ਹੈ, ਜਿਸ ਵਿਚ ਇਹ ਵੀ ਜ਼ਿਕਰ ਹੋਵੇ ਕਿ ਉਹ (ਵੋਟਰ) ਮਰ ਚੁੱਕੇ ਹਨ, ਸਥਾਈ ਤੌਰ ’ਤੇ ਪ੍ਰਵਾਸ ਕਰ ਗਏ ਹਨ ਜਾਂ ਕਿਸੇ ਹੋਰ ਕਾਰਨ ਕਰ ਕੇ ਉਨ੍ਹਾਂ ਤੇ ਵਿਚਾਰ ਨਹੀਂ ਕੀਤਾ ਗਿਆ ਹੈ। ਬੈਂਚ ਨੇ ਐੱਨ. ਦਾ ਕਾਰਨ ਬਾਅਦ ਵਿਚ ਦਿੱਤਾ ਜਾਵੇਗਾ, ਕਿਉਂਕਿ ਇਹ ਸਿਰਫ਼ ਇਕ ਡਰਾਫਟ ਸੂਚੀ ਹੈ। ਭੂਸ਼ਣ ਨੇ ਦਲੀਲ ਦਿੱਤੀ ਕਿ ਕੁਝ ਰਾਜਨੀਤਿਕ ਪਾਰਟੀਆਂ ਨੂੰ ਹਟਾਏ ਗਏ ਵੋਟਰਾਂ ਦੀ ਸੂਚੀ ਦਿੱਤੀ ਗਈ ਹੈ ਪਰ ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਉਕਤ ਵੋਟਰ ਮਰ ਚੁੱਕਾ ਹੈ ਜਾਂ ਪ੍ਰਵਾਸ ਕਰ ਗਿਆ ਹੈ।

## ਸੰਤ ਲੌਂਗੋਵਾਲ ਜੀ ਦੀ ਸਲਾਨਾ ਬਰਸੀ ਸਬੰਧੀ ਮੀਟਿੰਗ ਦਾ ਆਯੋਜਨ

ਕੌਮੀ ਪਤ੍ਰਿਕਾ

ਲੌਂਗੋਵਾਲ, 11 ਅਗਸਤ। ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ 40ਵੀਂ ਸਲਾਨਾ ਬਰਸੀ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਇਥੋ ਦੇ ਗੁਰਦੁਆਰਾ ਸ੍ਰੀ ਕੈਬੋਵਾਲ ਸਾਹਿਬ ਵਿਖੇ ਲੋਕ ਸਭਾ ਹਲਕਾ ਸੰਗਰੂਰ ਅਧੀਨ ਪੈਂਦੇ ਜਿਲ੍ਹਾ ਸੰਗਰੂਰ, ਬਰਨਾਲਾ ਅਤੇ ਜਿਲ੍ਹਾ ਮਲੇਰਕੋਟਲਾ ਦੇ, ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਸਮਰਪਿਤ ਅਕਾਲੀ ਆਗੂ ਅਤੇ ਵਰਕਰਾਂ ਵੱਲੋਂ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ,ਸਮੁੱਚੀ ਸਿੱਖ ਕੌਮ ਨੂੰ ਇਕੋ ਝੰਡੇ ਥੱਲੇ ਇਕੱਠਾ ਕਰਨ ਦੇ ਮਨੋਰਥ ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਗਠਤ ਕੀਤੀ ਗਈ ਕਮੇਟੀ ਮੈਂਬਰ ਜਥੇਦਾਰ ਇਕਬਾਲ ਸਿੰਘ ਝੂੰਦਾ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਦੋਰਾਨ ਜਿੱਥੇ ਬਰਸੀ ਸਮਾਗਮ ਦੇ ਪ੍ਰਬੰਧਾ ਨੂੰ ਲੈ ਕੇ ਵਰਕਰਾਂ ਦੀਆਂ ਡਿਉਟੀਆਂ ਲਗਾਈਆਂ ਗਈਆਂ ਉਥੇ ਹੀ ਸਰਕਲ, ਹਲਕਾ ਅਤੇ ਜਿਲ੍ਹਾ ਪੱਧਰੀ ਆਗੂਆਂ ਵੱਲੋਂ ਅਪਣੇ-ਅਪਣੇ ਖੇਤਰ ਵਿਚੋ ਵੱਧ ਤੋਂ ਵੱਧ ਸੰਗਤਾ 20 ਅਗਸਤ ਵਾਲੇ ਦਿਨ ਲੌਂਗੋਵਾਲ ਦੇ ਸ਼ਹੀਦ ਭਾਈ ਦਿਆਲਾ ਜੀ ਸਕੂਲ ਦੇ ਮੈਦਾਨ ਵਿਚ ਕਰਵਾਏ ਜਾਣ ਵਾਲੇ ਸਮਾਗਮ ਵਿਚ ਲੈ ਕੇ ਆਉਣ ਦਾ ਐਲਾਨ ਕੀਤਾ ਗਿਆਂ। ਇਸ ਮੌਕੇ ਸੰਬੋਧਨ ਕਰਦਿਆਂ ਕਮੇਟੀ ਮੈਂਬਰ ਜਥੇਦਾਰ ਇਕਬਾਲ ਸਿੰਘ ਝੂੰਦਾ, ਸਾਬਕਾ ਵਿੱਤ ਮੰਤਰੀ ਸ੍ਰ. ਪਰਮਿੰਦਰ ਸਿੰਘ ਢੀਡਸਾ ਅਤੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜ਼ਾਰੀ ਕੀਤੇ ਗਏ ਹੁਕਮਾ ਦੇ ਤਹਿਤ ਗਠਤ ਕੀਤੀ ਗਈ ਕਮੇਟੀ ਵੱਲੋਂ ਕਰਵਾਈ ਗਈ ਚੋਣ ਦੇ ਨਤੀਜੇ ਉਪਰੰਤ 11 ਅਗਸਤ ਨੂੰ ਅਸਲ ਅਕਾਲੀ ਦਲ ਨੂੰ ਪੰਥ ਪ੍ਰਮਾਨਿਤ ਪ੍ਰਧਾਨ ਮਿਲ ਜਾਵੇਗਾ। ਉਪਰੋਕਤ ਅਕਾਲੀ ਆਗੂਆਂ ਨੇ ਕਿਹਾ ਕਿ ਸੰਤ ਜੀ ਦੀ 40 ਵੀਂ ਬਰਸੀ ਵਿਚਲੇ ਇਕੱਠ ਨੇ ਹੀ ਸਾਬਤ ਕਰਨਾ ਹੈ ਕਿ ਅਸਲ ਅਕਾਲੀ ਦਲ ਕਿਹੜਾ ਹੈ।ਅਕਾਲੀ ਆਗੂਆਂ ਨੇ ਅੱਗੇ ਕਿਹਾ ਕਿ ਜੋ ਕੁੱਝ ਅੱਜ-ਕੱਲ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਜੁੰਡਲੀ ਕਰ ਰਹੀ ਹੈ ਉਹ ਕੋਈ ਨਵੀਂ ਗੱਲ ਨਹੀ ਹੈ, ਕਿਉਂਕਿ ਕਿ ਉਹ ਤਾਂ ਇਤਹਾਸ ਨੂੰ ਦੋਹਰਾ ਰਹੇ ਹਨ। ਇਸੇ ਤਰ੍ਹਾਂ ਨਾਲ ਜਦੋ ਸਮੁੱਚੀ ਸਿੱਖ ਸੰਗਤ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਉਣਾ ਚਾਹੁੰਦੀ ਸੀ ਉਸ ਸਮੇਂ ਵੀ ਕੁੱਝ ਆਗੂਆਂ ਨੇ ਅਜਿਹਾ ਕੁੱਝ ਹੀ ਕੀਤਾ ਸੀ, ਪ੍ਰੰਤੂ ਥੋੜੇ ਸਮੇਂ ਵਿਚ ਹੀ ਉਹ ਅਕਾਲੀ ਆਗੂ ਸਿਆਸੀ ਦੰਗਲ ਤੋਂ ਲਾਂਭੇ ਹੋ ਗਏ ਸਨ। ਇਸੇ ਤਰ੍ਹਾਂ ਜਦੋ ਸਮੁੱਚੇ ਪੰਥ ਨੇ ਅਪਣਾ ਪ੍ਰਧਾਨ ਚੁਣ ਲਿਆਂ ਤਾਂ ਸੁਖਬੀਰ ਬਾਦਲ ਐਂਡ ਪਾਰਟੀ ਨੂੰ ਜਾਂ ਤਾਂ ਪੰਥ ਦੀ ਅਗਵਾਈ ਕਬੂਲਣੀ ਪਵੇਗੀ ਜਾਂ ਫਿਰ ਇਨ੍ਹਾਂ ਦਾ ਹਾਲ ਵੀ ਪਿਛਲੇ ਇਤਿਹਾਸ ਵਾਲਾ ਹੀ ਹੋਵੇਗਾ। ਇਸ ਮੀਟਿੰਗ ਨੂੰ ਸਾਬਕਾ ਲੋਕ ਸਭਾ ਮੈਂਬਰ ਰਾਜਦੇਵ ਸਿੰਘ ਖਾਲਸਾ, ਗਿਆਨੀ ਨਰੰਜਨ ਸਿੰਘ ਭੁਟਾਲ, ਗੁਰਬਚਨ ਸਿੰਘ ਬਚੀ, ਤੇਜਾ ਸਿੰਘ ਕਮਾਲਪੁਰ, ਐਸਜੀਪੀਸੀ ਮੈਂਬਰ ਮਲਕੀਤ ਸਿੰਘ ਚੰਗਾਲ, ਜਸਪਾਲ ਸਿੰਘ ਭੱਠਲ, ਰਾਮਪਾਲ ਸਿੰਘ ਬਹਿਣੀਵਾਲ, ਮੁਹੰਮਦ ਤੁਫੈਲ, ਹਰਦੇਵ ਸਿੰਘ ਰੋਗਲਾ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ, ਜਥੇਦਾਰ ਉਦੈ ਸਿੰਘ ਅਤੇ ਬਾਬੂ ਪ੍ਰਕਾਸ਼ ਚੰਦ ਗਰਗ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਮਨਵੀਰ ਸਿੰਘ ਚੈਰੀ, ਸਰਪੰਚ ਦਲਵੀਰ ਸਿੰਘ ਦੁੱਗਾਂ, ਭਾਈ ਮਹਿੰਦਰ ਸਿੰਘ ਦੁੱਲਟ, ਸਾਬਕਾ ਪ੍ਰਧਾਨ ਦਲਜੀਤ ਸਿੰਘ ਸਿੱਧੂ, ਰਮੇਸ਼ ਅਗਰਵਾਲ, ਸੁਰਜੀਤ ਸਿੰਘ ਦੁੱਲਟ, ਨੀਟੂ ਸ਼ਰਮਾ, ਬਾਬਾ ਬਿੰਦਰ ਸਿੰਘ ਕੈਬੋਵਾਲ, ਜਗਦੇਵ ਸਿੰਘ ਸਿੱਧੂ, ਗੁਰਜੰਟ ਸਿੰਘ ਦੁੱਲਟ, ਚੇਅਰਮੈਨ ਜਗਤਾਰ ਸਿੰਘ, ਵੈਦ ਮਾਲਵਿੰਦਰ ਸਿੰਘ ਮਾਲੀ, ਜਸਵਿੰਦਰ ਸਿੰਘ ਨੱਪੀ, ਮਨੋਜ਼ ਗਰਗ, ਜਥੇਦਾਰ ਮਹਿਮਾ ਸਿੰਘ, ਭਾਈ ਬਲਵਿੰਦਰ ਸਿੰਘ ਦੁੱਲਟ, ਸਰਪੰਚ ਰਾਜ ਸਿੰਘ, ਅਮਰੀਕ ਸਿੰਘ ਗਿੱਲ, ਸਰਪੰਚ ਜਰਨੈਲ ਸਿੰਘ ਭੁੱਲਰ, ਕਾਲਾ ਸਿੰਘ ਭੁੱਲਰ, ਜਥੇਦਾਰ ਜਵੰਧ ਸਿੰਘ ਭੁੱਲਰ ਪਿੰਡੀ, ਮੈਂਬਰ ਭਗਵੰਤ ਸਿੰਘ, ਜਥੇ. ਚਰਨਜੀਤ ਸਿੰਘ ਗੱਗੜਪੁਰ, ਨਾਜ਼ਰ ਸਿੰਘ ਬਲਵਾੜ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਨਿੱਜੀ ਲਾਭ ਲਈ ਮੁੰਡੇ ਨੂੰ ਲੁਕਾਉਣ ਵਾਲੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਕੇਸ ਦਰਜ

ਲੁਧਿਆਣਾ 11 ਅਗਸਤ। ਜੋਧੇਵਾਲ ਥਾਣੇ ਦੀ ਪੁਲਸ ਨੇ ਨਿੱਜੀ ਲਾਭ ਲਈ 8 ਸਾਲਾ ਲੜਕੇ ਨੂੰ ਲੁਕਾਉਣ ਵਾਲੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਔਰਤ ਮੀਨਾ ਬੇਗਮ ਪਤਨੀ ਸਿਰਾਜੁਲ ਪ੍ਰਧਾਨ ਵਾਸੀ ਨੂਰ ਐਨਕਲੇਵ ਨੂਰਵਾਲਾ ਰੋਡ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਅਤੇ ਦੱਸਿਆ ਕਿ 5 ਅਗਸਤ ਨੂੰ ਉਸ ਦਾ 8 ਸਾਲਾ ਪੁੱਤਰ ਖੇਡਣ ਲਈ ਘਰੋਂ ਬਾਹਰ ਗਿਆ ਸੀ ਅਤੇ ਵਾਪਸ ਨਹੀਂ ਆਇਆ, ਜਿਸ ਤੋਂ ਬਾਅਦ ਉਹ ਆਪਣੇ ਪੁੱਤਰ ਦੀ ਭਾਲ ਕਰਦੀ ਰਹੀ ਪਰ ਉਸ ਨੂੰ ਕਿਤੇ ਵੀ ਨਹੀਂ ਮਿਲਿਆ, ਜਿਸ ਤੋਂ ਬਾਅਦ ਪੀੜਤ ਔਰਤ ਨੇ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਕੀਤੀ।